# ਨਵੀਆਂ ਸੋਚਾਂ

ਪ੍ਰਿੰ. ਤੇਜਾ ਸਿੰਘ



# ਨਵੀਆਂ ਸੋਚਾਂ

ਪ੍ਰਿੰ. ਤੇਜਾ ਸਿੰਘ

ਲਾਹੌਰ ਬੁਕ ਸ਼ਾਪ, ਲੁਧਿਆਣਾ

1993

ਮੁੱਲ : 20/-

ਪ੍ਰਕਾਸ਼ਕ : ਸ: ਜੀਵਨ ਸਿੰਘ ਐਮ, ਏ.,
ਲਾਹੌਰ ਬੁਕ ਸ਼ਾਪ
2, ਲਾਜਪਤ ਰਾਇ ਮਾਰਕੀਟ
ਲੁਧਿਆਣਾ।

ਛਾਪਕ : ਬੀ.ਡੀ. ਪ੍ਰਿੰਟਰਜ਼
ਕੋਟ ਕਿਸ਼ਨ ਚੰਦ
ਜਲੰਧਰ।

# ਲੇਖਾਂ ਦਾ ਵੇਰਵਾ


| | | |
|---|---|---|
| ਨਵਾਂ ਜ਼ਮਾਨਾ | ... | ੫ |
| ਹੱਸਣਾ ਤੇ ਕੂਕਣਾ | ... | ੧੫ |
| ਹਾਸ-ਰਸ | ... | ੧੮ |
| ਹਾਸ-ਰਸ ਅਤੇ ਧਰਮ | ... | ੩੦ |
| ਘਰ ਦਾ ਪਿਆਰ | ... | ੩੮ |
| ਪੰਜਾਬੀ ਵਿਚ 'ਕਾਫ਼ੀ' | ... | ੪੫ |
| ਗੰਗਾ ਦੀਨ | | ੫੩ |
| ਗੁਰੂ ਨਾਨਕ ਦੇਵ ਦਾ ਦੇਸ਼ ਪਿਆਰ | ... | ੬੪ |
| ਸ਼ਹਿਰ ਦਾ ਨਲਕਾ | | ੭੦ |
| ਪ੍ਰੀਤਮ ਦਾ ਸੁਭਾਅ | ... | ੭੭ |
| ਸੱਭਿਆਚਾਰਾਂ ਦਾ ਮੇਲ | | ੮੩ |
| ਕੀ ਗੁਰੂ ਨਾਨਕ ਦੇਵ ਪੜ੍ਹੇ ਹੋਏ ਸਨ | ... | ੯੯ |
| ਖ਼ਾਲਸਾ ਕਾਲਜ ਅੰਮ੍ਰਿਤਸਰ | ... | ੧੦੬ |
| ਸਾਊਪੁਣਾ | | ੧੧੬ |
| ਵਿਹਲੀਆਂ ਗੱਲਾਂ | ... | ੧੨੮ |
| ਕਰਾਮਾਤ | ... | ੧੩੬ |

# ਨਵਾਂ ਜ਼ਮਾਨਾ

੧

ਸਭ ਤੋਂ ਪਹਿਲੀ ਗੱਲ ਜੋ ਨਵੇਂ ਜ਼ਮਾਨੇ ਦੀ ਦਿਸਦੀ ਹੈ, ਉਹ ਇਹ ਹੈ ਕਿ ਸੰਸਾਰ ਜੋ ਵੱਡਾ ਸਾਰਾ ਦਿਸਦਾ ਸੀ, ਹੁਣ ਨਿੱਕਾ ਜਿਹਾ ਭਾਸਣ ਲੱਗਾ ਹੈ। ਦੇਸ਼ ਤੇ ਕਾਲ ਦੀ ਵਿਥ ਬਹੁਤ ਘਟ ਗਈ ਹੈ। ਮਨੁੱਖਾਂ ਦੇ ਮੇਲ ਜੋਲ ਦੇ ਵਸੀਲੇ ਵਧ ਤੋਂ ਵਧ ਸੁਖੈਨ ਤੇ ਤੇਜ਼ ਹੋ ਰਹੇ ਹਨ। ਰੇਲਾਂ, ਮੋਟਰਾਂ ਤੇ ਹਵਾਈ ਜਹਾਜ਼ਾਂ ਨੇ ਦੇਸ਼ਾਂ ਅਤੇ ਮਨੁੱਖਾਂ ਦੇ ਵਿਚਕਾਰਲੀ ਵਿਥ ਬਹੁਤ ਘਟਾ ਦਿਤੀ ਹੈ। ਤਾਰ ਤੇ ਬੇਤਾਰ ਬਰਕੀ ਨੇ ਸਮੇਂ ਦੀ ਵਿਥ ਦਾ ਕਰੀਬਨ ਅਭਾਵ ਹੀ ਕਰ ਦਿਤਾ ਹੈ। ਇਸ ਮੇਲ ਜੋਲ ਦੇ ਵਧ ਜਾਣ ਨਾਲ ਕੌਮਾਂ ਦੀ ਆਪੋ ਵਿਚ ਦੀ ਵਾਕਫ਼ੀ ਤੇ ਸਾਂਝ ਬਹੁਤ ਵਧ ਗਈ ਹੈ, ਸਾਹਿੱਤ, ਬੋਲੀ ਤੇ ਖਿਆਲ ਦਾ ਵਟਾਂਦਰਾ ਮਨੁੱਖਾਂ ਦੀ ਸਮਝ, ਜਜ਼ਬੇ ਤੇ ਸਦਾਚਾਰ ਨੂੰ ਇਕੋ ਜਿਹਾ ਬਣਾ ਰਿਹਾ ਹੈ। ਇਥੋਂ ਤਕ ਕਿ ਖਾਣ ਪੀਣ, ਪਹਿਨਣ ਦੇ ਢੰਗ ਭੀ ਇਕਮਈ ਹੋ ਰਹੇ ਹਨ। ਮਨੁੱਖ ਜਾਤੀ ਇਕ-ਸਮਾਨ ਹੋ ਰਹੀ ਹੈ। ਹੁਣ ਲੋਕਾਂ ਨੂੰ ਭੂਗੋਲਕ ਅਤੇ ਨਸਲੀ ਵੰਡਾਂ ਬਹੁਤ ਚਿਰ ਅੱਡ ਨਹੀਂ ਰਖ ਸਕਣਗੀਆਂ ਅਤੇ ਨਾ ਹਕੂਮਤਾਂ ਦੇ ਅੱਡ ਪ੍ਰਬੰਧ ਲੋਕਾਂ ਦੇ ਦਿਲਾਂ ਨੂੰ ਇਕ ਦੂਜੇ ਤੋਂ ਪਾੜ ਕੇ ਰਖ ਸਕਣਗੇ, ਕਿਉਂਕਿ ਰਹਿਣੀ ਬਹਿਣੀ, ਸਦਾਚਾਰ, ਵਿਹਾਰ, ਵਿਦਿਆ ਅਤੇ ਮਾਨਸਕ ਤੇ ਆਤਮਕ ਲੋੜਾਂ ਨੇ ਭੂਗੋਲਿਕ ਅਤੇ ਪੁਲੀਟੀਕਲ ਹਦ-ਬੰਨੇ ਟੱਪ ਕੇ ਲੋਕਾਂ ਦੇ ਅੰਦਰਲੇ ਜੀਵਨ ਨੂੰ ਸਾਂਝਾ ਬਣਾ ਦਿਤਾ ਹੈ। ਹੁਣ "ਮਾਨਸ ਕੀ ਜਾਤਿ ਸਭੈ ਏਕੈ ਪਹਿਚਾਨਬੋ" ਵਾਲਾ ਹੁਕਮ ਪੂਰਾ ਹੋ ਰਿਹਾ ਹੈ।

ਮਨੁੱਖ ਜਾਤੀ ਨਿਰੀ ਇਕ-ਮਿਕ ਹੀ ਨਹੀਂ ਹੋ ਰਹੀ, ਸਗੋਂ ਸਰੀਰਕ, ਮਾਨਸਕ ਤੇ ਆਤਮਕ ਤੌਰ ਤੇ ਤਰੱਕੀ ਕਰ ਰਹੀ ਹੈ। ਚੂੰਕਿ ਇਹ ਤਰੱਕੀ ਹਰ ਥਾਂ ਇਕਸਾਰ ਨਹੀਂ ਹੋ ਰਹੀ, ਇਸ ਲਈ ਕਈ ਥਾਂਵਾਂ ਦੇ ਲੋਕ ਮੇਰੇ ਇਸ ਖ਼ਿਆਲ ਨਾਲ ਸਹਿਮਤ ਨਹੀਂ ਹੋਣਗੇ, ਪਰ ਜੇ ਸਾਰੇ ਸੰਸਾਰ ਉੱਤੇ ਸਮੁੱਚੀ ਨਜ਼ਰ ਸੁੱਟੀ ਜਾਵੇ, ਅਤੇ

ਖਾਸ ਕਰਕੇ ਉਨ੍ਹਾਂ ਦੇਸ਼ਾਂ ਨੂੰ ਦੇਖਿਆ ਜਾਵੇ ਜਿਨ੍ਹਾਂ ਨੂੰ ਨਵੇਂ ਜ਼ਮਾਨੇ ਦੀ ਹਵਾ ਲੱਗੀ ਹੈ, ਤਾਂ ਉਥੇ ਇਸ ਤਰੱਕੀ ਦੇ ਨਿਸ਼ਾਨ ਮਿਲਣਗੇ। ਮਸਲਨ ਇਗਲੈਂਡ, ਅਮਰੀਕਾ, ਫਰਾਂਸ ਆਦਿ ਮੁਲਕਾਂ ਵਿਚ ਲੋਕਾਂ ਦੀ ਸਰੀਰਕ ਰੱਖਿਆ ਦੇ ਪ੍ਰਬੰਧ ਅੱਗੇ ਨਾਲੋਂ ਬਹੁਤ ਚੰਗੇ ਹਨ ਇਸ ਲਈ ਨਾ ਕੇਵਲ ਅਰੋਗਤਾ ਵਿਚ ਉੱਨਤੀ ਹੋ ਰਹੀ ਹੈ, ਬਲਕਿ ਸਰੀਰਕ ਸੁੰਦਰਤਾ ਵਿਚ ਭੀ ਵਾਧਾ ਹੋ ਰਿਹਾ ਹੈ। ਪਿੰਡ ਦੀ ਇਕ ਸਾਧਾਰਨ ਮੁਟਿਅਰ ਆਪਣੇ ਰੂਪ ਵਿਚ ਪੁਰਾਣੇ ਜ਼ਮਾਨੇ ਦੀਆਂ ਮਸ਼ਹੂਰ ਸੁੰਦਰੀਆਂ ਨਾਲੋਂ ਬਿਹਤਰ ਹੋਵੇਗੀ। ਇਹੋ ਗੱਲ ਨੌਜਵਾਨ ਮਰਦਾਂ ਦੇ ਰੂਪ ਬਾਬਤ ਕਹਿ ਸਚਦੇ ਹਾਂ।

ਦਿਮਾਗੀ ਤੌਰ ਤੇ ਵਿਦਿਆ ਦੇ ਚਾਨਣੇ ਨੇ ਲੋਕਾਂ ਨੂੰ ਬਹੁਤ ਉੱਨਤ ਕਰ ਦਿਤਾ ਹੈ। ਨਾ ਸਿਰਫ਼ ਆਮ ਵਾਕਫੀ ਵਿਚ ਵਾਧਾ ਹੋਇਆ ਹੈ, ਸਗੋਂ ਦਿਮਾਗ ਵਧੇਰੇ ਚੁਸਤ ਅਤੇ ਛੇਤੀ ਸੋਚਣ ਵਾਲਾ ਹੋ ਗਿਆ ਹੈ। ਜਿਹੜੀ ਸੋਚ ਅੱਗੇ ਪੰਦਰਾਂ ਮਿੰਟ ਵਿਚ ਫੁਰਦੀ ਸੀ, ਉਹ ਹੁਣ ਇਕ ਮਿੰਟ ਵਿਚ ਫੁਰ ਪੈਂਦੀ ਹੈ। ਮੋਟਰ ਚਲਾਣ ਵਾਲੇ ਨੂੰ ਅੱਗੋਂ ਆਉਂਦੇ ਆਦਮੀ ਨੂੰ ਰਸਤੇ ਵਿਚੋਂ ਹਟਾਣ ਲਈ ਛੇਤੀ ਹਾਰਨ ਵਜਾਉਣਾ ਪੈਂਦਾ ਹੈ, ਅਤੇ ਮੋਟਰ ਨੂੰ ਇਧਰ ਉਧਰ ਮੋੜਨ ਲਈ ਤਟ-ਫਟ ਫੈਸਲਾ ਕਰਨਾ ਪੈਂਦਾ ਹੈ। ਅੱਗੋਂ ਹਟਣ ਵਾਲੇ ਨੂੰ ਵੀ ਫੈਸਲਾ ਕਰਨ ਲਈ ਇਕ ਦੋ ਸਕਿੰਟਾਂ ਤੋਂ ਵਧੀਕ ਸਮਾਂ ਨਹੀਂ ਮਿਲਦਾ। ਪੁਰਾਣੇ ਜ਼ਮਾਨੇ ਦਾ ਆਦਮੀ, ਜਿਸ ਦੇ ਮਨ ਨੇ ਤਰੱਕੀ ਨਹੀਂ ਕੀਤੀ, ਅਤੇ ਅਜੇ ਗੱਡੇ ਦੀ ਰਫ਼ਤਾਰ ਨਾਲ ਚਲ ਰਿਹਾ ਹੈ, ਅਜੇਹੀ ਔਕੜ ਦੇ ਵੇਲੇ ਕਈ ਸਕਿੰਟ ਸੋਚਣ ਵਿਚ ਹੀ ਲਾ ਦਿੰਦਾ ਹੈ, ਅਤੇ ਅਜੇ ਖੱਬੇ ਸੱਜੇ ਝਾਕ ਹੀ ਰਿਹਾ ਹੁੰਦਾ ਹੈ ਕਿ ਮੋਟਰ ਉਹਨੂੰ ਹੇਠਾਂ ਸੁਟ ਕੇ ਅਗਾਂਹ ਲੰਘ ਜਾਂਦੀ ਹੈ। ਸਿਨੇਮਾ ਵਿਚ ਵੀ ਅੰਗਰੇਜ਼ੀ ਮੂਰਤਾਂ ਇੰਨੀ ਛੇਤੀ ਚਲਦੀਆਂ ਹਨ ਅਤੇ ਗੱਲਾਂ ਬਾਤਾਂ ਇੰਨੀ ਕਾਹਲੀ ਨਾਲ ਹੁੰਦੀਆਂ ਹਨ ਕਿ ਅਣਹਿੱਲੇ ਦਰਸ਼ਕ ਦਾ ਮਨ ਦੌੜ ਦੌੜ ਕੇ ਹਫ਼ ਜਾਂਦਾ ਹੈ, ਪਿੱਛੇ ਰਹਿ ਜਾਂਦਾ ਹੈ। ਹਾਂ, ਹਿੰਦੁਸਤਾਨੀ ਫ਼ਿਲਮਾਂ ਵਿਚ ਆਮ ਲੋਕਾਂ ਦੀ ਦਿਮਾਗ਼ੀ ਹਾਲਤ ਦੇ ਮੁਤਾਬਿਕ ਇੱਨੀ ਛੇਤੀ ਨਹੀਂ ਵਰਤੀ ਹੁੰਦੀ। ਜੇ ਗਾਣਾ ਲੈ ਬਹਿੰਦੇ ਹਨ ਤਾਂ ਕਈ ਮਿੰਟਾਂ ਤਕ ਗਾਣਾ ਹੀ ਚਲੀ ਜਾਂਦਾ ਹੈ। ਗੱਲਾਂ ਭੀ ਲੰਮੀਆਂ ਲੰਮੀਆਂ ਲੈਕਚਰ ਸਮਾਨ ਹੁੰਦੀਆਂ ਹਨ। ਕਿਤਾਬਾਂ ਪੜ੍ਹਨ ਵਿਚ ਵੀ ਉੱਨੀ ਹੀ ਛੇਤੀ ਆ ਗਈ ਹੈ। ਚੰਗੇ ਪੜ੍ਹਨ ਵਾਲੇ ਇਕ ਇਕ ਦਿਨ ਵਿਚ ਕਈ ਪੁਸਤਕਾਂ ਮੁਕਾ ਲੈਂਦੇ ਹਨ। ਓਹ ਸਭ ਕੁਝ ਨਹੀਂ ਪੜ੍ਹਦੇ। ਅਖ਼ਬਾਰ ਜਾਂ ਕਿਤਾਬ ਦੀ ਸਾਰੀ ਲਿਖਤ ਨੂੰ ਓਹੀ ਪੜ੍ਹਦਾ ਹੈ ਜਿਸ ਦੀ ਸੋਚ ਹੌਲੀ ਹੌਲੀ ਚਲਦੀ ਹੈ,

ਕਿਉਂਕਿ ਉਸਨੂੰ ਇਤਨੀ ਸਮਝ ਨਹੀਂ ਹੁੰਦੀ ਕਿ ਮਜ਼ਮੂਨ ਦਾ ਆਲੇ ਦੁਆਲੇ ਦਾ ਖ਼ਿਆਲ ਕਰਕੇ ਬੇ-ਲੋੜੀਆਂ ਗੱਲਾਂ ਛੱਡੀ ਜਾਏ ਅਤੇ ਕੇਵਲ ਸੰਬੰਧਤ ਗੱਲਾਂ ਵਲ ਹੀ ਧਿਆਨ ਦੇਵੇ। ਚੰਗਾ ਪੜ੍ਹਿਆ ਆਦਮੀ ਤਾਂ ਕਿਸੇ ਪੈਰੇ ਨੂੰ ਸ਼ੁਰੂ ਕਰਦਿਆਂ ਹੀ ਤਾੜ ਜਾਂਦਾ ਹੈ ਕਿ ਇਸ ਵਿਚ ਕੀ ਲਿਖਿਆ ਹੈ। ਉਹ ਮਤਲਬ ਦੀ ਗੱਲ ਵਲ ਅਤੇ ਹੋਰ ਸਭ ਕੁਝ ਛੱਡੀ ਜਾਂਦਾ ਹੈ। ਇਹ ਛੱਡ ਛੱਡ ਕੇ ਪੜ੍ਹਨ ਦੀ ਜਾਚ ਵਰਤਮਾਨ ਸਮੇਂ ਦਾ ਇਕ ਵੱਡਾ ਹੁਨਰ ਹੈ। ਅਜ ਕਲ ਸਭ ਤੋਂ ਵਧ ਕੇ ਉਹ ਪੜ੍ਹਦਾ ਹੈ ਜੋ ਸਭ ਤੋਂ ਘਟ ਪੜ੍ਹਦਾ ਹੈ।

ਕਈ ਥਾਵਾਂ ਤੇ ਕਈ ਹਾਲਤਾਂ ਵਿਚ ਵਲਵਲੇ ਅਤੇ ਇਖ਼ਲਾਕ ਵਿਚ ਇੰਨਾ ਵਾਧਾ ਨਹੀਂ ਹੋਇਆ ਜਿੰਨਾ ਗਿਆਨ ਵਿਚ। ਇਸ ਦਾ ਕਾਰਨ ਇਹ ਹੈ ਕਿ ਸਾਇੰਸ ਨੇ ਥੋੜ੍ਹੇ ਮੁੱਦੇ ਵਿਚ ਹੀ ਮਨੁੱਖ ਦੇ ਦਿਮਾਗ਼ ਵਿਚ ਇੰਨੇ ਨਵੇਂ ਵਾਕਿਆਤ ਭਰ ਦਿਤੇ ਹੋਨ ਕਿ ਉਨ੍ਹਾਂ ਵਾਕਿਆਤਾਂ ਨੂੰ ਮਨੁੱਖਾਂ ਦਾ ਵਲਵਲਾ ਤੇ ਇਖ਼ਲਾਕੀ ਬਿਰਤੀ ਸੰਭਾਲ ਨਹੀਂ ਸਕੀ ਅਤੇ ਨਾ ਹੀ ਪੂਰੀ ਤਰ੍ਹਾਂ ਹਜ਼ਮ ਕਰ ਕੇ ਆਪਣੇ ਆਚਰਣ ਦਾ ਹਿੱਸਾ ਬਣਾ ਸਕੀ ਹੈ। ਗਿਆਨ ਵਧ ਵਧ ਕੇ ਬਹੁਤ ਅਗਾਂਹ ਲੰਘ ਗਿਆ ਹੈ, ਅਤੇ ਧਰਮ ਅਤੇ ਸਦਾਚਾਰ ਨੂੰ ਨਾਲ ਨਹੀਂ ਲਿਜਾ ਸਕਿਆ, ਜਿਵੇਂ ਯੂਰਪ ਵਿਚ ਯਹੂਦੀਆਂ ਨਾਲ ਹੋ ਰਹੀ ਬਦ-ਸਲੂਕੀ ਜਾਂ ਰਾਜਸੀ ਲਾਲਚ ਦੇ ਪਿੱਛੇ ਆਪਣੇ ਦਿੱਤੇ ਪ੍ਰਣ ਉਤੇ ਕਾਇਮ ਨਾ ਰਹਿਣ ਵਾਲੀ ਹਿਟਲਰੀ ਪਾਲਸੀ। ਪ੍ਰੰਤੂ ਇਹ ਪਿਛਾਂਹ ਖਿਚੂ ਪਾਲਿਸੀਆਂ ਕੁਝ ਚਿਰ ਲਈ ਚਲਣਗੀਆਂ, ਅਤੇ ਅਗਾਂਹ ਵਧ ਰਹੀ ਸਭਿੱਅਤਾ ਦੀ ਰੌ ਨੂੰ ਨਹੀਂ ਰੋਕ ਸਕਣਕੀਆਂ। ਸਭਿੱਤਾ ਦੀ ਰੌ ਅਗਾਂਹ ਵਧ ਰਹੀ ਹੈ, ਜਿਸ ਦਾ ਪ੍ਰਤੱਖ ਸੁਬੂਤ ਮਨੱਖੀ ਹਿਰਦੇ ਦੀ ਵਧ ਰਹੀ ਕੋਮਲਤਾ ਹੈ। ਮਨੁੱਖ ਦਾ ਦਿਲ ਅੱਗੇ ਨਾਲੋਂ ਵਧੇਰੇ ਬਰੀਕ ਹੋ ਰਿਹਾ ਹੈ, ਇਸ ਦਾ ਇਹਸਾਸ ਕੋਮਲ ਹੋ ਗਿਆ ਹੈ। ਅੱਗੇ ਬੰਗ਼ਾਲ ਦੇ ਫਤ੍ਹੇ ਹੋਣ ਵੇਲੇ ਨਾਲ ਦੇ ਸੂਬੇ ਅਵਧ ਜਾਂ ਮਦਰਾਸ ਨੂੰ ਕੋਈ ਪਤਾ ਨਹੀਂ ਸੀ ਲਗਦਾ, ਸਗੋਂ ਮਦਰਾਸੀਆਂ ਨੂੰ ਨਾਲ ਲੈ ਕੇ ਬੰਗਾਲ ਫਤ੍ਹੇ ਕਰ ਲੈਂਦੇ ਸਨ, ਜਾਂ ਪੂਰਬੀਆਂ ਨੂੰ ਨਾਲ ਲੈ ਕੇ ਪੰਜਾਬ ਫਤ੍ਹੇ ਕਰ ਲੈਂਦੇ ਸਨ, ਪਰ ਲੋਕਾਂ ਨੂੰ ਇਕ ਦੂਜੇ ਦੇ ਦੇਸ਼ਭਾਈ ਹੋਣ ਦਾ ਖ਼ਿਆਲ ਤਕ ਨਹੀਂ ਸੀ ਆਉਂਦਾ। ਹੁਣ ਫ਼ਲਸਤੀਨ, ਫਿਨਲੈਂਡ, ਚੀਨ ਜਾਂ ਐਬੀਸੀਨੀਆਂ ਦੇ ਲੋਕਾਂ ਦੇ ਦੁਖੜੇ ਸੁਣ ਸੁਣ ਕੇ ਪੰਜਾਬੀਆਂ ਅਤੇ ਬੰਗਾਲੀਆਂ ਦੇ ਦਿਲ ਪਏ ਪੰਘਰਦੇ ਹਨ। ਸਭਿੱਤਾ ਦੀ ਉੱਨਤੀ ਇਸ ਗੱਲ ਤੋਂ ਨਹੀਂ ਮਿਲਣੀ ਚਾਹੀਦੀ ਕਿ ਕੌਮਾਂਤ੍ਰੀ ਲੀਗ ਜਾਂ ਸੰਮਿਲਤ ਕੌਮੀ ਜਥੇਬੰਦੀ

(U. N. O.) ਨੇ ਅਮੁੱਕਾ ਜੰਗ ਰੋਕਿਆ ਕਿ ਨਹੀਂ, ਸਗੋਂ ਇਸ ਗੱਲ ਤੋਂ ਜਾਚਣੀ ਚਾਹੀਦੀ ਹੈ ਕਿ ਆਮ ਲੋਕਾਂ ਦੇ ਦਿਲ ਕਿਸੇ ਬੇਇਨਸਾਫੀ ਨੂੰ ਦੇਖ ਕੇ ਕਿਤਨੇ ਕੁ ਤੜਫਦੇ ਹਨ। ਇਹ ਪ੍ਰਤੱਖ ਹੈ ਕਿ ਮਨੁੱਖੀ ਦਿਲ ਦਾ ਵਲਵਲਾ ਤੇ ਇਖ਼ਲਾਕੀ ਇਹਸਾਸ ਬਹੁਤ ਕੋਮਲ ਹੋ ਗਿਆ ਹੈ। ਸੜਕਾਂ ਦੀ ਸੇਧ ਜਾਂ ਪੱਧਰ ਦੇ ਵਿੰਗ, ਮਕਾਨਾਂ ਦਾ ਕੋਝਪੁਣਾ, ਹਰਿਆਵਲ ਦੀ ਅਣਹੋਂਦ ਇੰਨੀ ਦੁਖਦਾਈ ਹੁੰਦੀ ਹੈ ਜਿੰਨੀ ਕਿ ਗੰਦਗੀ ਦੀ ਢੇਰੀ। ਰਹਿਣੀ ਬਹਿਣੀ ਵਿਚ ਸਫ਼ਾਈ, ਚੁਸਤੀ ਸੁਚੱਜਤਾ ਵਧੇਰੇ ਹੈ। ਸ਼ਰਾਫ਼ਤ ਇਸ ਸਮੇਂ ਦਾ ਖਾਸ ਗੁਣ ਹੈ। ਇਸ ਇਹਸਾਸ ਵਿੱਚ ਇੰਨੀ ਕੋਮਲਤਾ ਆ ਗਈ ਹੈ ਕਿ ਹੁਣ ਬਾਦਸ਼ਾਹ ਭੀ ਆਪਣੇ ਵਲੋਂ ਮਾਂ ਬਦੌਲਤ, 'ਹਮ' ਆਦਿ ਲਫ਼ਜ਼ ਵਰਤਣ ਤੋਂ ਸੰਕੋਚ ਕਰਦੇ ਹਨ। ਅੱਗੇ ਤਾਂ ਵੱਡੇ ਵੱਡੇ ਮਹਾਤਮਾ, ਅਵਤਾਰ ਤੇ ਪੀਰ ਪੈਗੰਬਰ ਆਪਣੇ ਆਪ ਨੂੰ ਖਾਸ ਅਧਿਕਾਰੀ ਮਨ ਕੇ ਆਮ ਲੋਕਾਂ ਨੂੰ ਹਾਕਮਾਨਾਂ ਲਹਿਜੇ ਵਿਚ ਆਗਿਆ ਕਰਦੇ ਹਨ ਅਤੇ ਐਹੋ ਜਹੀ ਬੋਲੀ ਵਰਤਦੇ ਸਨ : "ਹੇ ਥਕੇ ਮਾਂਦੇ ਲੋਕੋ ! ਮੇਰੇ ਪਾਸ ਆਓ, ਮੈਂ ਤੁਹਾਨੂੰ ਜ਼ਿੰਦਗੀ ਦਾ ਪਾਣੀ ਦੇਵਾਂਗਾ। ਸਾਰੇ ਰਸਤੇ ਮੇਰੇ ਵਲ ਲਿਆਉਂਦੇ ਹਨ।" ਇਹੋ ਜਹੇ ਲਫ਼ਜ਼ ਅਜ ਕਲ ਦੀ ਵਧੀ ਹੋਈ ਸਭਿਅਤਾ ਦੇ ਅਨਕੂਲ ਨਹੀਂ, ਕਿਉਂਕਿ ਇਨ੍ਹਾਂ ਵਿਚ ਉਹ ਬਰੀਕ ਜਹੀ ਨਿਮਰਤਾ ਨਹੀਂ ਜੋ ਇਕ ਉੱਚੀ ਸ਼ਰਾਫ਼ਤ ਵਾਲੇ ਜੈਂਟਲਮੈਨ ਵਿਚ ਹੋਣੀ ਚਾਹੀਦੀ ਹੈ। ਨੇਕੀ ਦਾ ਭਾਵ ਬਹੁਤ ਕੋਮਲ ਹੋ ਗਿਆ ਹੈ, ਅਤੇ ਨਾਲ ਹੀ ਇਸ ਦੀ ਪਰਖ ਦਾ ਮਿਆਰ ਭੀ ਉੱਚਾ ਹੋ ਗਿਆ ਹੈ, ਜਿਸ ਨਾਲ ਦਿਆਨਤ-ਦਾਰੀ ਅਤੇ ਪਬਲਕ ਆਚਰਣ ਦੇ ਨੇਮਾਂ ਦੀ ਜ਼ਰਾ ਜਿੱਨੀ ਉਲੰਘਣਾ ਭੀ ਝਟ ਪਟ ਪ੍ਰਤੀਤ ਹੋ ਜਾਂਦੀ ਹੈ। ਜੰਗਾ ਕਰਨਾ ਅਜੇ ਨਾਮੁਮਕਨ ਤਾਂ ਨਹੀਂ ਹੋ ਗਿਆ, ਪਰ ਜੰਗ ਕਰਨ ਵੇਲੇ ਹਰ ਇਕ ਧਿਰ ਇਸ ਨੂੰ ਬੁਰਾ ਸਮਝ ਕੇ ਇਸ ਦੀ ਜ਼ਿੰਮੇਵਾਰੀ ਲੈਣ ਤੋਂ ਕੰਨੀ ਕਤਰਾਂਦੀ ਹੈ। ਅੱਗੇ ਉਹ ਜ਼ਮਾਨਾ ਸੀ ਕਿ ਬਾਬਰ ਜਹੇ ਭਲੇਮਾਣਸ ਭੀ ਤਲਵਾਰ ਲੈ ਕੇ ਕਿਸੇ ਹੋਰ ਦੇਸ਼ ਉਤੇ ਹਮਲਾ ਕਰਨ ਨੂੰ ਮਰਦਾਨਗੀ ਸਮਝਦੇ ਸਨ ਬਲਕਿ 'ਸੁਲਤਾਨ' ਅਖਵਾ ਹੀ ਉਹ ਸਕਦਾ ਸੀ ਜੋ ਤਲਵਾਰ ਦੇ ਜ਼ੋਰ ਨਾਲ ਕਿਸੇ ਮੁਲਕ ਨੂੰ ਨਿਵਾ ਲਵੇ। ਹੁਣ ਹਿਟਲਰ ਭੀ ਕਹਿੰਦਾ ਸੀ ਕਿ ਤਲਵਾਰ ਮੇਰੇ ਹੱਥ ਵਿਚ ਧੀਂਗੋ-ਜ਼ੋਰੀ ਦੂਜੀ ਧਿਰ ਨੇ ਫੜਾਈ ਹੈ। ਇਹ ਗੱਲ ਆਖਣ ਵਿਚ ਭਾਵੇਂ ਉਸ ਦੀ ਨੀਅਤ ਠੀਕ ਨਹੀਂ ਸੀ, ਪਰ ਤਲਵਾਰ ਉਠਾਉਣ ਦੀ ਜ਼ਿੰਮੇਵਾਰੀ ਨੂੰ ਤਾਂ ਉਹ ਮਾੜਾ ਹੀ ਮੰਨਦਾ ਸੀ। ਇਹ ਗਲ ਕਰੀਬਨ ਹਰ ਇਕ ਮੁਹੱਜ਼ਬ ਦੇਸ਼ ਮੰਨ ਗਿਆ ਹੈ ਕਿ ਕਿਸੇ

ਕੌਮ ਉਤੇ ਉਸ ਦੀ ਮਰਜ਼ੀ ਦੇ ਵਿਰੁੱਧ ਕਿਸੇ ਹੋਰ ਕੌਮ ਦਾ ਰਾਜ ਕਰਨਾ ਠੀਕ ਨਹੀਂ। ਸੰਮਿਲਤ ਕੌਮੀ ਜੱਥੇਬੰਦੀ ਦਾ ਬਣਨਾ ਹੀ ਦਸਦਾ ਹੈ ਕਿ ਸੰਸਾਰ ਦੀਆਂ ਆਗੂ ਕੌਮਾਂ ਜੰਗ ਦੇ ਖਿਆਲ ਨੂੰ ਬੁਰਾ ਸਮਝਣ ਲਗ ਪਈਆਂ ਹਨ, ਅਤੇ ਆਪੋ ਵਿਚ ਦੇ ਝਗੜਿਆਂ ਨੂੰ ਪ੍ਰਸਪਰ ਵਿਚਾਰ ਅਤੇ ਗੱਲ ਬਾਤ ਦੇ ਰਾਹੀਂ ਨਿਪਟਾਣ ਨੂੰ ਚੰਗਾ ਸਮਝਣ ਲਗ ਪਈਆਂ ਹਨ। ਕੌਮਾਂਤਰੀ ਲੀਗ ਦੀ ਕਨਵੈਂਟ ਦੇ ਨੇਮ ੨੨ ਦੇ ਅਨੁਸਾਰ ਕਿਸੇ ਕੌਮ ਨੂੰ ਦੂਜੀ ਕੌਮ ਉਤੇ ਰਾਜ ਕਰਨ ਦਾ ਮੈਂਡੇਟ (ਅਧਿਕਾਰ) ਮਹਕੂਮ ਕੌਮ ਦੀ ਮਰਜ਼ੀ ਨਾਲ ਹੀ ਮਿਲ ਸਕਦਾ ਹੈ।

ਰਾਜ-ਪ੍ਰਬੰਧ ਦੇ ਤਰੀਕਿਆਂ ਵਿਚ ਭੀ ਇਹ ਬਿਹਤਰੀ ਹੋ ਗਈ ਹੈ ਕਿ ਅੱਗੇ ਸਾਰੇ ਰਾਜ ਦੀ ਤਾਕਤ ਤੇ ਆਮਦਨੀ ਇਕ ਰਾਜੇ ਦੀ ਪਾਲਨਾ ਅਤੇ ਉਸ ਦੇ ਐਸ਼ ਆਰਾਮ ਵਾਸਤੇ ਖਰਚ ਹੁੰਦੀ ਸੀ ਅਤੇ ਇਸ ਗੱਲ ਦਾ ਪ੍ਰਬੰਧ ਨਹੀਂ ਸੀ ਹੁੰਦਾ ਕਿ ਉਹ ਲੋਕਾਂ ਦਾ ਭਲਾ ਸੋਚੇ, ਪਰ ਹੁਣ ਰਾਜ-ਪ੍ਰਬੰਧ ਦਾ ਮੁਖ ਮੰਤਵ ਲੋਕਾਂ ਦਾ ਭਲਾ ਤੇ ਆਰਾਮ ਹੁੰਦਾ ਹੈ।

ਇਹ ਸਾਰੀਆਂ ਗੱਲਾਂ ਦਸਦੀਆਂ ਹਨ ਕਿ ਦੁਨੀਆਂ ਸਮੁਚੇ ਤੌਰ ਤੇ ਉੱਨਤੀ ਵਲ ਜਾ ਰਹੀ ਹੈ। ਸਤਿਜੁਗ ਪਿਛੇ ਨਹੀਂ ਸੀ, ਅੱਗੋਂ ਆਉਣ ਵਾਲਾ ਹੈ, ਸ਼ਾਇਦ ਕਦੀ ਭੀ ਨਾ ਆਵੇ, ਪਰ ਘਟ ਤੋਂ ਘਟ ਇਹ ਗੱਲ ਨਿਸਚੇ ਹੈ ਕਿ ਸਤਿਜੁਗ ਪਿਛੇ ਨਹੀਂ ਸੀ। ਹੌਲੀ ਹੌਲੀ ਦੁਨੀਆਂਦਾਰੀ ਚੰਗੇਰੀ ਤੋਂ ਚੰਗੇਰੀ ਹੋ ਰਹੀ ਹੈ।

## ੨

ਸਭ ਤੋਂ ਚੰਗੀ ਗੱਲ ਜੋ ਵਰਤਮਾਨ ਸਭਿੱਤਾ ਲਿਖਦੀ ਹੈ ਉਹ ਦਿਮਾਗੀ ਨਿਮਰਤਾ ਹੈ! ਮਨੁੱਖ ਵਿਚ ਜਿਤਨੀ ਸਮਝ ਥੋੜ੍ਹੀ ਹੁੰਦੀ ਹੈ, ਉਤਨਾ ਹੀ ਉਸ ਵਿਚ ਆਪਣੀ ਰਾਏ ਦਾ ਹੱਠ ਜਾਂ ਗੁਮਾਨ ਹੋਵੇਗਾ, ਅਤੇ ਜਿਤਨਾ ਗਿਆਨ ਵਧੇਰੇ ਹੋਵੇਗਾ ਉਤਨੀ ਹੀ ਆਪਣੀ ਰਾਏ ਉਤੇ ਜ਼ੋਰ ਦੇਣ ਵਿਚ ਝਿਜਕ ਹੋਵੇਗੀ।

ਪੁਰਾਣੇ ਜ਼ਮਾਨੇ ਦੇ ਲੋਕਾਂ ਵਿਚ ਇਕ ਦਿਮਾਗ਼ੀ ਹੱਠ ਹੁੰਦਾ ਸੀ, ਜਿਸ ਨੂੰ ਅੰਗਰੇਜ਼ੀ ਵਿਚ dogmatism ਕਹਿੰਦੇ ਹਨ। ਉਸ ਨੂੰ ਹਰ ਇਕ ਚੀਜ਼ ਨੂੰ ਹੋਰਨਾਂ ਤੋਂ ਨਿਖੇੜ ਕੇ ਪੱਕੀ ਤਰ੍ਹਾਂ ਵੰਡੀਆਂ ਪਾਉਣ ਦੀ ਆਦਤ ਸੀ। ਉਨ੍ਹਾਂ ਦੇ ਵਿਚ ਕਾਲੇ ਨਿਰੇ ਕਾਲੇ ਤੇ ਚਿੱਟੇ ਨਿਰੇ ਚਿੱਟੇ ਹੁੰਦੇ ਸਨ। ਉਨ੍ਹਾਂ ਵਿਚ ਸ਼ੱਕ ਦੀ ਕੋਈ ਗੁੰਜਾਇਸ਼

ਨਹੀਂ ਹੁੰਦੀ ਸੀ। ਜਿਥੇ ਕੁਝ ਭੀ ਨਾ ਪਤਾ ਹੋਵੇ, ਉਥੇ ਭੀ ਦ੍ਰਿੜ੍ਹ ਕਰਕੇ ਕਹਿਣ ਦੀ ਸਮਰੱਥਾ ਸੀ ਕਿ ਇਹ ਗੱਲ ਇਉਂ ਹੈ ਤੇ ਇਉਂ ਨਹੀਂ। ਜੇ ਸ੍ਰਿਸ਼ਟੀ ਦੀ ਰਚਨਾ ਦਾ ਢਂਗ ਜਾਂ ਸਮਾਂ ਨਾ ਭੀ ਪਤਾ ਹੋਵੇ, ਤਾਂ ਭੀ ਅਡੋਲ ਹੀ ਕਹਿ ਦਿੰਦੇ ਸਨ ਕਿ ਸ੍ਰਿਸ਼ਟੀ ਇਉਂ ਬਣੀ ਅਤੇ ਇਸ ਨੂੰ ਬਣਿਆਂ ਇਤਨੇ ਅਰਬ, ਇਤਨੇ ਕਰੋੜ, ਇਤਨੇ ਲੱਖ, ਇਤਨੇ ਹਜ਼ਾਰ, ਇਤਨੇ ਸੌ ਤੇ ਇਤਨੇ ਸਾਲ ਹੋਏ ਹਨ। ਬਲਕਿ ਈਸਾਈਆਂ ਦੀ ਪੁਸਤਕ ਵਿਚ ਰਚਨਾ ਦਾ ਸਮਾਂ ਈਸਾ ਤੋਂ ੪੦੦੪ ਸਾਲ ਪਹਿਲੋਂ ਦਸਿਆ ਹੈ। ਕਈ ਤਾਂ ਉਸ ਸੰਨ ਦੇ ੧੧ ਨਵੰਬਰ ਦੇ ੧੧ ਵਜੇ ਦਿਨ ਦੇ ਸ੍ਰਿਸ਼ਟੀ ਰਚਨਾ ਸਮਾਂ ਦਸਦੇ ਹਨ। ਉਨ੍ਹ ਨੂੰ ਇਹ ਗੱਲ ਮੰਨਣ ਤੋਂ ਸੰਗ ਆਉਂਦੀ ਸੀ ਕਿ "ਜਾਂ ਕਰਤਾ ਸਿਰਠੀ ਕਉ ਸਾਜੇ ਆਪੇ ਜਾਣੈ ਸੋਈ।" "ਆਪੁ ਆਪਨੀ ਬੁਧਿ ਹੈ ਜੇਤੀ। ਬਰਨਤ ਭਿੰਨ-ਭਿੰਨ ਤੁਹਿ ਤੇਤੀ। ਤੁਮਰਾ ਲਖਾ ਨ ਜਾਇ ਪਸਾਰਾ। ਕਿਹ ਬਿਧ ਸਜਾ ਪ੍ਰਥਮ ਸੰਸਾਰਾ।"

ਇਸੇ ਤਰ੍ਹਾਂ ਹੁਨਰ ਵਿਚ ਰੰਗਾਂ ਦੀ ਵਰਤੋਂ ਕਰਨ ਲੱਗਿਆਂ ਹਰ ਇਕ ਚੀਜ਼ ਦਾ ਆਪੋ ਆਪਣਾ ਰੰਗ ਬੱਧਾ ਹੋਇਆ ਸੀ। ਮੂੰਹ ਲਾਲ ਜਾਂ ਗੰਦਮੀ, ਵਾਲ ਕਾਲੇ, ਕਪੜੇ ਹਰੇ, ਪੀਲੇ ਜਾਂ ਕਿਸੇ ਹੋਰ ਖਾਸ ਰੰਗ ਦੇ ਚਿਤਰਦੇ ਸਨ। ਰੰਗਾਂ ਦੀ ਮਿਲਾਵਟ ਦਾ ਕੋਈ ਖਿਆਲ ਨਹੀਂ ਸੀ। ਇਹ ਨਹੀਂ ਸੀ ਪਤਾ ਕਿ ਇਕ ਇਕ ਰੰਗ ਹੌਲੀ ਹੌਲੀ ਦੂਜੇ ਰੰਗ ਵਿਚ ਰਲਦਾ ਜਾਂਦਾ ਹੈ। ਸ਼ਾਮ ਦੇ ਵੇਲੇ ਪਹਾੜਾਂ ਦੇ ਰੰਗ ਵਿਚ ਜਿਥੇ ਲਹਿੰਦੇ ਸੂਰਜ ਦੀ ਪੀਲਤੱਣ ਹੈ, ਉਥੇ ਆਉਂਦੀ ਰਾਤ ਦੀ ਕਲੱਤਣ ਤੇ ਪੌਦਿਆਂ ਦੇ ਹਰੇਪਣ ਦੀ ਸਬਜ਼ੀ ਭੀ ਸ਼ਾਮਲ ਹੈ, ਕੁਝ ਕੁਝ ਗਗਨਾਂ ਦੀ ਲੀਲੱਤਣ ਵੀ ਝਲਕਾਰੇ ਮਾਰਦੀ ਹੈ, ਅਤੇ ਧਰਤੀ ਦੀ ਗੁਲਾਬੀ ਭਾਹ ਭੀ ਸ਼ਾਮਲ ਹੈ।

ਇਸੇ ਤਰ੍ਹਾਂ ਫ਼ਲਸਫ਼ੇ ਵਿਚ ਮਨ ਨੂੰ ਚੇਤੰਨ ਅਤੇ ਮਾਦਾ ਨੂੰ ਨਿਰੋਲ ਜੋੜ ਕਰਕੇ ਨਿਖੇੜਿਆ ਹੋਇਆ ਸੀ। ਇਹ ਨਹੀਂ ਸੀ ਪਤਾ ਕਿ ਮਾਦਾ ਵਿਚ ਮਨ ਦੀਆਂ ਕੁਝ ਸ਼ਕਤੀਆਂ ਵਿਆਪਕ ਹਨ, ਅਤੇ ਪ੍ਰਕ੍ਰਿਤੀ ਦੇ ਤੱਤਾਂ ਵਿਚੋਂ ਹੀ ਮਨ ਉਸਰਦਾ ਹੈ, ਭਾਵੇਂ ਇਸ ਉਸਾਰੇ ਦੇ ਉਤਲੇ ਸਿਰੇ ਹਰੀ ਦੀ ਜੋਤ ਨਾਲ ਪ੍ਰਜੁਲਿਤ ਹੋ ਕੇ ਜੋਤ ਸਰੂਪ ਹੋ ਜਾਂਦੇ ਹਨ। ਇਸੇ ਲਈ ਜਿਥੇ ਇਹ ਕਿਹਾ ਹੈ ਕਿ "ਮਨ ਤੂੰ ਜੋਤਿ ਸਰੂਪ ਹੈ" (ਆਸਾ ਮ: ੩), ਉਥੇ ਮਨ ਬਾਬਤ ਇਹ ਭੀ ਕਿਹਾ ਜਾਂਦਾ ਹੈ :

"ਇਹੁ ਮਨੁ ਕਰਮਾ ਇਹੁ ਮਨੁ ਧਰਮਾ । ਇਹੁ ਮਨੁ ਪੰਚ ਤਤੁ ਤੇ ਜਨਮਾ" (ਆਸਾ ਮ: ੧) । ਇਸ ਨੂੰ "ਪੰਚਭੂ-ਆਤਮਾ" ਭੀ ਕਿਹਾ ਹੈ ।

ਮਨੁੱਖ ਦੇ ਆਚਰਣ ਬਾਬਤ ਭੀ ਇਵੇਂ ਹੀ ਵੰਡ ਕੀਤੀ ਹੁੰਦੀ ਸੀ । ਚੰਗਿਆਂ ਵਿਚ ਕੋਈ ਹੁਕਮ ਨਹੀਂ ਮੰਨਦੇ ਤੇ ਮੰਦਿਆਂ ਵਿਚ ਕੋਈ ਚੰਗਿਆਈ ਨਹੀਂ ਸੀ ਦੇਖਦੇ । ਇਹ ਨਹੀਂ ਸੀ ਪਤਾ ਕਿ ਚੰਗਾ ਆਦਮੀ ਮਨੁੱਖ ਹੋਣ ਕਰਕੇ ਜ਼ਰੂਰ ਕਿਧਰੇ ਨਾ ਕਿਧਰੇ ਭੁਲ ਕਰ ਹੀ ਬੈਠਦਾ ਹੈ, ਅਤੇ ਮੰਦਾ ਆਦਮੀ ਭਾਵੇਂ ਕਿੰਨਾ ਮੰਦਾ ਹੋਵੇ, ਉਸਦੇ ਅੰਦਰ ਨੇਕੀ ਦੀ ਅੰਸ਼ ਜ਼ਰੂਰ ਬਾਕੀ ਹੁੰਦੀ ਹੈ, ਕਿਉਂਕਿ ਉਹ ਚੰਗੇ ਰੱਬ ਦਾ ਬਣਾਇਆ ਹੋਇਆ ਹੈ, ਸ਼ੈਤਾਨ ਦਾ ਨਹੀਂ । ਉਹ 'ਰਾਮ' ਦੀ ਅੰਸ਼ ਹੋਣ ਕਰਕੇ ਜ਼ਰੂਰ ਨੇਕੀ ਦੇ ਭਾਵ ਰਖਦਾ ਹੈ । ਚੋਰ ਤੇ ਡਾਕੂ ਵੀ, ਜੋ ਕਿਸੇ ਨਾਲ ਧੋਖਾ ਕਰਨ ਦੇ ਆਹਰ ਵਿਚ ਹੈ, ਆਪਣੇ ਪੁੱਤਰ ਨੂੰ ਪਿਆਰ ਕਰਦਾ ਹੈ; ਅਤੇ ਉਸ ਦੇ ਦਿਲ ਅੰਦਰ ਆਪਣੇ ਪੁੱਤਰ ਲਈ ਕੁਰਬਾਨੀ ਦਾ ਭਾਵ ਮੌਜੂਦ ਹੈ । ਇਹੋ ਕੁਰਬਾਨੀ ਤੇ ਪਿਆਰ ਦਾ ਭਾਵ ਉਸ ਦੇ ਦਿਲ ਦੀਆਂ ਡੂੰਘਾ-ਈਆਂ ਵਿਚ ਕੰਮ ਕਰਦਾ ਕਿਸੇ ਵੇਲੇ ਬਾਹਰ ਭੀ ਆ ਨਿਕਲਦਾ ਅਤੇ ਉਪਕਾਰ ਦੀ ਸ਼ਕਲ ਫੜ ਲੈਂਦਾ ਹੈ । ਜ਼ਿੰਦਗੀ ਇਕ ਰਲ-ਮਿਲਵੀਂ ਖੇਡ ਹੈ । ਇਸ ਵਿਚ ਮੰਦੇ ਦੀ ਪਛਾਣ ਇਤਨੀ ਸੌਖੀ ਤੇ ਸਪੱਸ਼ਟ ਨਹੀਂ, ਜਿਤਨੀ ਕਿ ਲੋਕੀਂ ਸਮਝਦੇ ਸਨ । ਨਵੇਂ ਜ਼ਮਾਨੇ ਦਾ ਖਾਸਾ ਹੀ ਇਹ ਹੈ ਕਿ ਮਨੁੱਖੀ ਆਚਰਣ ਦੀਆਂ ਔਕੜਾਂ ਤੇ ਗੁੰਝਲਾਂ ਨੂੰ ਸਮਝ ਕੇ ਵਰਤੋਂ ਕੀਤੀ ਜਾਵੇ, ਤੇ ਛੇਤੀ ਛੇਤੀ ਫਤਵੇ ਲਾਣ ਤੋਂ ਸੰਕੋਚ ਕੀਤੀ ਜਾਵੇ ।

ਇਸ ਨਵੇਂ ਜ਼ਮਾਨੇ ਦੀ ਵੰਡ ਤੋਂ ਵੱਡੀ ਲੱਭਤ ਮਨੁੱਖਤਾ ਦੀ ਕਦਰ ਹੈ । ਅੱਗੇ ਸੰਸਾਰ ਵਿਚ ਵਡਿਆਈ ਕਰਾਮਾਤੀ ਪੁਰਸ਼ਾਂ ਜਾਂ ਅਵਤਾਰਾਂ ਦੀ ਹੁੰਦੀ ਸੀ । ਜਿਹੜਾ ਮਨੁੱਖ ਵੀ ਕਿਸੇ ਵੱਡੇ ਕੰਮ ਲਈ ਉੱਘਾ ਹੁੰਦਾ, ਓਸ ਨੂੰ ਲੋਕ ਮਨੁੱਖਤਾ ਦੇ ਦਰਜੇ ਤੋਂ ਉਚਿਆ ਕੇ ਅਵਤਾਰ ਜਾਂ ਸਾਖਿਆਤ ਰੱਬ ਮੰਨਣ ਲਗ ਪੈਂਦੇ ਸਨ । ਮਨੁੱਖ ਨੂੰ ਮਨੁੱਖ ਦੇ ਤੌਰ ਤੇ ਉੱਚਾ ਨਹੀਂ ਸਨ ਮੰਨਦੇ । ਇਤਿਹਾਸ ਵਿਚ ਕਈ ਮਿਸਾਲਾਂ ਮਿਲਦੀਆਂ ਹਨ ਜਿਨ੍ਹਾਂ ਤੋਂ ਇਹ ਮਾਲੂਮ ਹੁੰਦਾ ਹੈ ਕਿ ਕਈ ਨੀਚ ਜਾਤਿ ਦੇ ਲੋਕ ਭੀ ਉੱਚੇ ਮੰਨੇ ਗਏ । ਭੀਲਣੀ ਦੇ ਜੂਠੇ ਬੇਰ ਸ੍ਰੀ ਰਾਮ ਚੰਦਰ ਨੇ ਖਾਧੇ । ਕਬੀਰ ਜੁਲਾਹਿਆ; ਨਾਮਦੇਵ ਛੀਂਬਾ, ਰਵਿਦਾਸ ਚਮਾਰ ਆਦਿ

ਨਿੱਕੀਆਂ ਜਾਤਾਂ ਵਾਲੇ ਵੱਡੇ ਮੰਨੇ ਗਏ । ਪਰ ਇਨ੍ਹਾਂ ਮਿਸਾਲਾਂ ਵਿਚ ਕਸਰ ਇਹ ਰਹਿ ਜਾਂਦੀ ਸੀ ਕਿ ਇਹ ਭਗਤ ਲੋਕ ਭਗਤੀ ਕਰਕੇ ਉੱਚੇ ਹੋਏ, ਉਹ ਇਸ ਲਈ ਕਦਰ ਦੇ ਯੋਗ ਹੋਏ ਕਿ ਉਨ੍ਹਾਂ ਦੇ ਅੰਦਰ ਕਦਰ ਦੇ ਯੋਗ ਰੱਬ ਸੀ। ਜੁਲਾਹਿਆਂ ਵਿਚੋਂ ਕੇਵਲ ਕਬੀਰ ਹੀ ਉੱਚਾ ਮੰਨਿਆ ਗਿਆ, ਹੋਰ ਜੁਲਾਹੇ ਨੀਵੇਂ ਹੀ ਰਹੇ। ਚਮਾਰਾਂ ਵਿਚੋਂ ਕੇਵਲ ਰਵਿਦਾਸ ਹੀ ਇੱਜ਼ਤ ਦੇ ਲਾਇਕ ਬਣਿਆ। ਰਵਿਦਾਸ ਆਪ ਬੜੇ ਫ਼ਖਰ ਨਾਲ ਕਹਿੰਦਾ ਹੈ ਕਿ ਦੇਖੋ ਭਗਤੀ ਦੇ ਕਾਰਣ ਮੈਨੂੰ ਲੋਕ ਹੁਣ ਇਤਨਾ ਉੱਚਾ ਮੰਨਦੇ ਹਨ ਕਿ 'ਅਚਾਰ ਸਹਿਤ ਬਿਪ੍ਰ ਕਰਹਿ ਡੰਡਵਤਿ' ਵੱਡੇ ਵੱਡੇ ਬ੍ਰਾਹਮਣ ਆ ਕੇ ਵਿਧੀ ਸਹਿਤ ਮੇਰੇ ਅੱਗੇ ਨਿਊਂਦੇ ਹਨ, ਪਰ ਮੇਰੇ ਨਾਲ ਦੇ ਚਮਾਰ ਅਜੇ ਤਕ ਉਸੇ ਤਰ੍ਹਾਂ ਬਨਾਰਸ ਦੇ ਆਸ ਪਾਸ ਢੋਰ ਪਏ ਢੋਂਦੇ ਹਨ, ਉਨ੍ਹਾਂ ਨੂੰ ਕੋਈ ਪੁਛਦਾ ਭੀ ਨਹੀਂ। ਨਵੀਂ ਸਭਿੱਤਾ ਦੇ ਗੁਰੂ ਦਸਮੇਸ਼ ਜੀ ਨੇ ਦਸਿਆ ਕਿ "ਮਾਨਸ ਕੀ ਜਾਤਿ ਸਭ ਏਕੈ ਪਹਿਚਾਨਬੋ" "ਏਕੈ ਨੈਨ ਏਕੈ ਕਾਨ, ਏਕੈ ਦੇਹ ਬਾਨ ਖਾਕ ਬਾਦ ਆਤਸ਼ ਓ ਆਬ ਕੋ ਰਲਾਓ ਹੈ।" ਜਿਹੜੇ ਜਿਹੜੇ ਮਨੁੱਖ, ਦੋ ਅੱਖਾਂ ਵਾਲੇ ਤੇ ਇਕੋ ਜਿਹੇ ਸਰੀਰ ਵਾਲੇ ਹਨ, ਜੋ ਚਾਰ ਤੱਤਾਂ ਤੋਂ ਬਣਿਆ ਹੈ, ਓਹ ਇਕ ਸਮਾਨ ਹਨ। ਇਹ ਸਿੱਖਿਆ ਨਵੀਨ ਜ਼ਮਾਨੇ ਦੀ ਹੈ, ਜੋ ਪੱਛਮ ਤੇ ਪੂਰਬ ਵਿਚ ਮੁਹੱਜ਼ਬ ਦੁਨੀਆਂ ਆਗੂ ਦੇ ਦੇ ਕੇ ਮਨੁੱਖਾਂ ਨੂੰ ਉਚਿਆ ਰਹੇ ਹਨ । ਇਸ ਸਿੱਖਿਆ ਦੇ ਸਦਕੇ ਮੁਲਕਾਂ ਵਿਚੋਂ ਗ਼ੁਲਾਮ ਰੱਖਣ ਦਾ ਰਿਵਾਜ ਹਟਿਆ ਤੇ ਹਟ ਰਿਹਾ ਹੈ। ਇਸੇ ਸਿੱਖਿਆ ਦੇ ਸਦਕੇ ਵੇਗਾਰ ਦੂਰ ਹੁੰਦੀ; ਆਮ ਜਨਤਾ ਦੇ ਹੱਕਾਂ ਦੀ ਸੋਝੀ ਅਤੇ ਲੋਕ-ਰਾਜ ਦੀ ਕਾਇਮੀ ਹੋ ਰਹੀ ਹੈ।

## ੩

ਇਹ ਲੋਕ-ਰਾਜ ਦਾ ਭਾਵ ਤਦ ਤੋਂ ਸ਼ੁਰੂ ਨਹੀਂ ਹੋਇਆ ਜਦ ਤੋਂ ਲੋਕ ਵੋਟ ਦੇਣ ਜਾਂ ਬਹੁ-ਸੰਮਤੀ ਨਾਲ ਮਤੇ ਪਾਸ ਕਰਨੇ ਸਿਖੇ ਹਨ, ਬਲਕਿ ਤਦ ਤੋਂ ਸ਼ੁਰੂ ਹੋਇਆ ਜਦ ਤੋਂ ਇਕ ਮਨੁੱਖ ਆਪਣੇ ਗਵਾਂਢੀ ਦੇ ਹੱਕਾਂ ਦੀ ਸੋਝੀ ਰੱਖਣ ਲੱਗਾ, ਅਤੇ ਆਪਣੇ ਹੱਕਾਂ ਦੇ ਨਾਲ ਨਾਲ ਹੋਰਨਾਂ ਦੇ ਹੱਕਾਂ ਲਈ ਲੜਨਾ ਤੇ ਮਰਨਾ ਸਿੱਖਣ ਲੱਗਾ। ਇਸ ਨਵੀਨ ਸਮੇਂ ਦਾ ਮੁੱਢ ਤਦ ਤੋਂ ਬੱਝਣ ਲੱਗਾ, ਜਦ ਤੋਂ ਮਨੁੱਖ ਨੇ ਇਹ ਮਨਣਾ ਸ਼ੁਰੂ ਕੀਤਾ ਕਿ ਜਿਹੜਾ ਮੇਰਾ ਖਿਆਲ ਹੈ, ਉਹ ਕੁਝ

ਗ਼ਲਤ ਹੋ ਸਕਦਾ ਹੈ ਤੇ ਕਿਸੇ ਹੋਰ ਦਾ ਸਹੀ ਹੋ ਸਕਦਾ ਹੈ; ਯਾ ਇਹ ਜਿਹੜਾ ਮੇਰਾ ਅਸੂਲ ਹੈ, ਉਸ ਦੇ ਮੁਕਾਬਲੇ ਤੇ ਕਿਸੇ ਹੋਰ ਦਾ ਭੀ ਠੀਕ ਹੋ ਸਕਦਾ ਹੈ। ਸਚਾਈ ਅਸਲ ਵਿਚ ਤਾਂ ਇਕ ਹੈ, ਪਰ ਓਸ ਨੂੰ ਮਨੁੱਖੀ ਗਿਆਨ ਪੂਰੀ ਤਰ੍ਹਾਂ ਨਹੀਂ ਲੱਭ ਸਕਦਾ। ਜੇ ਪੂਰਨ ਪੁਰਖ ਮਹਾਤਮਾ ਲੱਭ ਕੇ ਦਸ ਵੀ ਜਾਣ, ਤਾਂ ਉਨ੍ਹਾਂ ਦੇ ਪੈਰੋਕਾਰ ਉਸ ਦੇ ਸਮਝਣ ਵਿਚ ਕਸਰ ਖਾ ਜਾਂਦੇ ਹਨ। ਇਸ ਲਈ ਆਪਣੀ ਲੱਭੀ ਹੋਈ ਸੱਚਾਈ ਨੂੰ ਹੋਰਨਾਂ ਦੀਆਂ ਲੁੱਕੀਆਂ ਸਚਾਈਆਂ ਦੇ ਟਾਕਰੇ ਤੇ ਪੂਰਾ ਨਹੀਂ ਮੰਨ ਲੈਣਾ ਚਾਹੀਦਾ। ਅਗਲੇ ਜ਼ਮਾਨੇ ਦੇ ਵਿਚਾਰਵਾਨ ਲੋਕ ਸਚਾਈ ਨੂੰ ਹੀ ਅਟੱਲ ਤੇ ਪੂਰਨ ਮੰਨ ਲੈਂਦੇ ਸਨ ਅਤੇ ਹੋਰਨਾਂ ਦੀ ਲੱਭੀ ਸਚਾਈ ਨੂੰ ਝੂਠ ਜਾਂ ਕੁਫ਼ਰ ਕਰਕੇ ਸਮਝਦੇ ਸਨ। ਇਸੇ ਕਰਕੇ ਪੁਰਾਣੇ ਧਾਰਮਕ ਆਗੂਆਂ ਦੇ ਇਹੋ ਜਹੇ ਕਥਨ ਮਿਲਦੇ ਹਨ : "ਮੈਂ ਹਾਂ ਦਰਵਾਜ਼ਾ ਮੁਕਤੀ ਦਾ। ਜਿਸ ਕਿਸੇ ਨੇ ਰੱਬ ਪਾਸ ਜਾਣਾ ਹੋਵੇ ਉਹ ਮੇਰੇ ਪਾਸ ਆਵੇ।"

ਨਵੀਨ ਜ਼ਮਾਨੇ ਦੀ ਸਭ ਤੋਂ ਪਹਿਲੀ ਆਵਾਜ਼ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਉਠਾਈ। ਉਨ੍ਹਾਂ ਨੇ ਆਪਣੇ ਧਰਮ ਦੀ ਨੀਂਹ "ਸੱਚ" ਤੇ ਰੱਖੀ। ਰੱਬ ਨੂੰ "ਆਦਿ ਸਚੁ ਜੁਗਾਦਿ ਸਚੁ" ਆਖਿਆ, ਅਤੇ ਮਨੁੱਖ ਨੂੰ ਵੀ "ਸਚਿਆਰ" ਹੋਣ ਲਈ ਜਾਂ ਸਚਖੰਡ ਪਹੁੰਚਣ ਲਈ ਸੱਦਾ ਦਿੱਤਾ। ਪਰ "ਸੱਚ" ਦਾ ਨਿਰਨਾ ਕਰਨ ਵੇਲੇ ਇਹ ਹਠ ਨਹੀਂ ਕੀਤਾ ਕਿ ਸਾਰਾ ਸੱਚ ਸਾਡੇ ਪਾਸ ਹੀ ਹੈ, ਤੇ ਹੋਰ ਕਿਸੇ ਪਾਸ ਸੱਚ ਹੈ ਈ ਨਹੀਂ। ਸ੍ਰੀ ਗੁਰੂ ਅਮਰਦਾਸ ਜੀ ਮਹਾਰਾਜ ਫ਼ੁਰਮਾਉਂਦੇ ਹਨ :—

ਜਗਤੁ ਜਲੰਦਾ ਰਖਿ ਲੈ ਆਪਣੀ ਕਿਰਪਾ ਧਾਰਿ।
ਜਿਤੁ ਦੁਆਰੈ ਉਬਰੈ ਤਿਤੈ ਲੈਹੁ ਉਬਾਰਿ।

ਹੇ ਵਾਹਿਗੁਰੂ! ਇਹ ਸੰਸਾਰ ਸੜ ਰਿਹਾ ਹੈ, ਇਹਨੂੰ ਬਚਾ ਲੈ। ਮੈਂ ਨਹੀਂ ਕਹਿੰਦਾ ਮੇਰੀਆਂ ਹੀ ਬਾਲਟੀਆਂ ਨਾਲ ਇਹ ਅੱਗ ਬੁੱਝੇ। ਜੇ ਕੋਈ ਹੋਰ ਸੱਜਣ ਭੀ ਬਾਲਟੀਆਂ ਪਾਣ ਦਾ ਉੱਦਮ ਕਰਨ ਤਾਂ ਉਨ੍ਹਾਂ ਦੇ ਰਾਹੋਂ ਭੀ ਅੱਗ ਨੂੰ ਬੁਝਾਉਣ ਦੀ ਕਿਰਪਾਲਤਾ ਕਰ। ਅਰਥਾਤ ਕੇਵਲ ਸਿੱਖ ਧਰਮ ਹੀ ਮੁਕਤੀ ਦੇਣ ਵਾਲਾ ਨਹੀਂ, ਮੁਹੰਮਦ ਸਾਹਿਬ, ਹਜ਼ਰਤ ਈਸਾ, ਸ੍ਰੀ ਰਾਮ ਚੰਦਰ ਜੀ, ਸ੍ਰੀ ਕ੍ਰਿਸ਼ਨ ਜੀ ਆਦਿ ਦੇ ਮੰਨਣ ਵਾਲੇ ਭੀ ਤਰ ਸਕਦੇ ਹਨ। ਇਸੇ ਖਿਆਲ ਨਾਲ ਪੰਚਮ

ਪਾਤਸ਼ਾਹ ਨੇ ਆਪਣੇ ਅਸੂਲਾਂ ਨੂੰ ਨਿਰੋਲ ਰੱਖਣ ਦੇ ਬਾਵਜੂਦ ਭਗਤਾਂ ਦੀ ਪ੍ਰੇਮ-ਪੂਰਤ ਬਾਣੀ ਨੂੰ ਸ੍ਰੀ ਗੁਰੂ ਗਰੰਥ ਸਾਹਿਬ ਵਿਚ ਚੜ੍ਹਾਇਆ ਤੇ ਇਸ ਗੱਲ ਦੀ ਪ੍ਰਵਾਹ ਨਾ ਕੀਤੀ ਕਿ ਫ਼ਰੀਦ ਆਵਾਗਉਣ ਨੂੰ ਮੰਨਦਾ ਸੀ (ਗੋਰਾਂ ਸੇ ਨਿਮਾਣੀਆਂ ਬਹਸਨਿ ਰੂਹਾਂ ਮਲਿ) ਜਾਂ ਧੰਨਾ ਪੱਥਰ ਪੂਜਦਾ ਸੀ ।

ਇਹ ਖ਼ਿਆਲ ਨਵੀਨ ਜ਼ਮਾਨੇ ਦਾ ਆਰੰਭ ਹੈ । ਇਸੇ ਤੋਂ ਧਾਰਮਕ ਤੇ ਪੁਲੀਟੀਕਲ ਰਵਾਦਾਰੀ ਪੈਦਾ ਹੁੰਦੀ ਹੈ । ਇਸੇ ਉਤੇ ਜਥੇਬੰਦੀਆਂ ਦੀ ਨੀਂਹ ਰੱਖੀ ਜਾ ਸਕਦੀ ਹੈ । ਇਸੇ ਨਾਲ ਮਨੁੱਖਾਂ ਅਤੇ ਕੌਮਾਂ ਦੀ ਆਪੋ ਵਿਚ ਬਰਾਬਰੀ ਮੰਨੀ ਜਾ ਸਕਦੀ ਹੈ । ਜੇਕਰ ਕਿਸੇ ਜਥੇਬੰਦੀ ਦਾ ਹਰ ਇਕ ਮੈਂਬਰ ਆਪਣੇ ਹੀ ਖ਼ਿਆਲਾਂ ਜਾਂ ਰਾਏ ਨੂੰ ਨਿਰੋਲ ਸੱਚੀ ਜਾਂ ਅਟੱਲ ਮੰਨ ਲਏ ਤਾਂ ਉਹ ਹੋਰਨਾਂ ਨਾਲ ਰਲ ਕੇ ਕੰਮ ਨਹੀਂ ਕਰ ਸਕਦਾ, ਨਾ ਕੋਈ ਸਾਂਝੀ ਰਾਏ ਬਣ ਸਕਦੀ ਹੈ । ਵੱਖੋ-ਵੱਖ ਰਾਵਾਂ ਨੂੰ ਮਿਲਾ ਕੇ ਮਤਾ ਪਾਸ ਕਰਨ ਦਾ ਨੇਮ, ਇਸ ਗੱਲ ਉੱਤੇ ਹੀ ਚਲ ਸਕਦਾ ਹੈ ਕਿ ਆਪਣੀ ਰਾਏ ਨੂੰ ਅਟੱਲ ਸਚਾਈ ਦੇ ਦਰਜੇ ਤੋਂ ਹੇਠਾਂ ਲਾਹ ਕੇ ਹੋਰਨਾਂ ਦੀ ਰਾਏ ਨੂੰ ਉੱਚਾ ਮੰਨਣ ਦੀ ਗੁੰਜਾਇਸ਼ ਰੱਖੀਏ ।

ਸਰਬ-ਸੰਮਤੀ ਦੇ ਖ਼ਿਆਲ ਨੂੰ ਛੱਡ ਕੇ ਬਹੁ-ਸੰਮਤੀ ਦਾ ਫੈਸਲਾ ਮਨਾਉਣਾ ਭੀ ਇਕ ਭਾਰੀ ਤਰੱਕੀ ਹੈ, ਕਿਉਂਕਿ ਇਸ ਵਿਚ ਘੱਟ ਗਿਣਤੀ ਵਾਲੇ ਪੱਖ ਦਾ ਜ਼ਬਤ ਕੰਮ ਕਰਦਾ ਹੈ, ਜਿਸ ਨਾਲ ਰਾਵਾਂ ਦਾ ਵਖੇਵਾਂ ਹੁੰਦਿਆਂ ਦੂਜੇ ਦੀ ਰਾਏ ਦਾ ਨਿਰਾ ਸਤਿਕਾਰ ਨਹੀਂ ਕਰਨਾ ਪੈਂਦਾ, ਬਲਕਿ ਪਾਸ ਹੋਈ ਰਾਏ ਨੂੰ ਆਪਣੀ ਸਮਝ ਕੇ ਉਸ ਉੱਤੇ ਚੱਲਣ ਦੀ ਉਦਾਰਤਾ ਵਰਤਣੀ ਪੈਂਦੀ ਹੈ । ਬਹੁ-ਸੰਮਤੀ ਵਾਲੇ ਭੀ ਆਪਣੀ ਰਾਏ ਦੀ ਕਦਰ ਤਦੇ ਕਰਾ ਸਕਦੇ ਹਨ ਜੋ ਘੱਟ ਗਿਣਤੀ ਵਾਲਿਆਂ ਦੀ ਕੁਰਬਾਨੀ ਦੀ ਕਦਰ ਕਰਨ ਅਤੇ ਉਨ੍ਹਾਂ ਦੇ ਹੱਕਾਂ ਦੀ ਰਾਖੀ ਉਵੇਂ ਹੀ ਕਰਨ ਜਿਵੇਂ ਆਪਣੇ ਹੱਕਾਂ ਦੀ ਕਰਦੇ ਹਨ ।

# ਹੱਸਣਾ ਤੇ ਕੂਕਣਾ

ਜਿਉਂ ਜਿਉਂ ਨਵੀਂ ਤਹਿਜ਼ੀਬ ਵੱਧ ਰਹੀ ਹੈ, ਖੁਸ਼ੀ ਦੇ ਪੁਰਾਣੇ ਢੰਗ ਬੰਦਲ ਰਹੇ ਹਨ। ਦਿਲ ਦੀ ਖੁਸ਼ੀ ਮੂੰਹ ਨਾਲ ਜ਼ਾਹਰ ਕਰਨ ਦੇ ਬਹੁਤ ਸਾਦੇ ਤਰੀਕੇ ਦੋ ਹੀ ਹੁੰਦੇ ਸਨ : ਖਿੜ-ਖਿੜਾ ਕੇ ਹੱਸਣਾ ਤੇ ਦੂਜਾ ਉੱਚਾ ਕੂਕਣਾ, ਪਰ ਨਵੀਂ ਰੌਸ਼ਨੀ ਵਾਲੇ ਲੋਕ ਇਨ੍ਹਾਂ ਦੋਹਾਂ ਤੋਂ ਕੰਨੀ ਕਤਰਾਂਦੇ ਹਨ।

ਜਦ ਦਿਲ ਵਿਚ ਆਈ ਖੁਸ਼ੀ ਦੀ ਤਰੰਗ ਆਈ ਤਾਂ ਸਿੱਧੇ ਸਾਦੇ ਲੋਕ ਜ਼ੋਰ ਨਾਲ ਬਾਛਾਂ ਖੋਲ੍ਹ ਕੇ ਖਹਿ ਖਹਿ ਕਰ ਕੇ ਹੱਸਦੇ ਸਨ, ਜਿਹਦੇ ਨਾਲ ਫਿਫੜਿਆਂ ਦੀ ਖੂਬ ਕਸਰਤ ਹੁੰਦੀ ਸੀ, ਸਗੋਂ ਸਾਰਾ ਜੁੱਸਾ ਹਿਲ ਜਾਂਦਾ ਸੀ, ਮੂੰਹ ਉੱਤੇ ਤਰੇਲੀ ਆ ਜਾਂਦੀ ਸੀ; ਵੇਖਣ ਤੇ ਸੁਣਨ ਵਾਲੇ ਦੀ ਭੀ ਤਬੀਅਤ ਸਾਫ ਹੋ ਜਾਂਦੀ ਸੀ, ਅਤੇ ਖੜੋਤੇ ਮਨ ਵਿਚ ਇਕ ਲਹਿਰ ਜਿਹੀ ਫਿਰ ਜਾਂਦੀ ਸੀ, ਇਕ ਦਾ ਹਾਸਾ ਸਾਰੀ ਸੰਗਤ ਨੂੰ ਖੁਸ਼ੀ ਦਾ ਹੁਲਾਰਾ ਦੇ ਜਾਂਦਾ ਸੀ।

ਪਰ ਇਹੋ ਜਿਹਾ ਹਾਸਾ ਅੱਜ ਕੱਲ੍ਹ ਬੇਤਮੀਜ਼ੀ ਤੇ ਗਵਾਰਪੁਣੇ ਦੀ ਨਿਸ਼ਾਨੀ ਸਮਝਿਆ ਜਾਂਦਾ ਹੈ। ਜੇ ਸਕੂਲ ਵਿਚ ਕਿਸੇ ਮੁੰਡੇ ਨੂੰ ਖੁਲ੍ਹ ਕੇ ਹਾਸਾ ਆ ਜਾਵੇ, ਤਾਂ ਮਾਸਟਰ ਝੱਟ ਬੋਲ ਉੱਠਦਾ ਹੈ, "ਓਏ ! ਹਿਣਕਦਾ ਕਿਉਂ ਏਂ ?" ਮਾਸਟਰ ਹੋਰਾਂ ਨੂੰ ਇਹ ਨਹੀਂ ਪਤਾ ਕਿ ਹਿਣਕਣਾ ਅਤੇ ਹੱਸਣਾ ਇਕੋ ਸ਼ਬਦ ਹਨ। ਦਫਤਰਾਂ ਕਚਿਹਰੀਆਂ ਵਿਚ ਅਫਸਰ ਲੋਕ ਹਾਸੇ ਨੂੰ ਬੜੀ ਗੁਸਤਾਖੀ ਖਿਆਲ ਕਰਦੇ ਹਨ। ਇਹ ਵੇਖਿਆ ਹੈ ਕਿ ਬਹੁਤ ਹਾਸਾ ਬਚਪਨ ਤੇ ਜਵਾਨੀ ਵਿਚ ਆਉਂਦਾ ਹੈ। ਫਿਰ ਜਿਉਂ-ਜਿਉਂ ਉਮਰ ਵਧਦੀ ਜਾਂਦੀ ਹੈ ਤੇ ਮੂੰਹ ਤੇ ਝੁਰੜੀਆਂ ਆਉਣ ਲਗਦੀਆਂ ਹਨ, ਤਿਉਂ ਤਿਉਂ ਹੜਵਾਠਿਆਂ ਦੇ ਪੇਚ ਢਿੱਲੇ ਪੈਂਦੇ ਹਨ ਅਤੇ ਹਾਸੇ ਦੀ ਥਾਂ ਮੁਸਕ੍ਰਾਹਟ ਫੜ ਲੈਂਦੀ ਹੈ। ਜਿਵੇਂ ਸਮੁੰਦਰ ਦੇ ਵਿਚਕਾਰ ਬੜੀਆਂ ਬੜੀਆਂ ਸ਼ੂਕਦੀਆਂ ਲਹਿਰਾਂ ਦੇ ਉਛਾਲੇ ਆਉਂਦੇ

ਹਨ, ਪਰ ਕੰਢੇ ਕੋਲ ਆ ਕੇ ਓਹੋ ਉਛਾਲੇ ਕੇਵਲ ਨਿੱਕੇ-ਨਿੱਕੇ ਪਾਣੀ ਵਟ ਜਿਹੇ ਰਹਿ ਜਾਂਦੇ ਹਨ, ਤਿਵੇਂ ਹੀ ਮਨੁੱਖ ਜਵਾਨੀ ਵਿਚ ਗੱਜ ਕੇ ਹੱਸਦਾ ਹੈ, ਪਰ ਜਿਉਂ ਜਿਉਂ ਉਸ ਦੀ ਉਮਰ ਮੌਤ ਦੇ ਕੰਢੇ ਵਲ ਵਧਦੀ ਹੈ, ਤਿਉਂ-ਤਿਉਂ ਉਸਦਾ ਹਾਸਾ ਲੋਪ ਹੋ ਕੇ ਕੇਵਲ ਹੋਠਾਂ ਅਤੇ ਅੱਖਾਂ ਦੀਆਂ ਗੁੱਠਾਂ ਵਿਚ ਮਾੜੇ ਮਾੜੇ ਵਟ ਜਿਹੇ ਰਹਿ ਜਾਂਦੇ ਹਨ। ਸੰਸਾਰ ਦੇ ਇਤਿਹਾਸ ਵਿਚ ਭੀ ਸ਼ੁਰੂ-ਸ਼ੁਰੂ ਵਿਚ ਹਾਸਾ ਵਧੇਰੇ ਸੀ, ਪਰ ਹੁਣ ਜਿਉਂ-ਜਿਉਂ ਸਮਾਂ ਗੁਜ਼ਰਦਾ ਜਾਂਦਾ ਹੈ, ਤਿਉਂ-ਤਿਉਂ ਹਾਸੇ ਦੀ ਥਾਂ ਕੇਵਲ ਮੁਸਕਾਣਾ ਹੀ ਰਹਿ ਗਿਆ ਹੈ।

ਲੋਕੀਂ ਪਾਰਟੀਆਂ ਉੱਤੇ ਮਿਲਦੇ ਹਨ ਤਾਂ ਮੁਸਕਰਾਉਂਦੇ ਹਨ, ਸਗੋਂ ਮੁਸਕਰਾਉਣਾ ਇੰਨਾ ਵਧ ਗਿਆ ਹੈ ਕਿ ਬਹੁਤ ਸਾਰਾ ਤਾਂ ਦੰਭ ਹੀ ਹੁੰਦਾ ਹੈ। ਦਿਲੋਂ ਭਾਵੇਂ ਆਦਮੀ ਕੁੜ੍ਹਦਾ ਹੀ ਹੋਵੇ, ਪਰ ਮਿਲਣ ਵੇਲੇ ਐਉਂ ਦੰਦੀਆਂ ਕੱਢ ਕੇ ਮਿਲਦਾ ਹੈ ਕਿ ਸਿੱਧੇ ਸਾਦੇ ਆਦਮੀ ਨੂੰ ਵੇਖ ਕੇ ਹਾਸਾ ਹੀ ਆ ਜਾਂਦਾ ਹੈ, ਪਰ ਵਿਚਾਰਾ ਆਸ-ਪਾਸ ਵੇਖ ਕੇ ਡਰ ਦੇ ਮਾਰਿਆਂ ਅਵਾਜ਼ ਨਹੀਂ ਕੱਢਦਾ ਕਿ ਕਿਤੇ ਲੋਕੀਂ ਮੂਰਖ ਨਾ ਆਖਣ। ਪਾਰਟੀਆਂ ਵਿਚ ਤਾਂ ਭਲਾ ਬਹੁਤ ਆਦਮੀ ਹੁੰਦੇ ਹਨ, ਇਸ ਲਈ ਹੱਸਣਾ ਮਨ੍ਹਾ ਹੀ ਸਹੀ, ਪਰ ਅਨਰਥ ਇਹ ਹੈ ਕਿ ਬਾਹਰ ਬਜ਼ਾਰ ਵਿਚ, ਜਾਂ ਰਾਹ ਪੈਂਡੇ ਜਿਥੇ ਦੋ ਸੱਜਣ ਆਪਣੇ ਮੇਲੀ ਮਿੱਤਰ ਹੀ ਮਿਲਣ, ਉਥੇ ਭੀ ਖਿੜਖਿੜਾ ਕੇ ਹੱਸਣੋਂ ਰੁਕਦੇ ਹਨ।

ਇਸ ਦੇ ਦੋ ਕਾਰਣ ਹਨ: ਇਕ ਇਹ ਕਿ ਲੋਕਾਂ ਦੇ ਦਿਮਾਗ਼ ਇਤਨੇ ਕਮਜ਼ੋਰ ਹੋ ਗਏ ਹਨ ਕਿ ਉੱਚੀ ਆਵਾਜ਼ ਸਹਿ ਨਹੀਂ ਸਕਦੇ, ਦੂਜੇ ਇਹ ਕਿ ਮੁਸਕ੍ਰਾਉਣਾ ਸਿਆਣਪ ਦੀ ਨਿਸ਼ਾਨੀ ਗਿਣਿਆ ਜਾਂਦਾ ਹੈ। ਜਦ ਗੁਰੂ ਨਾਨਕ ਸਾਹਿਬ ਨੂੰ ਉਨ੍ਹਾਂ ਦਾ ਭਣਵਈਆ, ਭਾਈ ਜੈ ਰਾਮ, ਲੋਧੀ ਨਵਾਬ ਪਾਸ ਨੌਕਰੀ ਦਿਵਾਣ ਲਈ ਲਿਆਇਆ, ਤਾਂ ਸਾਖੀ ਵਿਚ ਲਿਖਿਆ ਹੈ ਕਿ ਗੁਰੂ ਜੀ ਮੁਸਕਰਾਏ। ਇਹ ਵੇਖ ਕੇ ਨਵਾਬ ਕਹਿਣ ਲੱਗਾ, "ਨਾਨਕ ਭਲਾ ਤੇ ਸਿਆਣਾ ਮਲੂਮ ਹੁੰਦਾ ਹੈ।" ਹੋਰ ਭੀ ਵੱਡੇ ਵੱਡੇ ਪੀਰ ਪੈਗੰਬਰ ਲੋਕਾਂ ਦੀ ਮੂਰਖਤਾ ਨੂੰ ਵੇਖ ਕੇ ਜਾਂ ਮਨ ਦੀਆਂ ਡੂੰਘਿਆਈਆਂ ਤੋਂ ਨਿਕਲੇ ਹੋਏ ਗੁੱਝੇ ਵਿਗਾਸ ਦੇ ਕਾਰਣ ਮੁਸਕ੍ਰਾਉਂਦੇ ਦੱਸੇ ਗਏ ਹਨ, ਇਸ ਲਈ ਲੋਕੀਂ ਭੀ ਸਿਆਣਾ ਤੇ ਗੰਭੀਰ ਅਖਵਾਣ ਦੇ ਚਾਅ ਵਿਚ ਮੁਸਕ੍ਰਾਣ ਦੀ ਆਦਤ ਪਾ ਰਹੇ ਹਨ। ਕੋਈ ਦਿਨ ਆਵੇਗਾ ਕਿ ਹਾਸਾ ਸੰਸਾਰ ਤੋਂ ਬਿਲਕੁਲ ਲੋਪ ਹੋ ਜਾਵੇਗਾ। ਇਸ ਦੇ ਨਾਲ

ਤੇ ਨਾਲ ਸਾਡੀ ਰਹਿਣੀ-ਬਹਿਣੀ ਤੇ ਸਾਹਿੱਤ ਵਿਚੋਂ ਉੱਚੀ ਉੱਚੀ ਹਸਾਣ ਵਾਲੇ ਠੱਠੇ ਤੇ ਮਖੌਲ ਭੀ ਉੱਡ ਰਹੇ ਹਨ, ਨਿਰੀਆਂ ਬਾਰੀਕ ਬਾਰੀਕ ਮੁਸਕਰਾਣ ਵਾਲੀਆਂ ਗੱਲਾਂ ਵਧ ਰਹੀਆਂ ਹਨ ।

ਹਾਸੇ ਦੇ ਨਾਲ ਉੱਚਾ ਕੂਕਣ ਦੀ ਆਦਤ ਭੀ ਜਾਂਦੀ ਰਹੀ ਹੈ। ਤੁਸਾਂ ਪਿੰਡ ਵਿਚ ਵੇਖਿਆ ਹੋਣਾ ਹੈ ਕਿ ਕਿਵੇਂ ਇਕ ਬਕਰੀਆਂ ਚਾਰਨ ਵਾਲਾ ਆਜੜੀ ਇਕ ਢੱਕੀ ਉੱਤੇ ਖਲੋਤਾ ਹੋਇਆ ਦੂਜੀ ਢੱਕੀ ਉੱਤੇ ਭੱਜੀ ਜਾਂਦੀ ਬਕਰੀ ਦੇ ਪਿੱਛੇ ਵਟਾ ਵਾਹ ਕੇ ਜ਼ੋਰ ਦੀ ਚੀਕ ਲਾਂਦਾ ਹੈ। ਉਸ ਨੂੰ ਆਪਣੀ ਅਵਾਜ਼ ਉੱਤੇ ਬੜਾ ਮਾਣ ਹੁੰਦਾ ਹੈ । ਜਦ ਆਪਣੇ ਸਾਥੀ (ਜੋ ਜ਼ਰਾ ਪਰ੍ਹੇ ਖੜੋਤਾ ਹੁੰਦਾ ਹੈ) ਨੂੰ ਅਵਾਜ਼ ਮਾਰਦਾ ਹੈ, ਤਾਂ ਭੀ ਲੋੜ ਤੋਂ ਵਧੀਕ ਉੱਚੀ ਚੀਕ ਕੱਢਦਾ ਹੈ । ਉਸ ਨੂੰ ਪਤਾ ਹੈ ਕਿ ਥੋੜ੍ਹੀ ਅਵਾਜ਼ ਭੀ ਪਹੁੰਚ ਜਾਵੇਗੀ, ਪਰ ਉਸ ਨੂੰ ਤਾਂ ਆਪਣੀ ਕੂਕ ਉੱਤੇ ਫ਼ਖ਼ਰ ਹੈ, ਅਤੇ ਉਸ ਨੂੰ ਜ਼ੋਰ ਦੀ ਅਵਾਜ਼ ਵਿਚ ਇਕ ਅਨੋਖਾ ਰਸ ਲਭਦਾ ਹੈ, ਜੋ ਕਮਰਿਆਂ ਦੇ ਅੰਦਰ ਬਹਿ ਕੇ ਘੁਸਮੁਸ ਕਰਨ ਵਾਲਿਆਂ ਨੂੰ ਮਲੂਮ ਨਹੀਂ ਹੋ ਸਕਦਾ । ਇਹ ਸਿੱਧੇ ਸਾਦੇ ਲੋਕ ਜਦ ਆਪਸ ਵਿਚ ਮਿਲਦੇ ਜਾਂ ਗੱਲਾਂ ਕਰਦੇ ਹਨ ਤਾਂ ਭੀ ਓਨਾ ਹੀ ਉੱਚਾ ਬੋਲਦੇ ਹਨ, ਜਿੰਨੀ ਘੁਟਕੇ ਜੱਫੀ ਪਾਂਦੇ ਹਨ ।

ਪਰ ਤਹਿਜ਼ੀਬ ਇਸ ਦੇ ਉਲਟ ਹੈ । ਨਵੀਂ ਰੋਸ਼ਨੀ ਦੇ ਵਧਣ ਨਾਲ ਮਨੁੱਖਾਂ ਦੀ ਆਵਾਜ਼ ਮੱਧਮ ਪੈ ਰਹੀ ਹੈ। ਡਾਕਟਰ ਟੈਗੋਰ ਭੀ ਬੜੀ ਹੌਲੀ-ਹੌਲੀ "ਸਪਤ ਪਾਤਾਲ ਕੀ ਬਾਣੀ" ਹੀ ਬੋਲਦਾ ਸੀ। ਇਹੋ ਉਸ ਦੇ ਸਿਆਣੇ ਤੇ ਤਹਿਜ਼ੀਬ ਦੇ ਮਾਲਕ ਹੋਣ ਦੀ ਨਿਸ਼ਾਨੀ ਹੈ। ਕਾਲਜਾਂ, ਦਫ਼ਤਰਾਂ, ਕਲੱਬਾਂ ਵਿਚ ਜਿੰਨਾ ਚੁੱਪ ਰਹਿਣ ਤੇ ਜਾਂ ਹੌਲੀ ਬੋਲਣ ਉੱਤੇ ਜ਼ੋਰ ਦਿੱਤਾ ਜਾਂਦਾ ਹੈ ਓਨਾ ਕਿਸੇ ਹੋਰ ਗੱਲ ਉੱਤੇ ਨਹੀਂ । ਜਿਉਂ-ਜਿਉਂ ਸੰਸਾਰ ਤਰੱਕੀ ਕਰੀ ਜਾਂਦਾ ਹੈ ਤਿਉਂ-ਤਿਉਂ ਮਨੁੱਖ ਦੀ ਅਵਾਜ਼ ਮੱਧਮ ਪੈਂਦੀ ਜਾਂਦੀ ਹੈ। ਪੜ੍ਹਿਆਂ ਹੋਇਆਂ ਸਿੱਖਾਂ ਨੂੰ ਕਹੋ ਖਾਂ ਜ਼ਰਾ 'ਸਤਿ ਸ੍ਰੀ ਅਕਾਲ' ਦਾ ਜੈਕਾਰਾ ਤਾਂ ਛੱਡਣ ! ਦੰਦਾਂ ਤੋਂ ਬਾਹਰ ਅਵਾਜ਼ ਨਹੀਂ ਨਿਕਲੇਗੀ। ਉਨ੍ਹਾਂ ਨੂੰ ਇਹ ਨਹੀਂ ਪਤਾ ਕਿ ਇਨ੍ਹਾਂ ਜੈਕਾਰਿਆਂ ਦੇ ਜ਼ੋਰ ਨਾਲ ਥੋੜ੍ਹੇ ਜਿਹੇ ਸਿੱਖਾਂ ਨੇ ਦੁਸ਼ਮਣਾਂ ਦੀਆਂ ਠਾਠਾਂ ਮਾਰਦੀਆਂ ਫ਼ੌਜਾਂ ਨੂੰ ਕਈ ਘੰਟਿਆਂ ਤੱਕ ਰੋਕੀ ਰੱਖਿਆ ਸੀ। ਹੁਣ ਭੀ ਜੇ ਕਿਸੇ ਔਕੜ ਵਿਚ ਪਏ ਹੋਵੀਏ ਤਾਂ ਜਿਸ ਵੇਲੇ ਸਾਰੇ ਰੱਲ ਕੇ ਜ਼ੋਰ ਦਾ ਜੈਕਾਰਾ ਛੱਡਦੇ ਹਾਂ ਤਾਂ ਉਸ ਵਿਚ ਸਾਹੇ ਸਿੱਖ ਇਤਿਹਾਸ ਦੀ ਅਕਾਲੀ ਗੂੰਜ ਸੁਣਾਈ ਦੇਂਦੀ ਹੈ ਜੋ ਕੰਬਦੇ ਦਿਲਾਂ ਨੂੰ ਤਕੜਾ ਕਰਦੀ ਤੇ ਢਹਿੰਦੀਆਂ ਕਲਾਂ ਤੋਂ ਚੜ੍ਹਦੀਆਂ ਕਲਾਂ ਵਿਚ ਬਦਲ ਦੇਂਦੀ ਹੈ।

# ਹਾਸ-ਰਸ

੧

ਹਾਸ-ਰਸ ਨਵੇਂ ਜ਼ਮਾਨੇ ਦੀ ਕਾਢ ਤਾਂ ਨਹੀਂ, ਪਰ ਇਸ ਦੀ ਲੋੜ ਨੂੰ ਇਸ ਸਮੇਂ ਨੇ ਅਪਣਾਇਆ ਹੈ। ਕਾਰਣ ਇਹ ਹੈ ਕਿ ਅੱਜ ਕਲ੍ਹ ਦੀ ਜ਼ਿੰਦਗੀ ਬੜੇ ਰੁਝੇਵੇਂ ਵਾਲੀ ਹੈ, ਜਿਸ ਨਾਲ ਨਾ ਕੇਵਲ ਸਰੀਰ ਹੀ ਆਕੜ ਜਾਂਦਾ ਹੈ, ਸਗੋਂ ਮਨ ਭੀ ਅੱਕ ਥੱਕ ਕੇ ਸੁੰਗੜ ਜਾਂਦਾ ਹੈ। ਜਿਸ ਨੂੰ ਅਰੋਗਤਾ ਤੋਂ ਇਲਾਵਾ ਕਿਸੇ ਅਜੇਹੇ ਤਜਰਬੇ ਜਾਂ ਵਰਤੋਂ ਦੀ ਲੋੜ ਰਹਿੰਦੀ ਹੈ ਜਿਸ ਨਾਲ ਸਰੀਰ ਦਾ ਅਕੜੇਵਾਂ ਤੇ ਮਨ ਦਾ ਸੁਕੜੇਵਾਂ ਦੂਰ ਹੋ ਜਾਵੇ ਅਤੇ ਇਹ ਫੇਰ ਤਾਜ਼ਾ ਤੇ ਨੌ-ਬਰ-ਨੌ ਹੋ ਕੇ ਕੰਮ ਵਿਚ ਜੁੱਟ ਪੈਣ। ਇਸ ਲੋੜ ਨੂੰ, ਇਸ ਵਰਤਮਾਨ ਸਮੇਂ ਦੀ ਖਾਸ ਲੋੜ ਨੂੰ ਨਿਰੀ ਨੇਕੀ, ਪਾਰਸਾਈ ਜਾਂ ਧਾਰਮਿਕ ਸੰਜਮ ਪੂਰਾ ਨਹੀਂ ਕਰ ਸਕਦੀ। ਸਰੀਰ ਨੂੰ ਰਿਸ਼ਟ-ਪੁਸ਼ਟ ਰੱਖਣ ਲਈ ਕਸਰਤ ਜਾਂ ਖੇਡ ਦੀ ਲੋੜ ਹੈ। ਸ਼ਾਇਦ ਕੇਸ਼ਬ ਚੰਦਰ ਸੇਨ ਨੇ ਇਸੇ ਲਈ ਕਿਹਾ ਸੀ ਕਿ ਕਈ ਵੇਰ ਫੁਟ-ਬਾਲ ਖੇਡ ਕੇ ਰੱਬ ਦੇ ਉੱਨੇ ਹੀ ਨੇੜੇ ਹੋ ਸਕਦੇ ਹੋ ਜਿੰਨੇ ਕਿ, ਗੀਤਾ ਦਾ ਪਾਠ ਕਰਕੇ। ਉਸ ਦਾ ਭਾਵ ਇਹ ਨਹੀਂ ਸੀ ਕਿ ਗੀਤਾ ਦਾ ਪਾਠ ਕਰਨਾ ਚੰਗਾ ਨਹੀਂ। ਉਹ ਕੇਵਲ ਇਹ ਦਸਣਾ ਚਾਹੁੰਦਾ ਸੀ ਕਿ ਖੇਡ ਭੀ ਸਰੀਰ ਨੂੰ ਚੁਸਤ ਬਣਾ ਕੇ ਮਨ ਨੂੰ ਨਿਖਾਰਦੀ ਤੇ ਤਿਆਰ-ਬਰ-ਤਿਆਰ ਕਰਦੀ ਹੈ, ਨਹੀਂ ਤਾਂ ਰੋਗੀ ਸਰੀਰ ਵਾਲਾ ਆਦਮੀ ਮਨ ਕਰਕੇ ਭੀ ਕ੍ਰਿਝੂ ਤੇ ਮੁਕੜੂ ਜਿਹਾ ਬਣ ਜਾਂਦਾ ਹੈ। ਉਸ ਵਿਚ ਮਨੁੱਖਾਂ ਲਈ ਹਮਦਰਦੀ ਦੀ ਲਚਕ ਨਹੀਂ ਰਹਿੰਦੀ ਅਤੇ ਨਾ ਹੀ ਪਰਮਾ-ਨੰਦ ਹਰੀ ਨੂੰ ਆਪਣੇ ਅੰਦਰ ਵਸਾਉਣ ਦੀ ਸਮਰਥਾ। ਕਦੀ ਸਮਾਂ ਸੀ ਕਿ ਸਿਆਣੇ ਲੋਕੀ ਮਨ ਨੂੰ ਅਸਲ ਚੀਜ਼ ਸਮਝਦੇ ਤੇ ਏਸੇ ਨੂੰ ਗਹੁ ਨਾਲ ਸਮਝਣ ਦੀ ਵਾਹ ਲਾਂਦੇ ਸਨ, ਅਤੇ ਸਰੀਰ ਨੂੰ ਇਕ ਬੇਲੋੜੇ ਪਸ਼ੂ ਦੀ ਤਰ੍ਹਾਂ ਔਖਾ ਔਖਾ ਹੋ ਕੇ ਬੂਹੇ ਅਗੇ ਬੰਨ੍ਹ ਰਖਣ ਦੀ ਜ਼ਿੰਮੇਵਾਰੀ ਨਿਬਾਹੁੰਦੇ ਸਨ। ਪਰ

ਮੌਜੂਦਾ ਸਮੇਂ ਦੇ ਸਿਆਣੇ ਇਸ ਨੂੰ ਮਨ ਜਿੱਡੀ ਉੱਚੀ ਰੱਬੀ ਦਾਤ ਸਮਝਦੇ ਤੇ ਇਸ ਨੂੰ ਉਸੇ ਤਰ੍ਹਾਂ ਚੰਗੀ ਹਾਲਤ ਵਿਚ ਰਖਣਾ ਜੀਵਨ ਸਫਲਤਾ ਲਈ ਜ਼ਰੂਰੀ ਖ਼ਿਆਲ ਕਰਦੇ ਹਨ। ਸਰੀਰਕ ਤੌਰ ਤੇ ਹਰ ਇਕ ਦੀ ਇਹੋ ਕਾਰ ਰਹਿੰਦੀ ਹੈ ਕਿ ਸਦਾ ਨੌਜਵਾਨ ਬਣੇ ਰਹੀਏ, ਅਤੇ ਖੇਡ ਕੁਦ ਕੇ ਇਸ ਨੂੰ ਖਿੜਾਉ ਵਿਚ ਰਖੀਏ।

ਪੂਰਣਤਾ ਲਈ ਜਿਵੇਂ ਸਰੀਰ ਦਾ ਹੁਲਾਰੇ ਵਿਚ ਰਹਿਣਾ ਜ਼ਰੂਰੀ ਹੈ ਤਿਵੇਂ ਹੀ ਮਨ ਦਾ। ਜਿਵੇਂ ਸਰੀਰ ਦੇ ਅਰੋਗ ਤੇ ਖੁਸ਼ ਹੋਣ ਨਾਲ ਮੂੰਹ ਉਤੋਂ ਤੀਉੜੀਆਂ ਵਟ ਦੂਰ ਹੋ ਕੇ ਹਾਸਾ ਜਾਂ ਮੁਸਕ੍ਰਾਹਟ ਆ ਜਾਂਦੀ ਹੈ, ਤਿਵੇਂ ਮਨ ਦੇ ਖਿੜਨ ਨਾਲ ਅੰਦਰੋ ਅੰਦਰ ਇਕ ਹੁਲਾਰਾ ਪੈਦਾ ਹੁੰਦਾ ਹੈ, ਜਿਸ ਨੂੰ 'ਹਾਸ-ਰਸ' ਕਹਿੰਦੇ ਹਨ। ਇਹ ਅੰਦਰ ਦਾ ਗੁਣ ਹੈ, ਜਿਸ ਦੀ ਹੋਂਦ ਬਾਹਰਵਾਰ ਹਸਣ, ਕੂਕਣ ਜਾਂ ਮੁਸਕ੍ਰਾਹਟ ਦੀ ਸ਼ਕਲ ਵਿਚ ਪਰਗਟ ਹੁੰਦੀ ਹੈ। ਪਰ ਇਹ ਬਾਹਰ ਦੇ ਚਿੰਨ੍ਹ ਕਦੀ ਨਹੀਂ ਵੀ ਦਿਸਦੇ। ਇਸ ਲਈ ਇਸ ਨੂੰ ਬਿਆਨ ਕਰਕੇ ਸਮਝਾਉਣਾ ਔਖਾ ਹੈ। ਇਤਨਾ ਕਹਿ ਸਕਦੇ ਹਾਂ ਕਿ ਸਾਡੇ ਦਿਲ ਵਿਚ ਕਿਸੇ ਚੀਜ਼ ਦੀਆਂ ਦੋ ਉਲਟੀਆਂ ਹਾਲਤਾਂ ਦੇ ਟਕਰਾਉਣ ਨਾਲ ਜੋ ਚਮਤਕਾਰ ਪੈਦਾ ਹੁੰਦਾ ਹੈ ਉਹ ਹਾਸ-ਰਸ ਹੈ। ਮਸਲਨ ਇਕ ਨੰਗੇ ਪਿੰਡ ਵਾਲੇ ਜਾਂਗਲੀ ਨੂੰ ਸਿਰ ਤੇ ਟੋਪ ਧਾਰਿਆ ਵੇਖ ਕੇ ਹਸ ਪਈਦਾ ਹੈ। ਕਿਉਂ ? ਇਸ ਲਈ ਕਿ ਜਿਸ ਜਾਂਗਲੀ ਨੂੰ ਅਸੀਂ ਸਦਾ ਨੰਗੇ ਪਿੰਡੇ ਦੇਖਦੇ ਹਾਂ ਅਜ ਇਕ ਹੋਰ ਤੇ ਉਲਟੀ ਹਾਲਤ ਵਿਚ ਦਿਸਦਾ ਹੈ। ਇਨ੍ਹਾਂ ਦੋਹਾਂ ਹਾਲਤਾਂ ਦੇ ਟਾਕਰੇ ਤੋਂ ਇਕ ਖੁਸ਼ੀ ਤੇ ਪ੍ਰਵਾਨਗੀ ਦੀ ਝਰਨਾਟ ਛਿੜਦੀ ਹੈ ਜਿਸ ਨਾਲ ਅਸੀਂ ਹਸ ਪੈਂਦੇ ਹਾਂ। ਇਸ ਤਰ੍ਹਾਂ ਜੇ ਪਜਾਮੇ ਨੂੰ ਸਿਰ ਤੇ ਪੱਗ ਵਾਂਗ ਬੰਨ੍ਹ ਲਈਏ, ਜਾਂ ਕੁਰਸੀ ਨੂੰ ਸਿਰ ਤੇ ਚੁੱਕ ਕੇ ਬਹਿ ਜਾਈਏ, ਤਾਂ ਇਹ ਅਣਮਿਲ ਹਾਲਤ ਹਾਸੇ ਵਾਲੀ ਬਣ ਜਾਂਦੀ ਹੈ।

ਇਹ ਅਣਮੇਲ ਦੋ ਤਰ੍ਹਾਂ ਦਾ ਹੁੰਦਾ ਹੈ। ਇਕ ਕਿਸੇ ਕੰਮ ਜਾਂ ਮੌਕੇ ਦਾ ਤੇ ਦੂਜਾ ਜ਼ਬਾਨ ਜਾਂ ਲਿਖਤ ਦਾ। ਉੱਤੇ ਦੱਸੀਆਂ ਮਿਸਾਲਾਂ ਅਸਲੀ ਹਾਸੇ ਦੀਆਂ ਹਨ। ਪੁਰਾਣੇ ਜ਼ਮਾਨੇ ਵਿਚ ਜਾਂ ਆਮ ਲੋਕਾਂ ਵਿਚ ਮਖੌਲ ਕਰਨੀ ਦਾ ਹੁੰਦਾ ਸੀ। ਇਸ ਵਿਚ ਜ਼ਬਾਨ ਨਹੀਂ ਵਰਤੀ ਜਾਂਦੀ, ਸਗੋਂ ਕਿਸੇ ਚੀਜ਼ ਨੂੰ ਵਿਗਾੜ

ਕੇ ਜਾਂ ਭੰਨ ਕੇ ਦੇਖਣ ਦਾ ਚਾਉ ਹੁੰਦਾ ਹੈ। ਜਿਵੇਂ ਬੁੱਢੀ ਦਾਦੀ ਦੀ ਆਉ ਭਗਤ ਲਈ ਉਸ ਦੇ ਅੱਗੇ ਟੁੱਟਾ ਮੂੜ੍ਹਾ ਡਾਹ ਦੇਣਾ, ਜਾਂ ਜੀਜੇ ਹੋਰਾਂ ਦੀ ਜੁੱਤੀ ਛੁਪਾ ਛਡਣੀ ਜਾਂ ਉਸ ਨੂੰ ਸਾਗ ਦੀ ਥਾਂ ਮਹਿੰਦੀ ਘੋਲ ਕੇ ਖੁਆਉਣੀ; ਜਾਂ ਉਸ ਦੇ ਸੋਹਣੇ ਰੇਸ਼ਮੀ ਕਪੜਿਆਂ ਉਤੇ ਚਿਕੜ ਸੁੱਟ ਕੇ ਤੰਗ ਕਰਨਾ। ਇਹੋ ਜਿਹੇ ਹਾਸੇ ਤੇ ਮਖੌਲ ਕਰਨ ਦੇ ਮੌਕੇ ਸਾਂਵਿਆਂ, ਤੀਆਂ ਅਤੇ ਹੋਲੀਆਂ ਵਿਚ ਬਹੁਤ ਹੁੰਦੇ ਆਏ ਹਨ। ਕਈ ਵਾਰੀ ਹਾਸੇ ਦਾ ਮੜ੍ਹਾਸਾ ਹੋ ਜਾਂਦਾ ਸੀ, ਮਸਲਨ, ਜੰਞ ਨੂੰ ਭੰਗ ਪਿਆ ਦੇਣ ਨਾਲ ਕਈ ਖਰੂਦ ਮਚਦੇ ਸਨ ਜਾਂ ਨਾਸ਼ਪਾਤੀਆਂ ਤੇ ਸੇਬਾਂ ਵਿਚ ਸੂਈਆਂ ਟੁੰਗ ਦੇਣ ਨਾਲ ਖਾਣ ਵਾਲਿਆਂ ਦੇ ਗਲੇ ਛਿਲੇ ਜਾਂਦੇ ਸਨ, ਅਤੇ ਕਈ ਵਾਰ ਮੌਤ ਤਕ ਨੌਬਤ ਆ ਪੁੱਜਦੀ ਸੀ।

ਤਾਲੀਮ ਤੇ ਸਭਿੱਤਾ ਦੇ ਵਧਣ ਨਾਲ ਇਹ ਖਰ੍ਹਵੇ ਹਾਸੇ ਘਟ ਗਏ ਹਨ। ਪਰ ਅਮਲੀ ਹਾਸੇ ਤੇ ਮਖੌਲ ਵਧੇਰੇ ਕੋਮਲ ਸ਼ਕਲਾਂ ਵਿਚ ਕਾਇਮ ਹਨ ਤੇ ਕਾਇਮ ਰਹਿਣਗੇ।

ਅਮਲੀ ਹਾਸੇ ਦੀ ਇਹ ਸ਼ਕਲ, 'ਕਾਰਟੂਨ' ਜਾਂ ਨਕਲੀ ਤਸਵੀਰ ਹੈ, ਜੋ ਹੁਨਰ ਦੇ ਵਾਧੇ ਨਾਲ ਪ੍ਰਚਲਤ ਹੋਈ ਹੈ, ਅਤੇ ਪੱਛਮ ਤੋਂ ਆਈ ਹੈ।

ਜਿਉਂ ਜਿਉਂ ਲੋਕਾਂ ਦੇ ਸੁਭਾ ਕੋਮਲ ਹੁੰਦੇ ਜਾਂਦੇ ਹਨ, ਹਾਸ-ਰਸ ਭੀ ਕੋਮਲ ਹੁੰਦਾ ਜਾਂਦਾ ਅਤੇ ਜ਼ਬਾਨ ਜਾਂ ਸਾਹਿੱਤ ਵਿਚ ਵਧੇਰੇ ਪ੍ਰਵੇਸ਼ ਕਰ ਰਿਹਾ ਹੈ। ਪਿੰਡਾਂ ਦੇ ਗਾਉਣਾਂ ਵਿਚ ਹਾਸੇ ਦੀਆਂ ਝਾਕੀਆਂ ਮਿਲਦੀਆਂ ਹਨ। ਇਕ ਤੀਵੀਂ ਖੂਹ ਉਤੇ ਪਾਣੀ ਭਰ ਰਹੀ ਹੈ। ਕੋਲੋਂ ਲੰਘਦਾ ਸਿਪਾਹੀ ਠਹਿਰ ਜਾਂਦਾ ਹੈ ਤੇ ਕਹਿੰਦਾ ਹੈ :

ਖੂਹ ਤੇ ਪਾਣੀ ਭਰਦੀਏ ਮੁਟਿਆਰੇ ਨੀ !
ਘੁਟ ਕੁ ਪਾਣੀ ਪਿਲਾ ਭੋਲੀਏ ਨਾਰੇ ਨੀ !
ਆਪਣਾ ਕਢਿਆ ਨ ਦਿਆਂ, ਸਪਾਹੀਆ ਵੇ !
ਆਪੇ ਕਢ ਕੇ ਪੀ, ਭੋਲਿਆ ਰਾਹੀਆ ਵੇ !
ਲੱਜ ਤੇਰੀ ਨੂੰ ਘੁੰਗਰੂ, ਮੁਟਿਆਰੇ ਨੀ !
ਹੱਥ ਲਾਇਆਂ ਝੜ ਪੈਣ, ਭੋਲੀਏ ਨਾਰੇ ਨੀ !

ਸੂਤਨੇ ਦੀ ਵੱਟ ਲੈ ਡੋਰ, ਸਪਾਹੀਆ ਵੇ !
ਛਿੱਤਰ ਬਣਾ ਲੈ ਡੋਲ, ਭੋਲਿਆ ਰਾਹੀਆ ਵੇ !

ਸੂਤਨੇ ਤੇ ਛਿੱਤਰ ਨੂੰ ਕਿਹੜੇ ਕੰਮ ਲਾ ਦੇਣ ਦੀ ਸਲਾਹ ਦੇ ਰਹੀ ਹੈ ! ਇਸ ਅਣਮੇਲ ਤੋਂ ਹਾਸਾ ਬਣ ਗਿਆ ਹੈ ।

ਲੋਹੜੀ ਦੇ ਗੀਤਾਂ ਵਿਚ ਵੀ ਹਾਸੇ ਦੀਆਂ ਗੱਲਾਂ ਆ ਜਾਂਦੀਆਂ ਹਨ । ਇਸ ਮੌਕੇ ਤੇ ਕੁੜੀਆਂ ਮੁੰਡੇ ਸ਼ਾਮ ਨੂੰ ਆਟਾ, ਦਾਲ, ਜਾਂ ਪੈਸੇ ਮੰਗਣ ਚੜ੍ਹਦੇ ਹਨ, ਨਾਲੇ ਮੰਗਦੇ ਹਨ, ਨਾਲੇ ਘੂਰਦੇ ਹਨ । ਦੇਰ ਕਰਨ ਵਾਲੇ ਨੂੰ ਨਿਹੋਰੇ ਤੇ ਮਿਹਣੇ ਦਿੱਤੇ ਜਾਂਦੇ ਹਨ ਜੋ ਹਾਸੇ ਵਾਲੀ ਬੋਲੀ ਵਿਚ ਹੋਣ ਕਰਕੇ ਕਿਸੇ ਨੂੰ ਨਰਾਜ਼ ਨਹੀਂ ਕਰਦੇ । ਜਿਵੇਂ :—

ਤੇਰੇ ਕੋਠੇ ਉਤੇ ਮੋਰ,
ਸਾਨੂੰ ਛੇਤੀ ਛੇਤੀ ਤੋਰ ।
ਤੇਰੇ ਘਗਰੇ ਦੀ ਲੋਣ,
ਸਾਡਾ ਵਰ੍ਹੇ ਪਿਛੋਂ ਔਣ ।
ਤੂੰ ਤਾਂ ਕੰਮ ਕਰਦੀਐਂ ਨੀ,
ਸਾਨੂੰ ਰਾਤ ਪੈਂਦੀ ਹੈ ਨੀ ।

ਜਾਂ ਢੇਰ ਚਿਰ ਗਾਉਣ ਮਗਰੋਂ ਇਕ ਫੱਕਾ ਦਾਣੇ ਭੀ ਨਾ ਮਿਲਣ ਤਾਂ ਨਿੰਦਾ ਰਸ ਆਰੰਭ ਹੁੰਦਾ ਹੈ :

ਕੋਠੇ ਉਤੇ ਤੂੜੀ । ਤੇਰੀ ਮਾਂ ਹੋ ਗਈ ਚੂਹੜੀ
ਕੋਠੇ ਉਤੇ ਮੋਰਨੀ । ਤੇਰੀ ਮਾਂ ਹੋ ਗਈ ਚੋਰਨੀ
ਤੇਰੀ ਕੋਠੀ ਹੇਠਾਂ ਕੁੱਤਾ । ਕੋਈ ਰਹਿਜੇ ਥੋਡਾ ਸੁੱਤਾ ।

ਵਿਆਹਾਂ ਉਤੇ ਜਾਂਞੀਆਂ ਨੂੰ ਰੋਟੀ ਖਾਣ ਵੇਲੇ ਸਿਠਣੀਆਂ ਸੁਣਾ ਸੁਣਾ ਕੇ ਛੇੜਿਆ ਜਾਂਦਾ ਸੀ । ਸਾਲੀਆਂ ਵਲੋਂ ਭੀ ਜੀਜੇ ਨੂੰ ਮਸ਼ਕਰੀਆਂ, ਠਠੇ-ਠਠੋਲੀਆਂ ਦੇ ਰਾਹੀਂ ਖੂਬ ਤੰਗ ਕੀਤਾ ਜਾਂਦਾ ਸੀ ਅਤੇ ਜੀਜੇ ਦੇ ਪਿਉ ਨੂੰ ਵੀ ਦੂਰੋਂ-ਦੂਰੋਂ ਸਿਠਾਂ ਸੁਣਾ ਕੇ ਹਸਾਇਆ ਜਾਂਦਾ ਸੀ .

ਬਾਰਾਂ ਮਹੀਨੇ ਸੁਨਿਆਰਾ ਬਿਠਾਇਆ ।
ਚਾਂਦੀ ਦੇ ਗਹਿਣਿਆਂ ਤੇ ਸੋਨਾ ਚੜ੍ਹਾਇਆ ।
ਪਿਤਲ ਹੀ ਪਾਵੋ ਆ ਸਹੀ ।

'ਥਾਲ' ਰਾਹੀਂ ਭੀ ਸਿਠਣੀਆਂ ਦਿਤੀਆਂ ਜਾਂਦੀਆਂ ਸਨ :

ਚੌਧਰੀਆਂ ਦੀ ਜੰਞ ਆਈ, ਨਾਲ ਆਇਆ ਬਿੱਲਾ।
ਬਿੱਲੇ ਦੀ ਮੈਂ ਟੋਪੀ ਸੀਤੀ, ਚੱਪੇ ਚੱਪੇ ਤਿੱਲਾ।
ਨੀ ਲਾਹੌਰ ਸ਼ਹਿਰ ਬਿੱਲਾ, ਨੀ ਪਸ਼ੌਰ ਸ਼ਹਿਰ ਬਿੱਲਾ।
ਬਿੱਲੇ ਦੇ ਸਿਰ 'ਚ ਠੋਕਿਆ ਕਿੱਲਾ।
ਆਲ ਮਾਲ ਹੋਇਆ ਥਾਲ।

ਥਾਲ ਰਾਹੀਂ ਹੋਰਨਾਂ ਨਾਲ ਮਸ਼ਕਰੀ ਕੀਤੀ ਜਾਂਦੀ ਸੀ :

ਨਿਨਾਣੇ ਨੀ ਨਿਨਾਣੇ ! ਤੇਰੇ ਭੇਡ ਜਿੱਨੇ ਆਨੇ।
ਨੀ ਬਘਿਆੜ ਜਿੱਡਾ ਮੂੰਹ, ਨੀ ਤੂੰ ਕਿਸ ਚੰਦਰੇ ਦੀ ਨੂੰਹ ?
ਆਲ ਮਾਲ ਹੋਇਆ ਥਾਲ।

ਕਈ ਹੋਰ ਤਰ੍ਹਾਂ ਭੀ ਸਾਂਗਾਂ ਲਾਉਂਦੇ ਸੁਣੀਂਦੇ ਹਨ :

ਸਿਰ ਸੋਹੇ ਦਸਤਾਰ ਕਿ ਪਿੰਨਾਂ ਵਾਣ ਦਾ !
ਤੇੜ ਪਈ ਸਲਵਾਰ ਕਿ ਬੁੱਗ ਸਤਾਰ ਦਾ !
ਢਿਡ ਮੜੋਲੇ ਹਾਰ ਕਿ ਮਟਕਾ ਪੋਚਿਆ !
ਵੇਖੋ ਮੇਰਾ ਯਾਰ ਕਿ ਬਣਿਆ ਸਾਂਗ ਹੈ !

ਪੰਜਾਬ ਵਿਚ ਮਨੁੱਖਾਂ, ਬ੍ਰਾਦਰੀਆਂ, ਪਿੰਡ ਤੇ ਇਲਾਕਿਆਂ ਦੇ ਔਗੁਣ ਦਸਣ ਵਾਲੇ ਗੀਤ ਵੀ ਪ੍ਰਚੱਲਤ ਹਨ, ਜਿਨ੍ਹਾਂ ਨੂੰ ਸਿੱਠਾਂ ਕਹਿੰਦੇ ਹਨ, ਜਿਵੇਂ ਇਕ ਪਹਾੜ ਉਤੇ ਵਸਦੇ ਪਿੰਡ ਵਿਆਹੀ ਹੋਈ ਕੁੜੀ ਨੇ ਆਪਣੇ ਸਹੁਰੇ ਪਿੰਡ ਦੀ ਸਿੱਠ ਇਉਂ ਜੋੜੀ ਹੈ :

ਨਾ ਦੇਈਂ ਬਾਬਲ 'ਢੱਲੇ'। ਸਿਰ ਪੀੜ ਕਲੇਜਾ ਹੱਲੇ।
ਬਾਹਵਾਂ ਰਹੀਆਂ ਚੱਕੀ। ਤੇ ਲੱਤਾਂ ਰਹੀਆਂ ਢੱਕੀ।
ਦੋ ਨੈਣ ਵੰਞਾਏ ਰੋ ਰੋ। ਸਿਰ ਖੁੱਥਾ ਪਾਣੀ ਢੋ ਢੋ।

ਇਸੇ ਤਰ੍ਹਾਂ ਜੱਟਾਂ, ਕਿਰਾੜਾਂ, ਆਦਿ ਦੀਆਂ ਸੁਭਾਵਕ ਕਮਜ਼ੋਰੀਆਂ ਬਾਬਤ ਅਖਾਣ ਬਣੇ ਮਿਲਦੇ ਹਨ, ਜਿਵੇਂ :—

ਬੰਨ੍ਹੇ ਜੱਟ ਨਾ ਛੇੜੀਏ, ਤੇ ਹੱਟੀ ਤੇ ਕਿਰਾੜ।
ਬੇੜੀ ਮਲਾਹ ਨਾ ਛੇੜੀਏ, ਮਤਾਂ ਭੰਨਿ ਦੇਇ ਬੁਥਾੜ।

ਗਿੱਧੇ ਵਿਚ ਵੀ ਲੋਕੀਂ ਆਪਣੇ ਪਿੰਡਾਂ ਦੀ ਰਹਿਣੀ ਬਹਿਣੀ ਉਤੇ ਨਜ਼ਰ ਮਾਰਦੇ ਅਤੇ ਦਿਲ ਦੇ ਹੁਲਾਰੇ ਜ਼ਾਹਿਰ ਕਰਦੇ ਹਨ। ਨਵੇਂ ਜ਼ਮਾਨੇ ਦੀ ਰੌਸ਼ਨੀ

ਵਿਚ ਗਿੱਧਾ ਮੋਇਆ ਨਹੀਂ, ਸਗੋਂ ਹੋਰ ਚਮਕ ਉਠਿਆ ਹੈ। ਇਸ ਦੇ ਰਾਹੀਂ ਭੀ ਹਾਸ-ਰਸ ਜ਼ਾਹਿਰ ਹੁੰਦਾ ਹੈ, ਪਰ ਜ਼ਮਾਨੇ ਦੀ ਬਰੀਕੀ ਮੁਤਾਬਕ ਨਿਮ੍ਹਾ ਨਿਮ੍ਹਾ :

ਸੁਰਮਾ ਤਿੰਨ ਰੱਤੀਆਂ—
ਡਾਕ ਗੱਡੀ ਵਿਚ ਆਇਆ।
... ... ...
ਜਣ ਕੇ ਨੌਂ ਕੁੜੀਆਂ—
ਤੇਰੀ ਚੀਨ ਦੀ ਖੱਟੀ ਦਾ ਮੂੰਹ ਭੰਨ ਦੂੰ।
... ... ...
ਕਾਲਿਆਂ ਨੂੰ ਖ਼ਬਰ ਕਰੋ—
ਗੋਰਾ ਰੰਗ ਡੱਬੀਆਂ ਵਿਚ ਆਇਆ।
... ... ...
ਸਿਰ ਗੁੰਦ ਦੇ, ਕੁਪੱਤੀਏ ਨੈਣੇ !
ਉਤੇ ਪਾ ਦੇ ਡਾਕ-ਬੰਗਲਾ।
... ... ...
ਹੁਣ ਦੇ ਬਾਬੂਆਂ ਦੇ—
ਚਿੱਟੇ ਕਪੜੇ ਤੇ ਖੀਸੇ ਖ਼ਾਲੀ।
... ... ...
ਆਰੀਆਂ ਨੇ ਅਤਿ ਚੱਕ ਲਈ—
ਸਾਰੇ ਪਿੰਡ ਦੇ ਸਰਾਧ ਬੰਦ ਕੀਤੇ।
... ... ...
ਬਣ ਗਿਆ ਸਿੰਘ-ਸਭੀਆ—
ਜਦੋਂ ਮੁਕ ਗਏ ਘੜੇ ਚੋਂ ਦਾਣੇ।
... ... ...
ਮੈਂ ਕਾਲਣ ਬਣ ਗਈ ਵੇ—
'ਕਾਲੀਆ ! ਤੇਰਿਆਂ ਦੁੱਖਾਂ ਦੀ ਮਾਰੀ।
... ... ...
ਹੋ ਗਏ ਬੇਮੋਹੇ—
ਜਿਹੜੇ ਸੰਗ 'ਕਾਲੀਆਂ ਦੇ ਰਲ ਗਏ।
... ... ...

ਛੇਤੀ ਛੇਤੀ ਤੋਰ ਯੱਕੇ ਨੂੰ—
ਮੈਂ ਯਾਰ ਦੀ ਤਰੀਕੀਂ ਜਾਣਾ।
... ... ...
ਕਾਲ੍ਹੀ ਏਂ ਤਾਂ ਰੇਲ ਚੜ੍ਹ ਜਾ—
ਮੇਰੇ ਯੱਕੇ ਨੇ ਮਟਕ ਨਾਲ ਤੁਰਨਾ।
...

੨

ਜ਼ਬਾਨੀ ਮਖੌਲਾਂ ਦਾ ਜ਼ਿਕਰ ਕਰ ਕੇ ਹੁਣ ਆਓ ਪੰਜਾਬੀ ਸਾਹਿੱਤ ਵਿਚ ਹਾਸ-ਰਸ ਨੂੰ ਲੈਂਦੇ ਹਾਂ।

ਸਿੱਖ ਗੁਰੂਆਂ ਵਿਚ ਚੋਖਾ ਹਾਸ-ਰਸ ਸੀ। ਇਸਦੇ ਨਮੂਨੇ ਅਗਲੇ ਕਾਂਡ ਵਿਚ ਦੇਖ ਲੈਣੇ। ਇਨ੍ਹਾਂ ਤੋਂ ਇਲਾਵਾ ਸੁਥਰੇ ਅਤੇ ਜਲ੍ਹਣ ਜੱਟ ਵਰਗੇ ਕਈ ਮੌਜੀ ਭਗਤ ਹੋਏ ਹਨ ਜੋ ਗੱਲਾਂ ਮਖ਼ੌਲ ਵਾਲੀਆਂ ਪਰ ਸਦਾ ਟਿਕਾਣੇ ਦੀਆਂ ਕਰਦੇ ਸਨ :

'ਸੁਥਰਾ ਚਾਲੀ ਸੇਰੀ ਕਹਿੰਦਾ ਹਾਸੇ ਵਿਚ ਲਪੇਟੀ।'
'ਜਲ੍ਹਿਆ ! ਰੱਬ ਦਾ ਕੀ ਪਾਉਣਾ,
ਐਧਰੋਂ ਪੁੱਟਣਾ ਤੇ ਔਧਰ ਲਾਉਣਾ।'
'ਨਿੱਕੇ ਹੁੰਦੇ ਢੱਗੇ ਚਾਰੇ, ਵੱਡੇ ਹੋਏ ਹਲ ਵਾਹਿਆ।
ਬੁੱਢੇ ਹੋਏ ਮਾਲਾ ਫੇਰੀ, ਰੱਬ ਦਾ ਉਲਾਂਭਾ ਲਾਹਿਆ।'

ਇਨ੍ਹਾਂ ਤੋਂ ਇਲਾਵਾ ਦਮੋਦਰ, ਵਾਰਸ ਸ਼ਾਹ ਆਦਿ ਲਿਖਾਰੀ ਆਪਣੀ ਰਚਨਾ ਵਿਚ ਇਕ ਥਾਈਂ ਹਾਸੇ ਦੀਆਂ ਗੱਲਾਂ ਲਿਖਦੇ ਹਨ। ਦਮੋਦਰ ਵਿਚ ਉਹ ਮੌਜੀ ਤੇ ਖੁਲ੍ਹੀ ਤਬੀਅਤ ਨਹੀਂ ਜੋ ਵਾਰਸ ਸ਼ਾਹ ਦੀ ਸੀ। ਦਮੋਦਰ ਨੇ ਹੀਰ ਦਾ ਕਿੱਸਾ ਉਸ ਵੇਲੇ ਲਿਖਿਆ ਜਦੋਂ ਪੰਜਾਬੀ ਬੋਲੀ ਅਜੇ ਬਹੁਤ ਉੱਨਤੀ ਨਹੀਂ ਸੀ ਕਰ ਚੁਕੀ। ਫੇਰ ਵੀ ਉਸ ਦੀ ਰਚਨਾ ਵਿਚ ਇਕੜ ਦੁਕੜ ਤੁਕਾਂ ਬਹੁਤ ਸਵਾਦੀ ਮਿਲਦੀਆਂ ਹਨ, ਜਿਵੇਂ—

'ਅੱਧਾ ਧੜ ਹੰਨੇ ਵਿਚ ਫ਼ਾਥਾ, ਅੱਧਾ ਢੱਠਾ ਧਰਤੀ।
ਆਖ ਦਮੋਦਰ ਕੀਕਣ ਦਿਸੇ, ਜਿਉਂ ਧੋਬੀ ਸੁਥਣ ਘੱਤੀ !'

ਵਾਰਸ ਸ਼ਾਹ ਇਕੜ ਦੁਕੜ ਤੁਕਾਂ ਵਿਚ ਨਹੀਂ, ਬਲਕਿ ਸਾਰੇ ਪੈਰੇ ਦੇ ਪੈਰੇ ਵਿਚ ਹਾਸੇ ਦਾ ਮੌਕਾ ਰਚਦਾ ਹੈ। ਦਮੋਦਰ ਦੇ ਹਾਸੇ ਦਾ ਸਵਾਦ ਇਉਂ ਆਉਂਦਾ ਹੈ ਜਿਵੇਂ ਮੇਜ਼ ਤੇ ਪਏ ਗੁਲਦਸਤੇ ਵਿਚੋਂ ਇਕ ਦੋ ਫੁੱਲਾਂ ਨੂੰ ਦੇਖ ਕੇ ਆਉਂਦਾ ਹੈ; ਅਤੇ ਵਾਰਿਸ ਸ਼ਾਹ ਦੇ ਹਾਸੇ ਦਾ ਸਵਾਦ ਇਉਂ ਹੈ ਜਿਵੇਂ ਚੁਬਾਰੇ ਦੀ ਬਾਰੀ ਵਿਚੋਂ ਕਿਸੇ ਖੁਲ੍ਹੇ ਨਜ਼ਾਰੇ ਨੂੰ ਵੇਖੀਏ ਜਿਸ ਵਿਚ ਪਹਾੜ, ਦਰਿਆ ਤੇ ਵਾਦੀ ਦੀਆਂ ਕੁਦ-ਰਤੀ ਖੂਬਸੂਰਤੀਆਂ ਭਰੀਆਂ ਪਈਆਂ ਹੋਣ। ਮਿਸਾਲ ਵਜੋਂ ਹੇਠਲੇ ਬੈਂਤ ਲਓ :—

ਮਾਲਾ ਫੇਰਦਾ ਇਸ਼ਕ ਪ੍ਰੋਹਤਣੀ ਦਾ,
ਅੱਗੇ ਭਟਣੀ ਦਾ ਖੜਾ ਕਵਿਤ ਲਾਈ।
ਚੜ੍ਹਿਆ ਊਠ ਤੇ ਇਸ਼ਕ ਬਲੋਚਣੀ ਦਾ,
ਮਾਰੇ ਪਾਸਣੇ ਤੇ ਫਿਰੇ ਸਾਂਗ ਲਾਈ।
ਉਜ਼ੂ-ਸਾਜਿਆ ਇਸ਼ਕ ਸੱਯਦਾਣੀਆਂ ਦਾ,
ਅੱਗੇ ਖੜਾ ਅਰਾਇਣ ਦਾ ਫੁਲ ਚਾਈ।
ਕੂੰਜ ਵਾਂਗ ਕੁਰਲਾਂਵਦਾ ਸਿਪਾਹਿਣੀ ਦਾ,
ਜਿਦ੍ਹਾ ਕੰਤ ਪਰਦੇਸੀ, ਨ ਵਾਹ ਕਾਈ।

ਹਰ ਇਕ ਕੌਮ ਦੀ ਔਰਤ ਦਾ ਪ੍ਰੇਮ ਦੱਸਣ ਲੱਗਿਆਂ ਥੋੜ੍ਹੇ ਲਫ਼ਜ਼ਾਂ ਵਿਚ ਸਾਰੀ ਕੌਮ ਦੀ ਰਹਿਣੀ-ਬਹਿਣੀ ਤੇ ਖਾਸ-ਖਾਸ ਗੁਣਾਂ ਔਗੁਣਾਂ ਵੱਲ ਇਸ਼ਾਰਾ ਕੀਤਾ ਹੈ। ਹੀਰ ਦੇ ਦਾਜ ਵਿਚ ਜੋ ਅਣਗਿਣਤ ਵਸਿੱਤਰ ਰੱਖੀ ਗਈ, ਉਸ ਵਿਚ ਕੁਝ ਦੇਗਾਂ ਭੀ ਸਨ ਜਿਨ੍ਹਾਂ ਨੂੰ ਰੱਸੇ ਤੇ ਸੰਗਲ ਪਾ ਕੇ ਇਉਂ ਖਿੱਚਦੇ ਸਨ ਜਿਵੇਂ ਸ਼ਾਹੀ ਫ਼ੌਜਾਂ ਤੋਪਾਂ ਖਿਚਦੀਆਂ ਸਨ।

'ਦੇਗਾਂ ਖਿਚਦੀਆਂ ਘਤ ਜ਼ੰਜੀਰ ਰਸੇ,
ਤੋਪਾਂ ਖਿਚਦੇ ਕਟਕ ਪਾਤਸ਼ਾਹੀਆਂ ਦੇ।'

ਦਾਲ ਜਾਂ ਪਲਾਉ ਰਿਨ੍ਹਣ ਵਾਲੀਆਂ ਦੇਗਾਂ ਨੂੰ ਜੰਗੀ ਤੋਪਾਂ ਨਾਲ ਤਸ਼ਬੀਹ ਦੇਣਾ ਐਸੇ ਅਣਮੇਲਾਂ ਨੂੰ ਮੇਲਣਾ ਹੈ ਕਿ ਪੜ੍ਹ ਕੇ ਹਾਸਾ ਆ ਜਾਂਦਾ ਹੈ। ਰਾਂਝੇ ਨੇ ਜੋਗੀ ਬਣਨ ਵੇਲੇ ਜੋ ਬਾਲ ਨਾਥ ਨੂੰ ਖੁਸ਼ ਰਹਿਣ ਤੋਂ ਹੋੜਨ ਉਤੇ ਸਲਵਾਤਾਂ ਸੁਣਾਈਆਂ ਉਹ ਭੀ ਉਸ ਦੇ ਪੰਜਾਬੀਪੁਣੇ ਦਾ ਨਮੂਨਾ ਹਨ। ਉਹ ਕਹਿੰਦਾ ਹੈ :

'ਅਸੀਂ ਜੱਟ ਹਾਂ ਨ੍ਹਾੜੀਆਂ ਕਰਨ ਵਾਲੇ, ਅਸਾਂ ਝਚਕੜੇ ਨਹੀਂ ਪਰੋਵਣੇ ਨੀ।
ਸਾਥੋਂ ਖਪਰੀ ਨਾਦ ਨ ਜਾਇ ਸਾਂਭੀ, ਅਸਾਂ ਢਗੇ ਹੀ ਅੰਤ ਨੂੰ ਜੋਵਣੇ ਨੀ।

ਹਸ ਖੇਡਣਾ ਤੁਸਾਂ ਚਾ ਮਨ੍ਹਾਂ ਕੀਤਾ, ਅਸਾਂ ਧੂਏਂ ਦੇ ਗੋਹੇ ਨਹੀਂ ਢੋਵਣੇ ਨੀ।

ਵਰਤਮਾਨ ਸਮੇਂ ਵਿਚ ਐਸ. ਐਸ. ਚਰਨ ਸਿੰਘ 'ਸ਼ਹੀਦ' ਅਤੇ ਈਸ਼ਰ ਸਿੰਘ 'ਈਸ਼ਰ' ਨੇ ਹਾਸ-ਰਸ ਨੂੰ ਚੰਗਾ ਨਿਬਾਹਿਆ ਹੈ। 'ਸ਼ਹੀਦ' ਜੀ ਨੇ ਆਪਣੀ ਕਵਿਤਾ ਦੀ ਕਿਤਾਬ 'ਬਾਦਸ਼ਾਹੀਆਂ' ਵਿਚ ਸੁਥਰੇ ਸ਼ਾਹ ਦੀ ਬਾਦਸ਼ਾਹੀ ਰੁਚੀ ਨੂੰ ਮੁੜ ਸੁਰਜੀਤ ਕੀਤਾ ਹੈ। ਪਰ ਉਨ੍ਹਾਂ ਦੀ ਕਵਿਤਾ ਵਿਚ ਉਹ ਸੰਜਮ ਨਹੀਂ ਜੋ ਅਸਲ ਸੁਥਰੇ ਦੀਆਂ ਗੱਲਾਂ ਵਿਚ ਹੁੰਦੀ ਸੀ, ਇਸ ਲਈ ਇੱਕੜ-ਦੁੱਕੜ ਤੁਕਾਂ ਯਾਦ ਉਤੇ ਨਹੀਂ ਚੜ੍ਹਦੀਆਂ, ਪਰ ਉਨ੍ਹਾਂ ਦੀ ਕੋਈ ਪੂਰੀ ਕਵਿਤਾ ਲਉ, ਉਸ ਵਿਚ ਸਮੁੱਚੇ ਤੌਰ ਤੇ ਉਹੀ ਸਵਾਦ ਆਵੇਗਾ। ਇਹ ਕਵੀ ਹਸਾਉਣੇ 'ਵਾਕਿਆਂ' ਨੂੰ ਬਿਆਨ ਕਰਨ ਵਾਲਾ ਹੈ ਨਾ ਕਿ ਹਸਾਉਣੇ 'ਵਾਕ ਰਚਣ ਵਾਲਾ'। ਹਾਂ,'ਮਜ਼ੇਦਾਰ ਬੇਵਫ਼ਾਈਆਂ', 'ਮੰਗਤਾ ਪਾਤਸ਼ਾਹ' ਆਦਿ ਹਸਾਉਣੇ ਲਫ਼ਜ਼ ਜਾਂ ਇਸ ਤਰ੍ਹਾਂ ਦੇ ਕਥਨ ਜ਼ਰੂਰ ਯਾਦ ਵਿਚ ਰਹਿ ਜਾਂਦੇ ਹਨ, ਜਿਵੇਂ—

'ਨਿਆਜ਼ ਯਾਰ੍ਹਵੀਂ ਦੀਆਂ ਰੋਟੀਆਂ ਢੇਰ ਮੁੱਲਾਂ ਨੂੰ ਆਈਆਂ।
ਵਾਂਗ ਪਾਥੀਆਂ, ਬਾਹਰ ਮਸੀਤੋਂ, ਧੁੱਪੇ ਸੁਕਣੇ ਪਾਈਆਂ।'

'ਸ਼ਹੀਦ' ਜੀ ਨਸਰ ਵਿਚ ਵੀ ਹਸੌਣੇ ਲੇਖ ਦਾ ਮੁੱਢ ਬੰਨ੍ਹ ਗਏ ਹਨ, ਖ਼ਾਸ ਕਰਕੇ ਬਾਬੇ ਵਰਿਆਮੇ ਜਿਹਾ ਇਕ ਐਸਾ ਦਿਲ ਖਿਚਵਾਂ ਤੇ ਮਖ਼ੌਲੀ ਪਾਤਰ ਬਣਾ ਗਏ ਹਨ ਕਿ ਹੁਣ ਤਕ ਉਸ ਦੇ ਨਾਲ ਦਾ ਨਾ ਕੋਈ ਪੰਜਾਬੀ ਸਾਹਿੱਤ ਵਿਚ ਜੰਮਿਆ ਹੈ ਨਾ ਜੰਮੇਗਾ। ਹਾਂ, ਉਸ ਦੀਆਂ ਨਕਲਾਂ ਕਰਨ ਵਾਲੇ ਹਰ ਇਕ ਅਖ਼ਬਾਰ ਵਿਚ ਜੰਮ ਪਏ ਹਨ।

ਈਸ਼ਰ ਸਿੰਘ 'ਈਸ਼ਰ' ਦਾ 'ਭਾਈਆ' ਚੰਗੀ ਮਖੌਲੀ ਕਿਤਾਬ ਹੈ, ਅਤੇ ਇਸ ਸੰਬੰਧ ਵਿਚ ਬਹੁਤ ਕਦਰ ਜੋਗ ਹੈ। ਇਹ ਲਿਖਾਰੀ ਹਾਸਾ ਲਿਆਉਣ ਲਈ ਕਈ ਤਰੀਕੇ ਵਰਤਦਾ ਹੈ। ਕਦੀ ਤਾਂ ਹਸਾਉਣੇ ਮੌਕੇ ਪੈਦਾ ਕਰਦਾ ਹੈ, ਜਿਵੇਂ ਭਾਈਏ ਦੀ ਕੁਕੜੀ, ਭਾਈਏ ਦਾ ਨੱਕ, ਭਾਈਏ ਦੇ ਸ਼ਗਨ ਮਗਨ ਆਦਿ ਜਿਨ੍ਹਾਂ ਦਾ ਖ਼ਿਆਲ ਕਰਦਿਆਂ ਹੀ ਦਿਲ ਵਿਚ ਕੁਤਕੁਤਾਰੀਆਂ ਹੋਣ ਲਗ ਪੈਂਦੀਆਂ ਹਨ। ਨਾਲ ਹੀ ਬੋਲੀ ਭੀ ਸਮੇਂ ਦੇ ਅਨਕੂਲ ਬਹੁਤ ਚੁਸਤ, ਢੁੱਕਵੀਂ ਤੇ ਮੁਹਾਵਰਿਆਂ ਨਾਲ ਜੜਤ ਹੋਈ ਵਰਤਦਾ ਹੈ, ਜਿਵੇਂ—

'ਆਮਦ ਸਾਡੀ ਉਤੇ ਘਰ ਵਿਚ ਨਾ ਸੀ ਠੀਕਰ ਕਾਣੀ।
ਭਾਈਏ ਜੀ ਦੇ ਥਲਿਉਂ ਸਾਰਾ ਨਿਕਲ ਚੁਕਾ ਸੀ ਪਾਣੀ।'

ਇਕ ਦਿਨ ਭਾਈਏ ਨੇ ਕਾਣੀ ਜਹੀ ਮੱਝ ਬੂਰੀ,
ਮੁੱਲ ਲੈ ਆਂਦੀ ਕਰਜ਼ਾ ਚਾ ਕੇ ਤੇ।
ਅੱਗੇ ਸਿੰਙ ਮਾਰੇ, ਪਿੱਛੋਂ ਲੱਤ ਮਾਰੇ,
ਦੁੱਧ ਚੋਈਏ ਪਰ ਪਾਸੇ ਭੰਨਾ ਕੇ ਤੇ।
ਚਾਰ ਸੇਰ ਤੋਂ ਦੁੱਧ ਨਾ ਵਧ ਦੇਂਦੀ,
ਛੇ ਸੇਰ ਪੂਰਾ ਵੰਡਾ ਖਾ ਕੇ ਤੇ।

... ... ...

ਬੂੜੀ ਖੋਤੀ ਦੀ ਦਸ ਤੂੰ ਚਾਲ ਕੀ ਏ,
ਅਰਬੀ ਸੋਹਣੇ ਘੋੜੇ ਜਹੇ ਦੀ ਦੌੜ ਅੱਗੇ।
ਤੇਰੀ ਫੱਟੀ ਹੋਈ ਪੱਗ ਦੀ ਸ਼ਾਨ ਕੀ ਏ,
ਮੇਰੇ ਥਾਨ ਦੇ ਬੱਧੇ ਪਗੌੜ ਅੱਗੇ ?'

ਆਓ ਹੁਣ ਬੋਲੀ ਵਿਚ ਹਾਸਾ ਲਿਆਉਣ ਦੇ ਕੁਝ ਕੁ ਢੰਗਾਂ ਦੀ ਫੋਲਾ-ਫਾਲੀ ਕਰੀਏ।

(੧) ਅਜੋੜਵੇਂ ਲਫ਼ਜ਼ ਇਕੱਠੇ ਕਰਨੇ : ਜਿਵੇਂ—'ਕਿਸੇ ਖੇਤੀ ਵਾਹ ਖਾਧੀ, ਕਿਸੇ ਪੋਥੀ ਵਾਹ ਖਾਧੀ।' ਏਥੇ 'ਖੇਤੀ ਵਾਹੁਣਾ' ਤਾਂ ਸਾਧਾਰਨ ਗੱਲ ਸੀ; ਪਰ ਜਦੋਂ 'ਪੋਥੀ ਵਾਹੁਣ' ਦਾ ਖਿਆਲ ਆਇਆ ਤਾਂ ਇਕ ਨਵਾਂ ਚਮਤਕਾਰ ਪੈਦਾ ਹੋ ਗਿਆ। ਇਸੇ ਤਰ੍ਹਾਂ ਲਓ : 'ਮਿੱਠਾ ਮਹੁਰਾ' ਨਮਾਜ਼ੀ ਕਾਫ਼ਰਾਂ ਦਾ ਖ਼ੂਨ ਸ਼ਹੀਦਾਂ ਤੇ ਟਪਕਦਾ ਹੈ, 'ਸੜਕਾਂ ਚੋਂ ਪਾਈਆਂ' 'ਛੰਦ ਬਹਿ ਕੇ ਆਈਏ, ਆਈਏ ਆਈਏ, ਨਾ ਆਈਏ ਤਾਂ ਨਾ ਹੀ ਆਈਏ', 'ਵਾਹ ਬਈ ਵਾਹ ! ਰੋਟੀਆਂ ਨੇ ਕਿ ਗਾਗਰਾਂ ਨੇ', 'ਸ੍ਰੀ ਮਤੀ ਗੋਭੀ ਜੀ ਦੇ ਚੀਰ ਹਰਨ ਕੀਤੇ', 'ਪਾਂਡੇ ਤੁਮਰੀ ਗਾਇਤ੍ਰੀ ਲੋਧੇ ਕਾ ਖੇਤੁ ਖਾਤੀ ਥੀ, ਲੈ ਕਰਿ ਠੇਂਗਾ ਟੰਗਰੀ ਤੋਰੀ ਲਾਗਤ ਲਾਗਤ ਜਾਤੀ ਥੀ', 'ਨੂਰ ਘਟਾ ਬੰਨ੍ਹ ਕੇ ਆਇਆ ਹੈ ਦੁਸ਼ਮਣ ਦਾ ਸਿਰ ਦੁਖਦਾ ਹੈ', 'ਸੁਖ ਨਾਲ ਲੱਤਾਂ ਭੰਨ ਆਏ', 'ਰਲੋ ਮਿਲੋ ਖਾਂ ਸਹੇਲੀਉ ਨੀ, ਲੰਝੇ ਦੁਗਲ ਦੀ ਪੈਜ ਸਵਾਰੀਏ ਨੀ', 'ਸਾਰੀ ਹਕੀਕਤ ਇੰਨ ਬਿੰਨ ਸੋਲ੍ਹਾਂ ਆਨੇ ਤੋਲਵੀਂ, ਚਾਲੀ ਸੇਰੀ ਗੇਣਵੀਂ ਤੇ ਅਲਫ਼ ਤੇ ਜ਼ੈੱਡ, ਏ ਤੋਂ ਜ਼ਾੜੇ ਅਤੇ ਊੜੇ ਤੋਂ ਯੇ ਤਕ ਸੁਣਾ ਦਿੱਤੀ', 'ਚਿੜੀਆਂ ਦਾ ਦੁੱਧ', 'ਸੰਗਤਰੇ ਦੀ ਵੇਲ', 'ਕਣਕ ਦਾ

ਦਰੱਖ਼ਤ', 'ਝੋਟਾ ਚੋਇਆ', 'ਭੇਡਾਂ ਸਿੰਙ ਕਦੋਂ ਨੇ ਜੰਮੇ', 'ਅਸੀਂ ਦੋ ਕੁ ਮਿੰਟ ਤਿਲਕੇ ਰਹੇ।'

(੨) ਲਫ਼ਜ਼ ਨੂੰ ਵਿਗਾੜਨਾ : ਡਾਕਦਰ, ਮਬੂਜੀ, ਚੀਪ ਹਡੀਟਰ, ਨੁਸ਼ਕਾਨ, ਲੰਬੜ, ਨੌਂਤੀ ਸੌ, ਵਾਫ਼ਕੀ, ਫ਼ਾਇਤਾ (ਫਤਿਹਾ ਦੀ ਥਾਂ)।

(੩) ਲਫ਼ਜ਼ ਦੇ ਅਰਥ ਨੂੰ ਵਿਗਾੜਨਾ : ਸਲਵਾਤਾਂ ਸੁਣਾਈਆਂ, ਸੋਹਲੇ ਸੁਣਾਏ।

(੪) ਲਫ਼ਜ਼ ਨੂੰ ਵਡਿਆ ਕੇ ਵਰਤਣਾ : ਚੁੜ੍ਹਾਲ ਸੌ, ਦਾਲਾ, ਮੁਛਹਿਰੇ, ਦਾੜ੍ਹ ਜੂਤ ਚਾਹਟਾ।

(੫) ਗੱਲ ਵਧਾ ਕੇ ਕਹਿਣੀ : ਲਖ ਵਾਰੀ ਕਿਹਾ : ਮੀਂਹ ਦੋ ਘਟੇ ਵੱਸੇ ਤਾਂ ਛੱਤ ਛੇ ਘੰਟੇ ਵਸਦੀ ਹੈ 'ਵਾਰਸ ਸ਼ਾਹ ਨ ਮੁੜਾਂ ਰੰਝੇਟੜੇ ਤੋਂ ਭਾਵੇਂ ਬਾਪ ਦੇ ਬਾਪ ਦਾ ਬਾਪ ਆਵੇ', 'ਵਾਰਸ ਸ਼ਾਹ ਨ ਥਾਉਂ ਦਮ ਮਾਰਨੇ ਦਾ, ਚੁਵਾਂ ਚਸ਼ਮਾਂ ਦੀ ਜਦੋਂ ਘਮਸਾਨ ਹੋਈ, ਜਾਂ ਮੈਂ ਮੰਗਿਆ ਤਾਂ ਲੱਗਾ ਪੈਣ ਘੋਟੂ।'

(੬) ਮਸ਼ਹੂਰ ਕਵਿਤਾ ਜਾਂ ਅਖਾਣਾਂ ਦੀ ਸਾਂਗ ਉਤਾਰਨੀ (Parody) :

'ਉਠੀ ਫਜ਼ਰੀ ਪੂੰਨ੍ਹੂੰ ਬੈਠਾ ਸੀ ਚੁਲ੍ਹੇ
ਹਾਏ ਕੀ ਕਹਿਰ ਦਾ ਧੂੰਆਂ ਈ ਪਾਇਆ।'

ਪ੍ਰੋਫ਼ੈਸਰ ਮੋਹਨ ਸਿੰਘ ਦੀ ਕਵਿਤਾ 'ਸਿਖੀ' ਦੇ ਕਈ ਸਾਂਗ ਉਤਾਰੇ ਮਿਲਦੇ ਹਨ : ਜਿਵੇਂ—'ਪੇਟੂ' ਤੇ 'ਘੋਟੂ' ਇਸ ਤਰ੍ਹਾਂ 'ਦਿੱਤੀ-ਤੋੜ'। ਸਿੰਘ ਦੇ ਵਜ਼ਨ ਉਤੇ 'ਪਾਪੜ ਤੋੜ-ਸਿੰਘ' ਜਾਂ 'ਤਹ ਤੋੜ ਸਿੰਘ' ਅਤੇ 'ਬੋਨਾ ਪਾਰਟ' ਦੇ ਵਜ਼ਨ ਉਤੇ 'ਪੋਨਾ-ਪਾੜ' ਬਣਾਨਾ ਇਕ ਮਸ਼ਕੂਲਾ ਹੈ।

(੭) ਬਹੁ-ਅਰਥ ਲਫ਼ਜ਼ ਵਰਤਣੇ : ਇਸ ਨੂੰ ਯਮਕ ਅਲੰਕਾਰ ਭੀ ਕਹਿੰਦੇ ਹਨ। ਇਸ ਦੀ ਵਰਤੋਂ ਅਜ ਕਲ ਬਹੁਤ ਪਸੰਦ ਨਹੀਂ ਕੀਤੀ ਜਾਂਦੀ। ਮਿਸਾਲ :

'ਭਾਈ ਲਹਿਣਾ ! ਤੂੰ ਲਹਿਣਾ ਤੇ ਮੈਂ ਦੇਣਾ।'

'ਰਾਹ ਦੇ, ਰਾਹ ਦੇ ਹਰ ਕੋਈ ਆਖੇ, ਕਿਸ ਕਿਸ ਨੂੰ ਉਹ ਰਾਹ ਦੇ ?
ਜੇ ਰਾਧੇ ਨਿਤ ਨਾਮ ਅਰਾਧੇ, ਤਦ ਭੇਦ ਖੁਲ੍ਹਣ ਉਸ ਰਾਹ ਦੇ।
ਇਕ ਰਾਧੇ ਦੇ ਵੇਖਣ ਕਾਰਨ, ਕਈ ਖੜੇ ਵਿਚ ਰਾਹ ਦੇ।
ਬਿਨ ਰਾਹ ਦਸਿਆਂ ਭੇਦ ਨ ਖੁਲ੍ਹਦਾ, ਕਈ ਭੁਲੇ ਫਿਰਨ ਵਿਚ
ਰਾਹ ਦੇ।

ਕਈ ਵੇਰ ਲਫਜ਼ ਦੇ ਇਕ ਭਾਵ ਨੂੰ ਸਾਹਮਣੇ ਲਿਆ ਜਾਂਦਾ ਹੈ, ਪਰ ਉਸ ਦੂਜੇ ਭਾਵ ਵਲ ਗੁਝਾ ਇਸ਼ਾਰਾ ਹੁੰਦਾ ਹੈ ਜੋ ਇਕ ਨਵਾਂ ਚਮਤਕਾਰ ਪੈਦਾ ਕਰ ਦਿੰਦਾ ਹੈ। ਜਿਵੇਂ—

'ਮੋਟਰ ਦਾ ਤੇਲ ਵੀ ਮਸੇਂ ਬਨਾਰਸ ਮੁੜ ਪਹੁੰਚਣ ਜੋਗਾ ਰਹਿ ਗਿਆ ਸੀ ਤੇ ਅੱਗੇ ਭੀ ਕੋਈ ਰਾਹ ਨਹੀਂ ਸੀ। ਤਾਂ ਤੇ ਸਿਧ ਹੋਇਆ ਕਿ ਕਾਂਸ਼ੀ ਜੀ ਪੁੱਜੇ ਬਗੈਰ 'ਗਤੀ' ਹੋਣੀ ਮੁਸ਼ਕਲ ਹੈ।'

'ਸੁਥਰਾ ਹਸਿਆ। ਜਾਤ-ਜੂਤ ਤੋਂ ਸੌ ਸੌ ਕੋਹਾਂ ਨਸਿਆ'

('ਬਾਦਸ਼ਾਹੀਆਂ')

ਇਥੇ 'ਜੂਤ' ਦੋ ਤਰ੍ਹਾਂ ਨਾਲ ਵਰਤਿਆ ਗਿਆ ਹੈ, ਇਕ ਤਾਂ ਮੁਹਮਲ ਕਰਕੇ ਜਿਵੇਂ ਕਹੀਦਾ, ਮੈਂ ਮਤ ਸ਼ਤ ਕੋਈ ਨਹੀਂ ਦਿੰਦਾ, 'ਤੂੰ ਖ਼ਬਰ ਅਤਰ ਲੈਣ ਨਹੀਂ ਆਇਆ। ਦੂਜਾ ਅਰਥ 'ਜੁਤੀ' ਨੂੰ ਵਡਿਆ ਕੇ 'ਜੂਤ' ਕਹੀਦਾ ਹੈ।

✠

# ਹਾਸ-ਰਸ ਅਤੇ ਧਰਮ

ਸਾਡੇ ਦੇਸ਼ ਵਿਚ ਹਾਸ-ਰਸ ਦਾ ਘਾਟਾ ਨਹੀਂ। ਜਿਥੇ ਅਰੋਗਤਾ, ਖੁਲ੍ਹ ਤੇ ਖ਼ੁਸ਼-ਦਿਲੀ ਹੈ, ਉਥੇ ਹਾਸਾ ਮਖੌਲ ਜ਼ਰੂਰ ਹੋਵੇਗਾ। ਪਰ ਸਿਆਣੇ ਤੇ ਧਾਰਮਕ ਲਿਖਾਰੀ ਆਮ ਤੌਰ ਤੇ ਇਸ ਤੋਂ ਕੰਨੀਂ ਕਤਰਾਉਂਦੇ ਦਿਸਦੇ ਹਨ।

ਸਾਹਿਤ-ਵਾਦੀਆਂ ਨੇ ਨੌਂ ਰਸ ਮੰਨੇ ਹਨ। ਉਨ੍ਹਾਂ ਵਿਚ ਹਾਸ-ਰਸ ਨੂੰ ਥਾਂ ਤਾਂ ਦਿਤੀ ਜਾਂਦੀ ਹੈ, ਪਰ ਇਸ ਨੂੰ ਕੋਈ ਉੱਚਾ ਰਸ ਨਹੀਂ ਮੰਨਿਆ। ਇਸ ਨੂੰ ਇਕ ਨੀਵੇਂ ਦਰਜੇ ਦਾ ਮੰਨ ਕੇ ਬਹੁਤ ਅਪਣਾਇਆ ਨਹੀਂ। ਆਮ ਤੌਰ ਤੇ ਹਾਸ-ਰਸ ਤੋਂ ਭਾਵ ਨਿਰਾ ਮਖੌਲ ਹੀ ਲਿਆ ਜਾਂਦਾ ਹੈ, ਪਰ ਜਿਉਂ ਜਿਉਂ ਮਨੁੱਖੀ ਆਚਰਣ ਦੇ ਕੋਮਲ ਪਾਸਿਆਂ ਵਲ ਵਧੇਰੇ ਧਿਆਨ ਕੀਤਾ ਜਾ ਰਿਹਾ ਹੈ, ਤਿਉਂ ਤਿਉਂ ਹਾਸ-ਰਸ ਦੀ ਲੋੜ ਅਤੇ ਇਹਦੇ ਡੂੰਘੇ ਭਾਵਾਂ ਦੀ ਕਦਰ ਵੱਧ ਰਹੀ ਹੈ।

ਅਸਲ ਵਿਚ ਹਾਸ ਰਸ ਕੋਈ ਵੇਲਾ ਟਪਾਣ ਦਾ ਸਮਿਆਨ ਜਾਂ ਵਿਹਲੜਾਂ ਦੀ ਗੱਪ ਸ਼ੱਪ ਦਾ ਨਾਂ ਨਹੀਂ। ਇਹ ਸਾਡੇ ਅੰਦਰ ਜ਼ਮੀਰ ਜਾਂ ਅੰਤਹਕਰਣ ਵਾਂਗੂੰ ਇਕ ਕੋਮਲ ਭਾਵ ਬਣਾ ਕੇ ਰਖਿਆ ਗਿਆ ਹੈ, ਜਿਸ ਦੀ ਮੱਦਦ ਨਾਲ ਅਸੀਂ ਕੁਢੰਗੀ ਗਲ ਝਟ ਪਛਾਣ ਜਾਂਦੇ ਹਾਂ ਅਤੇ ਅਤਿ ਚੁਕਣ ਤੋਂ ਬਚੇ ਰਹਿੰਦੇ ਹਾਂ। ਜਿਵੇਂ ਜ਼ਮੀਰ ਜਾਂ ਅੰਤਹਕਰਣ ਦਾ ਕੰਮ ਹੈ ਕਿ ਜਦ ਕੋਈ ਖ਼ਿਆਲ ਜਾਂ ਕੰਮ ਇਖ਼ਲਾਕ ਤੌਰ ਤੇ ਮੰਦਾ ਹੋਣ ਲਗੇ ਤਾਂ ਸਾਨੂੰ ਝਟ ਪਟ ਅਗਾਂਹ ਕਰ ਦੇਵੇ, ਤਿਵੇਂ ਹਾਸ-ਰਸ ਦਾ ਕੰਮ ਹੈ ਕਿ ਜਦ ਸਾਡੇ ਸਾਹਮਣੇ ਕੋਈ ਗੱਲ ਯੋਗਤਾ ਦੇ ਠਿਕਾਣੇ ਤੋਂ ਹਿਲ ਜਾਵੇ ਜਾਂ ਸੁਹਜ ਦੇ ਪੱਖੋਂ ਕੁਢੰਗਾ ਰੌਂ ਪਕੜਦੀ ਦਿਸੇ ਤਾਂ ਝਟ ਸਾਨੂੰ ਪਤਾ ਦੇ ਦੇਵੇ, ਅਤੇ ਜੇ ਅਸੀਂ ਆਪ ਬੇਸੁਰੀ ਗੱਲ ਕਰਨ ਲਗੀਏ ਤਾਂ ਰੁਕ ਜਾਈਏ, ਅਤੇ ਜੇ ਕੋਈ ਹੋਰ ਕਰਨ ਲਗੇ ਤਾਂ ਉਸ ਨੂੰ ਵੇਖਦਿਆਂ ਹਸ ਪਈਏ ਜਾਂ ਦਿਲ ਹੀ ਦਿਲ ਵਿਚ ਗੁੜ੍ਹਕੀਏ।

ਇਹ ਰਸ ਸਾਡੇ ਸਦਾਚਾਰ ਵਧਾਉਣ ਵਿਚ ਭੀ ਕੰਮ ਆਉਂਦਾ ਹੈ,

ਕਿਉਂਕਿ ਇਸ ਦੀ ਹੋਂਦ ਰੂਹ ਦੇ ਨਰੋਏ ਤੇ ਤਕੜਾ ਹੋਣ ਦੀ ਨਿਸ਼ਾਨੀ ਹੈ। ਭਾਵੇਂ ਇਸ ਗੱਲ ਨੂੰ ਅਸੀਂ ਕਿਵੇਂ ਪਏ ਜਾਂਚੀਏ, ਇਹਦੇ ਵਿਚ ਸ਼ਕ ਨਹੀਂ ਕਿ ਜਿਥੇ ਪੱਕੀ ਸਿਆਣਪ ਅਤੇ ਆਚਰਣ ਦੀ ਪੂਰਣਤਾ ਹੈ. ਉਥੇ ਹਾਸੇ ਵਾਲੀ ਤਬੀਅਤ ਭੀ ਜ਼ਰੂਰ ਹੁੰਦੀ ਹੈ। ਜਿਥੇ ਹੁਲਾਰੇ ਵਾਲੀ ਤਬੀਅਤ ਨਹੀਂ, ਨਿਰੀ ਪੀਲ-ਮੂੰਹੀ ਉਦਾਸੀ ਹੈ ਜਾਂ ਗਿੱਲੀ ਕਮਲੀ ਦੀ ਝੁਮ ਮਾਰੀ ਹੋਈ ਸੰਜੀਦਗੀ, ਉਥੇ ਕਚਪੁਣਾ ਹੈ, ਕਠੋਰਪੁਣਾ ਹੈ, ਅਲ੍ਹੜਪੁਣਾ ਹੈ, ਜਿਸ ਦੇ ਹੁੰਦਿਆਂ ਆਚਰਣ ਦੀ ਉਸਾਰੀ ਅਧੂਰੀ ਹੀ ਰਹਿੰਦੀ ਹੈ। ਹਾਸ-ਰਸ ਤੋਂ ਬਿਨਾ ਨੇਕੀ ਭੀ ਇਕ ਪਾਸੀ ਜਹੀ, ਰੁੱਖੀ ਅਲੂਣੀ ਜਹੀ, ਜਾਂ ਇਤਨੀ ਮਿੱਠੀ ਹੋਵੇਗੀ ਕਿ ਜੀ ਮਤਲਾ ਜਾਵੇਗਾ।

ਇਹ ਹਾਸ-ਰਸ ਦੀ ਹੋਂਦ ਹੀ ਹੈ ਜਿਸ ਨਾਲ ਸਾਡੀਆਂ ਇਖਲਾਕੀ ਰੁਚੀਆਂ ਆਪੋ ਆਪਣੀਆਂ ਹੱਦਾਂ ਅੰਦਰ ਰਹਿ ਕੇ ਕੰਮ ਕਰਦੀਆਂ ਅਤੇ ਮਨੁੱਖਾਂ ਅੰਦਰ ਪ੍ਰਸਪਰ ਪ੍ਰੇਮ ਤੇ ਮੇਲ-ਜੋਲ ਵਧਾਉਂਦੀਆਂ ਹਨ। ਨਹੀਂ ਤਾਂ ਪਿਆਰ ਰੋਂਦੂ ਜਿਹਾ, ਅਕਾਉਣ ਵਾਲਾ ਤੇ ਕੁਰਬਾਨੀ ਚੀਕ ਪੁਕਾਰ ਵਾਲੀ ਭਾਰੂ ਜਹੀ ਹੁੰਦੀ। ਇਹ ਰਸ ਭਾਈਚਾਰੇ ਦੀ ਮਸ਼ੀਨ ਦੇ ਪੁਰਜ਼ਿਆਂ ਵਿਚ ਤੇਲ ਦਾ ਕੰਮ ਦਿੰਦਾ ਹੈ, ਜਿਸ ਨਾਲ ਆਪੋ ਵਿਚ ਦੀ ਰਗੜ ਘਟ ਜਾਂਦੀ ਅਤੇ ਰਵਾਦਾਰੀ ਅਤੇ ਮਿਲਵਰਤਣ ਵਧਦੀ ਹੈ। ਇਸ ਦੇ ਨਾ ਹੋਣ ਨਾਲ ਮਹਾਂਭਾਰਤ ਦਾ ਜੰਗ ਹੋਇਆ। ਜੇ ਕੌਰਵਾਂ ਦੇ ਆਗੂ ਵਿਚ ਇਕ ਤੀਵੀਂ ਦੇ ਮਖ਼ੌਲ ਦੇ ਜਰਨ ਦੀ ਤਾਕਤ ਹੁੰਦੀ, ਤਾਂ ਉਹ ਇੰਨਾ ਗੁੱਸਾ ਕਿਉਂ ਕਰਦਾ ਤੇ ਮਹਾਂਭਾਰਤ ਦਾ ਜੰਗ ਕਿਉਂ ਹੁੰਦਾ? ਜੇ ਦਰਭਾਸ਼ਾ ਰਿਸ਼ੀ ਜਾਦਵਾਂ ਦੇ ਹਾਸੇ ਨੂੰ ਝਲ ਸਕਦਾ, ਤਾਂ ਜਾਦਵਾਂ ਦੀ ਸਾਰੀ ਕੁਲ ਦਾ ਨਾਸ ਕਿਉਂ ਹੁੰਦਾ?

ਫਿਰ ਭੀ ਹਿੰਦੂ ਇਤਿਹਾਸ ਵਿਚ ਹਾਸੇ-ਰਸ ਦਾ ਘਾਟਾ ਨਹੀਂ। ਨਾਰਦ ਰਿਸ਼ੀ ਭਗਤਾਂ ਦਾ ਗੁਰੂ ਹੋਇਆ ਹੈ, ਪਰ ਉਸ ਵਿਚ ਮਖੌਲ ਕਰਨ ਦੀ ਆਦਤ ਚੰਗੀ ਸੀ, ਜਿਸ ਤੋਂ ਜ਼ਾਹਿਰ ਹੁੰਦਾ ਹੈ ਕਿ ਹਾਸ-ਰਸ ਦੇ ਹੁੰਦਿਆਂ ਭੀ ਆਦਮੀ ਧਰਮੀ ਹੋ ਸਕਦਾ ਹੈ। ਬਲਕਿ ਮੇਰਾ ਖਿਆਲ ਹੈ ਕਿ ਪੂਰਨ ਧਰਮੀਆਂ ਵਿਚ ਇਹ ਰਸ ਵਧੇਰੇ ਹੁੰਦਾ ਹੈ।

ਕਈ ਸੱਜਣ ਹਜ਼ਰਤ ਈਸਾ ਵਿਚ ਹਾਸੇ ਵਾਲੀ ਤਬੀਅਤ ਨਹੀਂ ਦੇਖਦੇ ਅਤੇ ਉਸ ਨੂੰ 'ਮੈਨ ਔਫ ਸਾਰੋ' (ਉਦਾਸ ਮਨੁੱਖ) ਕਹਿ ਕੇ ਖੁਸ਼

ਹੁੰਦੇ ਹਨ। ਪਰ ਉਸ ਦੇ ਜੀਵਨ ਦੇ ਹਾਲਾਤ ਪੜ੍ਹਨ ਤੋਂ ਪਤਾ ਲਗਦਾ ਹੈ ਕਿ ਉਹ ਬੜਾ ਖੁਸ਼-ਦਿਲ ਸੀ, ਅਤੇ ਉਸ ਨੂੰ 'ਉਦਾਸ ਮਨੁੱਖ' ਕਹਿਣਾ ਉਸ ਦੀ ਹੱਤਕ ਕਰਨਾ ਹੈ। ਜਿਹੜਾ ਬਚਿਆਂ ਨਾਲ ਪਿਆਰ ਕਰ ਕੇ ਖੇਡ ਸਕਦਾ ਹੈ, ਉਹ ਕਿਵੇਂ ਸ਼ੋਕਾਤੁਰ ਹੋ ਸਕਦਾ ਹੈ? ਉਸਨੇ ਤਾਂ ਸਗੋਂ ਇਹ ਕਿਹਾ ਹੈ ਕਿ ਆਸਮਾਨ ਦੀ ਬਾਦਸ਼ਾਹਤ ਹੀ ਉਹਨਾਂ ਦੀ ਹੈ ਜੋ ਬਚਿਆਂ ਵਾਕਰ ਬਾਲ-ਬੁਧਿ ਹੋ ਕੇ ਰਹਿੰਦੇ ਹਨ। ਈਸਾ ਦਾ ਹਾਸਾ ਬੜਾ ਕੋਮਲ ਜਿਹਾ ਹੁੰਦਾ ਸੀ ਜੋ ਬਰੀਕ ਤਬੀਅਤ ਵਾਲੇ ਹੀ ਸਮਝ ਸਕਦੇ ਸਨ। ਇਕ ਵੇਰ ਉਸ ਦੇ ਵੈਰੀ ਇਕ ਤੀਵੀਂ ਨੂੰ ਫੜ ਕੇ ਉਸ ਦੇ ਪਾਸ ਲਿਆਏ, ਤੇ ਆਖਣ ਲਗੇ 'ਲੈ ਭਾਈ! ਤੂੰ ਕਹਿੰਦਾ ਸੈਂ ਮੈਂ ਤੁਹਾਡਾ ਬਾਦਸ਼ਾਹ ਹਾਂ। ਬਾਦਸ਼ਾਹ ਲੋਕ ਨਿਆਂ ਕੀਤਾ ਕਰਦੇ ਹਨ। ਤੂੰ ਭੀ ਨਿਆਂ ਕਰ। ਇਹ ਤੀਵੀਂ ਬਦਚਲਨੀ ਕਰਦੀ ਫੜੀ ਹੈ। ਇਸ ਨੂੰ ਕੀ ਦੰਡ ਦਈਏ?" ਈਸਾ ਨੇ ਕਿਹਾ—'ਤੁਹਾਡੀ ਧਰਮ ਪੁਸਤਕ ਕੀ ਕਹਿੰਦੀ ਹੈ?' ਕਹਿਣ ਲਗੇ ਕਿ ਇਸ ਅਪ੍ਰਾਧ ਵਾਲੀ ਇਸਤਰੀ ਨੂੰ ਪੱਥਰ ਮਾਰ ਮਾਰ ਕੇ ਮਾਰ ਦੇਣਾ ਚਾਹੀਦਾ ਹੈ। ਈਸਾ ਨੇ ਕਿਹਾ, 'ਠੀਕ ਹੈ ਤੁਹਾਡੇ ਵਿਚੋਂ ਜਿਸ ਕਿਸੇ ਨੇ ਪਾਪ ਨਹੀਂ ਕੀਤਾ ਉਹ ਇਸ ਨੂੰ ਪਹਿਲਾ ਪੱਥਰ ਮਾਰ ਕੇ ਆਪਣੇ ਹੱਥ ਸਫਲ ਕਰੇ।' ਇਹ ਸੁਣ ਕੇ ਸਾਰੇ ਇਕ ਇਕ ਕਰਕੇ ਖਿਸਕ ਗਏ ਅਤੇ ਈਸਾ ਹੋਰੀ ਮੁਸਕਰਾਉਂਦੇ ਰਹਿ ਗਏ। ਕੌਣ ਕਹਿ ਸਕਦਾ ਹੈ ਕਿ ਇਸ ਤਰ੍ਹਾਂ ਦੀਆਂ ਗੱਲਾਂ ਕਰਨ ਵਾਲੇ ਵਿਚ ਹਾਸ-ਰਸ ਨਹੀਂ ਸੀ?

ਹਜ਼ਰਤ ਮੁਹੰਮਦ ਸਾਹਿਬ ਬਾਬਤ ਤਾਂ ਜ਼ਰੂਰ ਲੋਕੀਂ ਖ਼ਿਆਲ ਕਰਦੇ ਹਨ ਕਿ ਉਹ ਹਾਸਰਸ ਤੋਂ ਖ਼ਾਲੀ ਸਨ ਬਲਕਿ ਉਹਨਾਂ ਬਾਬਤ ਇਹੋ ਜਿਹੀਆਂ ਰਵਾਇਤਾਂ ਦਸੀਆਂ ਜਾਂਦੀਆਂ ਹਨ ਕਿ ਉਹਨਾਂ ਵਿਚ ਬਹੁਤ ਗੁੱਸਾ ਸੀ, ਜਦ ਉਹ ਜੋਸ਼ ਨਾਲ ਵਾਹਜ਼ ਕਰਦੇ ਸਨ, ਤਾਂ ਉਹਨਾਂ ਦੇ ਮਥੇ ਦੀ ਨਾੜ ਉਭਰ ਆਉਂਦੀ ਸੀ। ਪਰ ਜਿਹੜੇ ਉਹਨਾਂ ਦੇ ਜੀਵਨ ਨੂੰ ਵਧੇਰੇ ਗਹੁ ਨਾਲ ਵਿਚਾਰਦੇ ਹਨ, ਉਹਨਾਂ ਨੂੰ ਮੁਹੰਮਦ ਸਾਹਿਬ ਬੜੇ ਤਰਸਵਾਨ, ਕੋਮਲ ਅਤੇ ਹਸ-ਮੁਖ ਦਿਸ ਆਉਂਦੇ ਹਨ। ਜਿਹੜਾ ਆਦਮੀ ਵਡੀ ਉਮਰ ਵਿਚ ਜਾ ਕੇ ਛੋਟੀ ਉਮਰ ਦੀ ਬਾਲੜੀ ਨਾਲ ਵਿਆਹ ਕਰ ਸਕਦਾ ਅਤੇ ਉਸ ਨੂੰ ਖੁਸ਼ ਰੱਖ ਸਕਦਾ ਹੈ, ਉਹ ਜ਼ਰੂਰ ਖੁਸ਼-ਦਿਲ ਹੋਣਾ ਹੈ। ਕਹਿੰਦੇ

ਹਨ ਕਿ ਹਜ਼ਰਤ ਆਇਸ਼ਾ ਨਾਲ ਬੱਚਿਆਂ ਵਾਕਰ ਦੌੜਦੇ ਅਤੇ ਤਾੜੀ ਵਜਾਉਂਦੇ ਸਨ। ਆਹਾ ! ਉਹ ਕਿਹਾ ਸੋਹਣਾ ਨਜ਼ਾਰਾ ਹੋਣਾ ਹੈ ਜਦੋਂ ਹਜ਼ਰਤ ਮੁਹੰਮਦ ਸਾਹਿਬ ਆਪਣਿਆਂ ਦੋਹਤਿਆਂ ਲਈ ਜ਼ਿਮੀਂ ਉਤੇ ਦੂਹਰੇ ਹੋ ਕੇ ਘੋੜਾ ਬਣਦੇ ਸਨ ਤਾਕਿ ਬਾਲਕ ਉਹਨਾਂ ਦੀ ਪਿੱਠ ਤੇ ਸਵਾਰੀ ਕਰਨ। ਇਕ ਵਾਰੀ ਕਹਿੰਦੇ ਹਨ ਕਿ ਹਜ਼ਰਤ ਮੁਹੰਮਦ ਸਾਹਿਬ ਅਤੇ ਹਜ਼ਰਤ ਅਲੀ ਖਜੂਰਾਂ ਖਾਣ ਬੈਠੇ। ਦੋਹਾਂ ਦੇ ਵਿਚਕਾਰ ਮੈਚ ਹੋ ਪਿਆ। ਦੋਵੇਂ ਬਿਦ ਬਿਦ ਕੇ ਖਜੂਰਾਂ ਖਾਣ ਲਗੇ ਅਤੇ ਖਾ ਖਾ ਕੇ ਗਿਟਕਾਂ ਦੇ ਢੇਰ ਲਾਣ ਲਗੇ। ਛੇਕੜ ਗਿਟਕਾਂ ਗਿਣ ਕੇ ਪਤਾ ਲਗਣਾ ਸੀ ਕਿ ਕਿਸ ਨੇ ਖਜੂਰਾਂ ਵਧੇਰੇ ਖਾਧੀਆਂ। ਮੁਹੰਮਦ ਸਾਹਿਬ ਅੱਖ ਬਚਾ ਕੇ ਮਲਕੜੇ ਜਹੇ ਆਪਣੀ ਗਿਟਕ ਅਲੀ ਦੇ ਢੇਰ ਉਤੇ ਰੱਖ ਦਿੰਦੇ। ਇਸ ਤਰ੍ਹਾਂ ਕਰਦਿਆਂ ਅਲੀ ਦਾ ਢੇਰ ਵਧਦਾ ਗਿਆ ਅਤੇ ਮੁਹੰਮਦ ਸਾਹਿਬ ਵਾਲੇ ਪਾਸੇ ਥੋੜ੍ਹੀਆਂ ਜਹੀਆਂ ਗਿਟਕਾਂ ਦਿਸਣ ਲਗੀਆਂ। ਅੰਤ ਜਦ ਮੈਚ ਖਤਮ ਹੋਇਆ ਤਾਂ ਮੁਹੰਮਦ ਸਹਿਬ ਨੇ ਹੱਸ ਕੇ ਪੁਛਿਆ, 'ਅਲੀ ਖਜੂਰਾਂ ਕਿਸ ਨੇ ਵਧੇਰੇ ਖਾਧੀਆਂ ?' ਅਲੀ ਆਖਣ ਲੱਗਾ, 'ਜੀ ! ਉਸ ਨੇ ਵਧੇਰੇ ਖਾਧੀਆਂ ਜਿਹੜਾ ਗਿਟਕਾਂ ਸਮੇਤ ਖਾਈ ਗਿਆ।'

ਸਿਖ ਗੁਰੂ ਸਾਹਿਬਾਨ ਵਿਚ ਭੀ ਹਾਸ-ਰਸ ਚੋਖਾ ਸੀ। ਉਹ ਗੁਰੂ ਹੋਣ ਦੇ ਬਾਵਜੂਦ ਖੁਸ਼-ਰਹਿਣੇ ਪੰਜਾਬੀ ਵੀ ਸਨ। ਪੰਜਾਬੀ ਖਾਸ ਤੌਰ ਤੇ ਅਰੋਗ ਜੁਸੇ ਤੇ ਨਰੋਈ ਜਵਾਨ ਤਬੀਅਤ ਵਾਲਾ ਹੁੰਦਾ ਹੈ। ਇਸੇ ਲਈ ਸਰ ਸਯਦ ਨੇ ਉਸ ਨੂੰ 'ਜ਼ਿੰਦਾ-ਦਿਲ' ਕਿਹਾ ਹੈ। ਉਸ ਨੂੰ ਖ਼ਿਆਲ ਦੀਆਂ ਗੁੰਝਲਾਂ ਨਾਲ ਇੰਨਾ ਵਾਸਤਾ ਨਹੀਂ ਪੈਂਦਾ, ਜਿੰਨਾ ਕਿ ਅਮਲੀ ਕੰਮਾਂ ਨਾਲ। ਉਹ ਸਦਾ ਚੜ੍ਹਦੀਆਂ ਕਲਾਂ ਵਿਚ ਰਹਿੰਦਾ ਹੈ। ਉਹ ਦੇ ਹਾਸ-ਰਸ ਵਿਚ ਭੀ ਇਹੋ ਗੁਣ ਪਾਏ ਜਾਂਦੇ ਹਨ। ਇਹ ਰਸ ਨਰੋਆ, ਆਸਵੰਦ ਅਤੇ ਅਮਲੀ ਜ਼ਿੰਦਗੀ ਵਾਲਾ ਹੁੰਦਾ ਹੈ। ਇਸ ਦੇ ਵਿਚ ਖ਼ਿਆਲੀ ਚਲਾਕੀਆ ਜਾਂ ਲਫਜ਼ੀ ਹੇਰਾ-ਫੇਰੀਆਂ ਨਹੀਂ ਹੁੰਦੀਆਂ। ਇਹ ਅਮਲੀ ਜ਼ਿੰਦਗੀ ਵਿਚੋਂ ਨਿਕਲਦਾ ਅਤੇ ਅਮਲੀ ਕੰਮਾਂ ਵਿਚ ਹਾਜ਼ਰ ਹੁੰਦਾ ਹੈ। ਲਫ਼ਜ਼ ਲੋੜ ਅਨੁਸਾਰ ਥੋੜ੍ਹੇ ਅਤੇ ਸਾਦੇ ਹੁੰਦੇ ਹਨ। ਜਿਵੇਂ ਜਲ੍ਹਣ ਦਾ ਅਖਾਣ : 'ਜਲ੍ਹਿਆ ! ਰੱਬ ਦਾ ਕੀ ਪਾਵਣਾ। ਐਧਰੋਂ ਪੁਟਣਾ ਤੇ ਓਧਰ ਲਾਵਣਾ।' ਜਾਂ 'ਨਿੱਕੇ ਹੁੰਦੇ ਢੱਗੇ ਚਾਰੇ, ਵੱਡੇ ਹੋਏ ਹਲ ਵਾਹਿਆ। ਬੁਢੇ ਹੋਏ ਮਾਲਾ ਫੇਰੀ, ਰੱਬ ਦਾ ਉਲਾਂਭਾ ਲਾਹਿਆ।'

ਇਹੋ ਜਹੀ ਹਾਸ-ਰਸ ਵਾਲੀ ਤਬੀਅਤ ਸ੍ਰੀ ਗੁਰੂ ਨਾਨਕ ਜੀ ਦੀ ਸੀ। ਦੁਨੀ ਚੰਦ ਇਕ ਧਨਾਢ ਨੂੰ ਸੂਈ ਦੇ ਕੇ ਕਹਿੰਦੇ ਹਨ ਕਿ ਇਹ ਸੂਈ ਮੇਰੇ ਲਈ ਅਗਲੇ ਜਹਾਨ ਲੈ ਚਲੋ ਉਥੇ ਆ ਕੇ ਮੈਂ ਤੁਹਾਥੋਂ ਲੈ ਲਵਾਂਗਾ। ਉਹਨਾਂ ਵਿਚ ਇਹ ਰਸ ਨਾਟਕੀ ਢੰਗ ਨਾਲ ਪ੍ਰਗਟ ਹੁੰਦਾ ਸੀ। ਇਕ ਦਿਨ ਗੁਰੂ ਜੀ ਹਰਦੁਆਰ ਜਾ ਨਿਕਲੇ। ਓਥੇ ਗੰਗਾ ਵਿਚ ਖੜੇ ਕਈ ਹਿੰਦੂ ਚੜ੍ਹਦੇ ਪਾਸੇ ਵਲ ਪਾਣੀ ਸੁਟਦੇ ਦੇਖੇ। ਗੁਰੂ ਜੀ ਨੂੰ ਮੌਜ ਆਈ ਤੇ ਉਹ ਲਹਿੰਦੇ ਵਲ ਛੱਟੇ ਮਾਰਨ ਲਗ ਪਏ। ਲੋਕਾਂ ਪੁਛਿਆ 'ਇਹ ਕੀ ਕਰ ਰਹੇ ਹੋ ?' ਗੁਰੂ ਜੀ ਅੱਗੋਂ ਪੁਛਣ ਲਗੇ, 'ਤੁਸੀਂ ਕੀ ਕਰ ਰਹੇ ਹੋ ?' ਲੋਕਾਂ ਕਿਹਾ : 'ਅਸੀਂ ਆਪਣੇ ਪਿਤਰਾਂ ਨੂੰ ਪਾਣੀ ਦੇ ਰਹੇ ਹਾਂ।' ਬਾਬਾ ਜੀ ਨੇ ਕਿਹਾ : 'ਅਸੀਂ ਕਰਤਾਰਪੁਰ ਵਿਚ ਆਪਣੀਆਂ ਖੇਤੀਆਂ ਨੂੰ ਪਾਣੀ ਦੇ ਰਹੇ ਹਾਂ।' ਸਵਾਲ ਹੋਇਆ 'ਕਰਤਾਰਪੁਰ ਇਥੋਂ ਕਿਤਨੀ ਦੂਰ ਹੈ ?' ਉੱਤਰ 'ਤਿੰਨ ਕੁ ਸੌ ਮੀਲ !' 'ਫੇਰ ਤੁਹਾਡਾ ਪਾਣੀ ਕਿਵੇਂ ਪੁੱਜ ਸਕਦਾ ਹੈ ?' ਤੇ 'ਤੁਹਾਡੇ ਪਿਤਰਾਂ ਨੂੰ ਕਿਵੇਂ ਪੁੱਜ ਸਕਦਾ ਹੈ, ਜੋ ਅਗਲੇ ਜਹਾਨ ਵਿਚ ਬੈਠੇ ਸੁਣੀਂਦੇ ਹਨ ?' ਇਹੋ ਜਿਹਾ ਹੀ ਨਾਟਕੀ ਮਖ਼ੌਲ ਵਰਤਕੇ ਗੁਰੂ ਜੀ ਨੇ ਮੱਕੇ ਵਾਲਿਆਂ ਨੂੰ ਅਮਲੀ ਸਿੱਖਿਆ ਦਿੱਤੀ ਕਿ ਰੱਬ ਦਾ ਘਰ ਕਿਸੇ ਖ਼ਾਸ ਪਾਸੇ ਵਲ ਨਹੀਂ ਹੁੰਦਾ।

ਬਗ਼ਦਾਦ ਵਿਚ ਬਾਂਗ ਦੇ ਕੇ ਇਹੋ ਜਿਹਾ ਕੌਤਕ ਵਰਤਾਇਆ। ਇਕ ਵੇਰ ਮਕਰਾਨ ਵਲ ਜਾਂਦਿਆਂ ਰਸਤੇ ਵਿਚ ਇਕ ਪਿੰਡ ਦੇ ਮੁੰਡੇ ਇਕੱਠੇ ਹੋ ਕੇ ਨਚਦੇ ਤੇ ਕੁਦਦੇ ਵੇਖੇ। ਇਹੋ ਜਹੀ ਮਾਸੂਮ ਖ਼ੁਸ਼ੀ ਦਾ ਨਜ਼ਾਰਾ ਵੇਖ ਕੇ ਗੁਰੂ ਜੀ ਕੋਲੋਂ ਰਿਹਾ ਨਾ ਗਿਆ, ਅਤੇ ਆਪਣੀ ਬੁਢੇਲ ਸੰਜੀਦਗੀ ਦਾ ਜੁੱਲਾ ਲਾਹ ਕੇ ਝਟ ਪਟ ਉਨ੍ਹਾਂ ਮੁੰਡਿਆਂ ਦੀ ਟੋਲੀ ਨਾਲ ਰਲ ਪਏ ਅਤੇ ਰੱਜ ਕੇ ਨੱਚੇ ਤੇ ਗਿੱਧਾ ਪਾਇਆ। ਇਨ੍ਹਾਂ ਮੌਕਿਆਂ ਤੇ ਜਦੋਂ ਗੁਰੂ ਜੀ ਬਾਹਰ ਜਾਂਦੇ ਸਨ ਤਾਂ ਪਹਿਰਾਵਾ ਭੀ ਅਜੀਬ ਜਿਹਾ ਕਰ ਲੈਂਦੇ ਸਨ : ਗਲ੍ਹ ਵਿਚ ਖਫ਼ਣੀ ਤੇ ਹੱਡੀਆਂ ਦੀ ਮਾਲਾ, ਲੱਕ ਵਿਚ ਚੰਮ ਦੀ ਤਹਿਮਤ ਤੇ ਕੱਛ ਵਿਚ ਕੂਜ਼ਾ ਤੇ ਮੁਸੱਲਾ।

ਇਹ ਭੀ ਲੋਕਾਂ ਦੇ ਤਰ੍ਹਾਂ-ਤਰ੍ਹਾਂ ਦੇ ਭੇਖਾਂ ਦੀ ਮਿਲ-ਗੋਭਾ ਨਕਲ ਸੀ, ਜਿਸ ਤੋਂ ਭਾਵ ਉਨ੍ਹਾਂ ਨੂੰ ਹਾਸ-ਰਸ ਦੇ ਰਾਹੀਂ ਠੀਕ ਕਰਨਾ ਸੀ। ਗੁਰੂ ਜੀ ਨੂੰ ਜ਼ਿੰਦਗੀ ਦੀ ਸਾਧਾਰਣ ਰਹਿਣੀ-ਬਹਿਣੀ ਛੱਡ ਕੇ ਕਈ ਤਰ੍ਹਾਂ ਦੇ ਉਸ਼ਟੰਡ ਖੜੇ ਕਰਨ ਵਾਲੀ ਫ਼ਕੀਰੀ ਚੰਗੀ ਨਹੀਂ ਲਗਦੀ ਸੀ। ਜਦ ਉਹ ਵੇਖਦੇ ਸਨ ਕਿ ਕਈ ਲੋਕ—

"ਝੂੰਡੀ ਪਾਇ ਬਹਨਿ ਨਿਤਿ ਮਰਣੈ ਦੜਿ ਦੀਬਾਣਿ ਨ ਜਾਹੀ ।
ਲਈ ਕਾਸੇ ਹਥੀ ਫੁੰਮਣ ਅਗੋ-ਪਿਛੀ ਜਾਹੀ ।"

ਤਾਂ ਉਨ੍ਹਾਂ ਨੂੰ ਬੜਾ ਹਾਸਾ ਆਉਂਦਾ ਸੀ । ਇਹੋ ਜਿਹੇ 'ਦਾਨਹੁ ਤੇ ਇਸਨਾਨਹੁ ਵੰਜੇ' ਹੋਏ ਕੁਚੀਲ ਲੋਕਾਂ ਨੂੰ ਪਹਿਲਾਂ ਤਾਂ ਪਾਣੀ ਜਿਹੀ ਲਾਭਵੰਦੀ ਚੀਜ਼ ਤੋਂ ਨਾ ਸੰਗਣ ਦੀ ਸਿਖਿਆ ਦਿੰਦੇ ਹਨ, ਪਰ ਜਦ ਦੇਖਦੇ ਹਨ ਕਿ ਬੱਝੀ ਹੋਈ ਰਸਮ ਦੇ ਗ਼ੁਲਾਮ ਕਦੋਂ ਬਣੀ ਹੋਈ ਖੋ ਨੂੰ ਛਡਦੇ ਹਨ ਤਾਂ ਹਸ ਕੇ ਉਨ੍ਹਾਂ ਨੂੰ ਇਉਂ ਕਹਿ ਕੇ ਛੱਡ ਦਿੰਦੇ ਹਨ :

"ਜੇ ਸਿਰ ਖੁਥੇ ਨਾਵਨਿ ਨਾਹੀ ਤਾਂ ਸਤਿ ਚਟੇ ਸਿਰਿ ਛਾਈ ।"

ਵਾਰ ਮਾਝ ਦੀ ੨੬ਵੀਂ ਪਉੜੀ ਦਾ ਇਹ ਸਾਰਾ ਸਲੋਕ ਪੜ੍ਹਨ ਜੋਗਾ ਹੈ ।

ਗੁਰੂ ਅਰਜਨ ਦੇਵ ਜੀ ਨੂੰ ਭੀ ਹਾਸ-ਰਸ ਦੀ ਕਦਰ ਮਾਲੂਮ ਸੀ, ਇਸੇ ਲਈ ਜਦ ਉਹ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਹਿੰਦ ਦੇ ਵੱਖੋ-ਵੱਖ ਇਲਾਕਿਆਂ ਦੀ ਬਾਣੀ ਚੜ੍ਹਾਉਣ ਲਗੇ, ਤਾਂ ਹਾਸੇ ਵਾਲੇ ਸ਼ਬਦ ਭੀ ਚੁਣ ਕੇ ਚੜ੍ਹਾਏ । ਜਿਵੇਂ ਧੰਨਾ ਜੀ ਹਰੀ ਅੱਗੇ ਅਰਦਾਸ ਕਰਨ ਲਗਿਆਂ ਘਰ ਦੀਆਂ ਸਾਰੀਆਂ ਲੋੜੀਂਦੀਆਂ ਵਸਤਾਂ ਬੜੇ ਮਜ਼ੇ ਨਾਲ ਮੰਗਦੇ ਹਨ :

ਦਾਲ ਸੀਧਾ ਮਾਗਉ ਘੀਉ । ਹਮਰਾ ਖੁਸੀ ਕਰੈ ਨਿਤ ਜੀਉ ।
ਪਨ੍ਹੀਆ (ਜੁੱਤਾ) ਛਾਦਨੁ (ਕਪੜਾ) ਨੀਕਾ (ਚੰਗਾ ਸੋਹਣਾ) ।
ਅਨਾਜੁ ਮੰਗਉ ਸਤ ਸੀ ਕਾ । ੧ । ਗਊ ਭੈਸ ਮੰਗਉ ਲਾਵੇਰੀ ।
ਇਕ ਤਾਜਨਿ (ਘੋੜੀ) ਤੁਰੀ ਚਗੇਰੀ । ਘਰ ਕੀ ਗੀਹਨਿ ,
(ਔਰਤ) ਚੰਗੀ । ਜਨੁ ਧੰਨਾ ਲੇਵੈ ਮੰਗੀ । ੨ ।

ਕਬੀਰ ਜੀ ਭੀ ਭਗਤੀ ਦੀ ਲਹਿਰ ਵਿਚ ਆ ਕੇ ਇਹੋ ਜਹੀਆਂ ਮੰਗਾਂ ਆਪਣੇ ਸੱਕੇ ਨਜ਼ਦੀਕ ਰੱਬ ਅੱਗੇ ਰੱਖਦੇ ਹਨ ਅਤੇ ਉਹਨੂੰ ਨੋਟਸ ਦਿੰਦੇ ਹਨ ਕਿ ਜੇ ਸਾਡੀ ਗੱਲ ਨਹੀਉਂ ਮੰਨਣੀ ਤਾਂ ਅਹਿ ਲਓ ਆਪਣੀ ਮਾਲਾ; ਅਸੀਂ ਮੁਫ਼ਤ ਨਹੀਂ ਫੇਰ ਸਕਦੇ ।

ਭੂਖੇ ਭਗਤਿ ਨ ਕੀਜੈ । ਯਹ ਮਾਲਾ ਅਪਨੀ ਲੀਜੈ । ੧ । ਮਾਧੋ ਕੈਸੀ ਬਨੈ ਤੁਮ ਸੰਗੇ । ਆਪਿ ਨ ਦੇਹੁ ਤ ਲੇਵਉ ਮੰਗੇ । ਰਹਾਉ । ਦੁਇ ਸੇਰ ਮਾਂਗਉ ਚੂਨਾ (ਆਟਾ) । ਪਾਉ ਘੀਉ ਸੰਗਿ ਲੂਨਾ । ਅਧ ਸੇਰੁ ਮਾਂਗਉ ਦਾਲੇ । ਮੋਕਉ ਦੋਨਉ ਵਖਤ ਜਵਾਲੇ । ੨ । ਖਾਟ ਮਾਂਗਉ ਚਉਪਾਈ (ਚੋਹਾਂ ਪਾਵਿਆਂ ਵਾਲੀ

ਹੋਵੇ, ਮਤਾਂ ਔਖੀ ਕਰਦੀ ਰਹੇ) ਸਿਰਹਾਨਾ ਅਵਰ ਤਲਾਈ। ਊਪਰ ਕਉ ਮਾਂਗਉ ਬੀਂਧਾ। ਤੇਰੀ ਭਗਤਿ ਕਰੈ ਜਨ ਬੀਂਧਾ। (ਥਿੰਦਾ ਹੋਕੇ, ਘਿਉ ਆਦਿ ਤਰ ਚੀਜ਼ਾਂ ਖਾ ਕੇ, ਪੇਟ ਵਲੋਂ ਖੂਬ ਤਿਆਰ ਬਰਤਿਆਰ ਹੋ ਕੇ)। ੩। ਮੈਂ ਨਾਹੀ ਕੀਤਾ ਲਬੋ (ਕੋਈ ਨਹੀਂ। ਕੌਣ ਕਹਿੰਦਾ ਹੈ?) ਇਕ ਨਾਉਂ ਤੇਰਾ ਮੈਂ ਫਬੋ। ਕਹਿ ਕਬੀਰ ਮਨੁ ਮਾਨਿਆ। ਮਨ ਮਾਨਿਆ ਤਉ ਹਰਿ ਜਾਨਿਆ। ੪। (ਠੀਕ ਹੈ ਭਾਈ! ਮਨ ਰਾਜ਼ੀ ਹੋਵੇ ਤਾਹੀਓਂ ਹਰੀ ਵਲ ਧਿਆਨ ਕਰ ਸਕੀਦਾ ਹੈ। ਜੇ ਪੇਟ ਨ ਪਈਆਂ ਰੋਟੀਆਂ ਤਾਂ ਸਭੇ ਗੱਲਾਂ ਖੋਟੀਆਂ)।

ਸਿੱਖ ਇਤਿਹਾਸ ਵਿਚ ਭਾਈ ਬਿਧੀ ਚੰਦ ਇਕ ਮਸ਼ਹੂਰ ਸਿੱਖ ਹੋਇਆ ਹੈ ਜੋ ਹਰਗੋਬਿੰਦ ਸਾਹਿਬ ਦੀ ਸੇਵਾ ਤਾਂ ਕਰਦਾ ਸਾਂ, ਪਰ ਉਸ ਦੀ ਹਰ ਇਕ ਗੱਲ ਵਿਚ ਮਖ਼ੌਲ ਤੇ ਹਾਸਾ ਭਰਿਆ ਪਿਆ ਹੁੰਦਾ ਸੀ। ਉਸ ਦੇ ਮੌਜ ਭਰੇ ਕਾਰ-ਨਾਮਿਆਂ ਤੇ ਬੇ-ਰਸਾ ਲਿਖਾਰੀ ਭੀ ਮੌਜ ਵਿਚ ਆ ਕੇ ਆਪਣੀ ਕਲਮ ਦਾ ਥਕੇਵਾਂ ਲਾਹੁੰਦਾ ਹੈ।

ਪਰ ਧਰਮ ਵਿਚ ਹਾਸ-ਰਸ ਦੀ ਸਭ ਤੋਂ ਵਧੇਰੇ ਯਕੀਨ ਦੁਆਣ ਵਾਲੀ ਮਿਸਾਲ ਸੁਥਰੇ ਸ਼ਾਹ ਦੀ ਹੈ। ਇਹ ਸੱਜਣ ਜਿਤਨਾ ਧਰਮ ਵਿਚ ਪੱਕਾ ਤੇ ਅਡੋਲ ਸਿਦਕੀ ਸੀ, ਉਤਨਾ ਹੀ ਹਸਮੁਖ ਤੇ ਮਖ਼ੌਲੀਆ ਭੀ ਸੀ। ਇਸ ਨੇ ਸਾਰੀ ਉਮਰ ਧਰਮ ਦਾ ਪ੍ਰਚਾਰ ਕਰਦੇ ਬਿਤਾਈ, ਪਰ ਇਸ ਪ੍ਰਚਾਰ ਦਾ ਵਸੀਲਾ ਕੇਵਲ ਹਾਸ-ਰਸ ਨੂੰ ਬਣਾਇਆ।

ਗੁਰੂ ਗੋਬਿੰਦ ਸਿੰਘ ਜੀ ਨੇ ਤਾਂ ਹਾਸ-ਰਸ ਨੂੰ ਵਰਤਣ ਵਿਚ ਹੱਦ ਹੀ ਮੁਕਾ ਦਿੱਤੀ। ਉਨ੍ਹਾਂ ਦੀ ਬਾਣੀ ਵਿਚ ਚਪੇ ਚਪੇ ਤੇ ਘੂਘੂ-ਮਟ ਵਾਸੀਆਂ ਤੇ ਅੱਖਾਂ ਵਿਚ ਤੇਲ ਪਾਣ ਵਾਲੇ ਦੰਭੀਆਂ ਉੱਤੇ ਮਖ਼ੌਲ ਉਡਾਇਆ ਹੋਇਆ ਹੈ। ਇਕ ਵੇਰ ਉਨ੍ਹਾਂ ਨੇ ਇਕ ਖੋਤੇ ਨੂੰ ਸ਼ੇਰ ਦੀ ਖਲ ਪਵਾ ਕੇ ਖੇਤਾਂ ਵਿਚ ਛੱਡ ਦਿੱਤਾ। ਲੋਕ ਦੇਖ ਕੇ ਡਰ ਗਏ। ਪਰ ਜਦ ਉਸਦੇ ਹੀਂਗਣ ਦੀ ਅਵਾਜ਼ ਸੁਣੀ ਤਾਂ ਹਸ ਪਏ। ਗੁਰੂ ਜੀ ਨੇ ਸਿੱਖਾਂ ਨੂੰ ਕਿਹਾ ਕਿ ਤੁਹਾਨੂੰ ਮੈਂ ਸ਼ੇਰ ਦਾ ਬਾਣਾ ਦਿੱਤਾ ਹੈ, ਇਸ ਦੀ ਲਾਜ ਰਖਣੀ, ਅਜੇਹਾ ਨ ਹੋਵੇ ਕਿ ਉਤੋਂ ਉਤੋਂ ਸ਼ਕਲ ਸ਼ੇਰ ਦੀ ਹੋਵੇ, ਤੇ ਵਿਚੋਂ ਅਵਿੱਦਯਕ ਤੇ ਮੂਰਖ ਰਹਿ ਕੇ ਪਰਖ ਵੇਲੇ ਖੋਤੇ ਵਾਲੀ ਹੀਂਗ ਸੁਣਾ ਦੇਵੋ। ਦੁਰਗਾ ਦੇ ਪ੍ਰਤੱਖ ਕਰਨ ਲਈ ਜੋ ਨਾਟਕੀ ਢੰਗ ਰਚ ਕੇ ਪੰਡਤਾਂ ਦੇ ਪੁਰਾਣੇ ਵਹਿਮ ਦਾ ਖ਼ਾਤਮਾ ਕੀਤਾ ਸੀ ਉਹ ਭੀ ਇਸ ਧਾਰਮਕ ਰਸ ਦਾ

ਇਕ ਨਮੂਨਾ ਹੈ। ਪੰਜ ਪਿਆਰਿਆਂ ਦੀ ਚੋਣ ਦਾ ਢੰਗ ਭੀ ਇਸੇ ਨਾਟਕੀ ਰਸ ਦਾ ਨਤੀਜਾ ਸੀ।

'ਜੇਹਾ ਸੇਵੈ ਤੇਹੋ ਹੋਵੈ' ਅਨੁਸਾਰ, ਜਿਹਾ ਗੁਰੂ ਸੀ ਤੇਹੋ ਜਹੇ ਉਸ ਦੇ ਸਿੱਖ ਬਣੇ। ਉਨ੍ਹਾਂ ਵਿਚ ਇਕ ਅਨੋਖੀ ਰੰਗੀਲੀ ਤਬੀਅਤ ਸੀ, ਜੋ ਵੱਡੀਆਂ ਵੱਡੀਆਂ ਔਕੜਾਂ ਦੇ ਸਾਮ੍ਹਣੇ ਉਨ੍ਹਾਂ ਨੂੰ ਚੜ੍ਹਦੀਆਂ ਕਲਾਂ ਵਿਚ ਰਖਦੀ ਸੀ। ਮੁਕਤਸਰ ਦੇ ਜੰਗ ਵਿਚ ਜਦ ਸਿੱਖਾਂ ਨੇ ਦੇਖਿਆ ਕਿ ਅਸੀਂ ਥੋੜ੍ਹੇ ਜਿਹੇ ਹਾਂ ਤੇ ਦੁਸ਼ਮਣ ਬਹੁਤ ਹਨ, ਤਾਂ ਉਨ੍ਹਾਂ ਇਹ ਢੰਗ ਖੇਡਿਆ ਕਿ ਨਾਲ ਦੀਆਂ ਝਾੜੀਆਂ ਉੱਤੇ ਚਾਦਰਾਂ ਖਿਲਾਰ ਦਿੱਤੀਆਂ ਤਾਂ ਜੋ ਦੂਰੋਂ ਤੰਬੂ ਲੱਗੇ ਦਿੱਸਣ; ਅਤੇ ਪਲ ਪਲ ਮਗਰੋਂ ਸਤਿ ਸ੍ਰੀ ਅਕਾਲ ਦੇ ਜੈਕਾਰੇ ਛਡਣੇ ਸ਼ੁਰੂ ਕਰ ਦਿੱਤੇ, ਤਾਕਿ ਵੈਰੀ ਇਹ ਸਮਝੇ ਕਿ ਬਾਰ-ਬਾਰ ਕੁਮਕ ਪਹੁੰਚ ਰਹੀ ਹੈ।

ਇਸ ਬਹਾਦਰ ਤੇ ਨਾ ਹਾਰਨੇ ਵਾਲੀ ਤਬੀਅਤ ਦਾ ਸਦਕਾ ਸਿੱਖਾਂ ਵਿਚ ਇਕ ਖ਼ਾਸ ਤਰ੍ਹਾਂ ਦੀ ਬੋਲੀ ਪ੍ਰਚਲਤ ਹੋ ਗਈ ਸੀ, ਜਿਸ ਦੇ ਵਾਚਣ ਤੋਂ ਇਉਂ ਜਾਪਦਾ ਹੈ ਜਿਵੇਂ ਸਿੱਖਾਂ ਲਈ ਦੁੱਖ ਤੇ ਭੈ ਦਾ ਨਾਸ਼ ਹੀ ਹੋ ਗਿਆ ਹੁੰਦਾ ਹੈ। ਇਸ ਬੋਲੀ ਦੇ ਮੁਹਾਵਰੇ ਨੂੰ 'ਸਿੰਘਾਂ ਦੇ ਬੋਲੇ' ਕਹਿੰਦੇ ਸਨ। ਕੋਈ ਮਰ ਜਾਏ ਤਾਂ ਚੜ੍ਹਾਈ ਕਰ ਗਿਆ ਕਹਿੰਦੇ ਸਨ, ਮਾਨੋਂ ਪ੍ਰਾਣੀ ਅਗਲੇ ਜਹਾਨ ਉੱਤੇ ਹਮਲਾ ਕਰਨ ਗਿਆ ਹੈ। ਸਿੱਖ ਭੁੱਖਾ ਹੋਵੇ ਤਾਂ ਲੰਗਰ ਮਸਤਾਨੇ ਕਹਿੰਦੇ ਸਨ। ਛੋਲਿਆਂ ਨੂੰ ਬਦਾਮ, ਤੇ ਪਿਆਜ ਨੂੰ ਰੁੱਪਾ ਕਹਿੰਦੇ ਸਨ ਅਤੇ ਰੁਪਇਆਂ ਨੂੰ ਛਿਲੜ। ਕੋਈ ਉੱਚਾ ਸੁਣਦਾ ਹੋਵੇ, ਤਾਂ ਕਹਿੰਦੇ ਸਨ ਕਿ ਖਾਲਸਾ ਚੁਬਾਰੇ ਚੜ੍ਹਿਆ ਹੋਇਆ ਹੈ। ਅੰਨ੍ਹੇ ਨੂੰ ਸੂਰਮਾ, ਲੰਡੇ ਨੂੰ ਸੁਦਾਲਾ ਸਿੰਘ, ਮੋਟੇ-ਸੋਟੇ ਨੂੰ ਅਕਲਦਾਨ ਜਾਂ ਕਾਨੂੰਗੋ; ਅਤੇ ਘਾਹ ਕੱਟਣ ਨੂੰ ਬਾਜ਼ ਉਡਾਉਣਾ! ਏਹੋ ਜਹੇ ਹਜ਼ਾਰਾਂ ਹੋਰ ਬੋਲੇ ਹਨ, ਜਿਨ੍ਹਾਂ ਤੋਂ ਪਤਾ ਲਗਦਾ ਹੈ ਕਿ ਸਿੱਖਾਂ ਵਿਚ ਜਿਥੇ ਧਰਮ ਸੀ, ਉਥੇ ਨਾਲ ਮਰਦਉਪੁਣਾ ਤੇ ਹਾਸ ਰਸ ਭੀ ਸੀ। ਧਰਮ ਸਾਰੀ ਜ਼ਿੰਦਗੀ ਨੂੰ ਪ੍ਰਫੁੱਲਤ ਕਰਦਾ ਹੈ, ਤੇ ਜਿਥੇ ਇਹ ਸ਼ੁਭ ਕਰਮਾਂ ਦੇ ਪੱਤੇ ਪੈਦਾ ਕਰਦਾ ਹੈ, ਉਥੇ ਵਿਗਾਸ ਵਾਲੀ ਤਬੀਅਤ ਦਾ ਫੁੱਲ ਭੀ ਖਿੜਾਉਂਦਾ ਹੈ।

# ਘਰ ਦਾ ਪਿਆਰ

ਘਰ ਇੱਟਾਂ ਜਾਂ ਵੱਟਿਆਂ ਦੇ ਬਣੇ ਕੋਠੇ ਨੂੰ ਨਹੀਂ ਕਹਿੰਦੇ । ਘਰ ਤੋਂ ਭਾਵ ਉਹ ਥਾਂ ਹੈ, ਜਿਥੇ ਮਨੁੱਖ ਦੇ ਪਿਆਰ ਦੀਆਂ ਸਧਰਾਂ ਪਲਦੀਆਂ ਹਨ, ਜਿਥੇ ਬਾਲਪਨ ਵਿਚ ਮਾਂ ਭੈਣ ਤੇ ਭਰਾ ਕੋਲੋਂ ਲਾਡ ਲਿਆ ਹੁੰਦਾ ਹੈ, ਜਿਥੇ ਜਵਾਨੀ ਵਿਚ ਸਾਰੇ ਜਹਾਨ ਨੂੰ ਗਾਹ ਕੇ, ਲਿਤਾੜ ਕੇ, ਖਟੀ ਕਮਾਈ ਕਰ ਕੇ ਮੁੜ ਆਉਣ ਨੂੰ ਜੀ ਕਰਦਾ ਹੈ, ਜਿਥੇ ਬੁਢੇਪੇ ਵਿਚ ਬਹਿ ਕੇ ਸਾਰੇ ਜੀਵਨ ਦੇ ਝਮੇਲਿਆਂ ਤੋਂ ਮਿਲੀ ਵਿਹਲ ਨੂੰ ਅਰਾਮ ਨਾਲ ਕੱਟਣ ਵਿਚ ਇਉਂ ਸੁਆਦ ਆਉਂਦਾ ਹੈ ਜਿਵੇਂ ਬਚਪਨ ਵਿਚ ਮਾਂ ਦੀ ਝੋਲੀ ਵਿਚ ਆਉਂਦਾ ਸੀ। ਘਰ ਮਨੁੱਖ ਦੇ ਨਿਜੀ ਵਲਵਲਿਆਂ ਤੇ ਸ਼ਖ਼ਸੀ ਰਹਿਣੀ ਦਾ ਕੇਂਦਰ ਹੁੰਦਾ ਹੈ। ਉਸ ਦੇ ਆਚਰਣ ਬਣਾਉਣ ਵਿਚ ਜਿਥੇ ਸਮਾਜਕ ਤੇ ਮੁਲਕੀ ਆਲੇ-ਦੁਆਲੇ ਦਾ ਅਸਰ ਕੰਮ ਕਰਦਾ ਹੈ, ਉਥੇ ਘਰ ਦੀ ਚਾਰ ਦੀਵਾਰੀ ਅਤੇ ਇਸ ਦੇ ਅੰਦਰ ਦੇ ਹਾਲਾਤ ਦਾ ਅਸਰ ਵੀ ਘਟ ਕੰਮ ਨਹੀਂ ਕਰਦਾ । ਸਗੋਂ ਮਨੁੱਖ ਦਾ ਆਚਰਣ ਬਣਦਾ ਹੀ ਘਰ ਵਿਚ ਹੈ । ਇਹੋ ਉਸ ਦੀਆਂ ਰੁਚੀਆਂ ਅਤੇ ਸੁਭਾਉ ਦਾ ਸਾਂਚਾ ਹੈ। ਕਈ ਵਾਰੀ ਜਦ ਮੈਂ ਕਿਸੇ ਸੱਜਣ ਨੂੰ ਕੋਝੇ, ਸੜੀਅਲ ਜਾਂ ਖਿਝੂ ਸੁਭਾਅ ਵਾਲਾ ਦੇਖਦਾ ਹਾਂ ਤਾਂ ਮੈਂ ਦਿਲ ਵਿਚ ਕਹਿੰਦਾ ਹਾਂ, ਇਸ ਵਿਚਾਰੇ ਨੂੰ ਘਰ ਦਾ ਪਿਆਰ ਨਹੀਂ ਮਿਲਿਆ ਹੋਣਾ ।

ਇਕ ਮੇਰੇ ਜਾਣਕਾਰ ਬਿਰਧ ਬੀਬੀ ਜੀ ਹਨ, ਜੋ ਨੇਕੀ ਤੇ ਉਪਕਾਰ ਦੀ ਪੁਤਲੀ ਹਨ । ਸਵੇਰੇ ਸ਼ਾਮ ਬਿਲਾ ਨਾਗਾ ਨਿਤਨੇਮ ਕਰਦੇ ਗੁਰਦੁਆਰੇ ਦੀ ਪ੍ਰਕਰਮਾ ਕਰਦੇ ਹਨ । ਕਿਸੇ ਦੇ ਦੁੱਖ ਨੂੰ ਦੇਖ ਕੇ ਕਦੀ ਜਰ ਨਹੀਂ ਸਕਦੇ। ਵਲਵਲਾ ਉਨ੍ਹਾਂ ਦਾ ਇੰਨਾ ਕੋਮਲ ਤੇ ਪਵਿੱਤਰ ਹੈ ਕਿ ਚਪੇ ਚਪੇ ਤੇ ਹਮਦਰਦੀ ਨਾਲ ਫਿਸ ਪੈਂਦੇ ਹਨ। ਬੱਚਿਆਂ ਨੂੰ ਦੇਖ ਕੇ ਤਾਂ ਬੱਚੇ ਹੀ ਬਣ ਜਾਂਦੇ ਹਨ। ਪਰ ਸੁਭਾਅ ਉਨ੍ਹਾਂ ਦਾ ਬਹੁਤ ਖਰ੍ਹਵਾ ਹੈ । ਨਿੱਕੀ-ਨਿੱਕੀ ਗੱਲ ਤੋਂ ਖਿਝ ਪੈਂਦੇ ਹਨ ਅਤੇ ਗੁੱਸੇ ਵਿਚ ਆ ਕੇ ਆਪੇ ਤੋਂ ਬਾਹਰ ਹੋ

ਜਾਂਦੇ ਹਨ । ਉਸ ਹਾਲਤ ਵਿਚ ਉਨ੍ਹਾਂ ਨੂੰ ਦੇਖੋ ਤਾਂ ਮਲੂਮ ਹੁੰਦਾ ਹੈ ਕਿ ਉਨ੍ਹਾਂ ਦੇ ਦਿਲ ਵਿਚ ਕੋਈ ਤਰਸ ਨਹੀਂ, ਕੋਈ ਪਿਆਰ ਨਹੀਂ, ਪਰ ਹੁੰਦੇ ਉਸ ਵਕਤ ਵੀ ਉੱਨੇ ਹੀ ਨਰਮ ਤੇ ਕੋਮਲ ਹਨ। ਕੇਵਲ ਇਹ ਕੋਮਲਤਾ ਤੇ ਨਰਮੀ ਗੁੱਸੇ ਦੇ ਪਰਦੇ ਹੇਠ ਛੁਪੀ ਹੁੰਦੀ ਹੈ। ਇਸ ਗੁੱਸੇ ਤੇ ਝਲਪੁਣੇ ਦਾ ਕਾਰਣ ਉਨ੍ਹਾਂ ਦੀ ਜ਼ਿੰਦਗੀ ਦਾ ਪਿੱਛਾ ਫੋਲਣ ਤੋਂ ਇਹ ਮਲੂਮ ਹੁੰਦਾ ਹੈ ਕਿ ਉਨ੍ਹਾਂ ਨੂੰ ਘਰ ਦਾ ਪਿਆਰ ਨਹੀਂ ਮਿਲਿਆ। ਪਤੀ ਜਵਾਨੀ ਵਿਚ ਹੀ ਸਾਥ ਛੱਡ ਗਿਆ, ਅਤੇ ਝੋਲ ਪੁੱਤਰਾਂ ਧੀਆਂ ਤੋਂ ਖ਼ਾਲੀ ਰਹੀ। ਕਿਸੇ ਨੇ ਨਿਕੀਆਂ ਨਿਕੀਆਂ ਬਾਹਾਂ ਗਲ ਵਿਚ ਪਾ ਕੇ ਨਹੀਂ ਆਖਿਆ, 'ਬੀ ਜੀਓ ! ਮੈਂ ਕਿੱਡਾ ਸੋਹਣਾ ਵਾਂ !'

ਮੈਂ ਕਈ ਵੱਡੇ ਵੱਡੇ ਕਥੱਕੜ ਦੇਖੇ ਹਨ ਜੋ ਬਾਹਰ ਪੰਡਾਲਾਂ ਵਿਚ ਕਥਾ ਕਰਦਿਆਂ ਜਾਂ ਵਖਿਆਨ ਦਿੰਦਿਆਂ ਲੋਕਾਂ ਨੂੰ ਆਪਣੀ ਸਿਆਣਪ ਤੇ ਵਿਦਿਆ ਦੇ ਚਮਤਕਾਰ ਦਸ ਕੇ ਹੈਰਾਨ ਕਰ ਦਿੰਦੇ ਹਨ। ਪਰ ਜੇ ਕੋਈ ਦੁਖੀਆ ਜਾਂ ਲੋੜਵੰਦ ਉਨ੍ਹਾਂ ਦੇ ਦਰ ਤੇ ਜਾ ਖੜੋਵੇ ਤਾਂ ਚਾਰ ਚਾਰ ਘੰਟੇ ਸ਼ਾਇਦ ਮੁਲਾਕਾਤ ਲਈ ਉਡੀਕਣਾ ਪਵੇ ਅਤੇ ਜੇ ਮਿਲਣ ਵੀ ਤਾਂ ਉਨ੍ਹਾਂ ਦਾ ਦਿਲ ਹਮਦਰਦੀ ਨਾਲ ਨਹੀਂ ਪੰਘਰਦਾ, ਅੱਖਾਂ ਨਮਰੂਦ ਦੀ ਕਬਰ ਵਾਂਗ ਸਦਾ ਸੁੱਕੀਆਂ ਹੀ ਰਹਿੰਦੀਆਂ ਹਨ, ਤਰਸ ਜਾਂ ਪਿਆਰ ਨਾਲ ਸਜਲ ਨਹੀਂ ਹੋਈਆਂ। ਇੱਡੀ ਕਰੜਾਈ ਦਾ ਕਾਰਨ ? ਕੇਵਲ ਇਹ ਕਿ ਇਹੋ ਜਿਹੇ ਸੱਜਣ ਆਪਣਾ ਸਾਰਾ ਸਮਾਂ ਪੋਥੀਆਂ ਫੋਲਣ, ਲਿਖਣ ਜਾਂ—ਜਿਵੇਂ ਇਕ ਸੱਜਣ ਦੀ ਵਹੁਟੀ ਕਿਹਾ ਕਰਦੀ ਹੈ—ਭਾਈ ਹਰੀ ਆਪਣੀ ਸਾਰੀ ਜ਼ਿੰਦਗੀ ਹੈਂਡ ਬੈਗ ਨਾਲ ਮੋਟਰਾਂ ਗੱਡੀਆਂ ਦੇ ਸਫ਼ਰ ਵਿਚ ਹੀ ਟਪਾ ਛੱਡਦੇ ਹਨ। ਉਨ੍ਹਾਂ ਵਿਚ ਘਰ ਦਾ ਪਿਆਰ ਨਹੀਂ ਹੁੰਦਾ । ਇਸ ਲਈ ਉਨ੍ਹਾਂ ਦੀ ਜ਼ਿੰਦਗੀ ਰਸ ਤੋਂ ਖਾਲੀ ਕੋਰੀ ਜਹੀ ਹੁੰਦਾ ਹੈ ।

ਇਹ ਜਹੇ ਉਪਦੇਸ਼ਕ ਤੇ ਲਿਖਾਰੀ ਵਡੇ-ਵਡੇ ਗੁਰੂਆਂ ਤੇ ਪੈਗੰਬਰਾਂ ਦੇ ਜੀਵਨ ਵੀ ਆਪਣੇ ਨਮੂਨੇ ਉਤੇ ਢਾਲਦੇ ਹੋਏ ਉਨ੍ਹਾਂ ਮਹਾਂ ਪੁਰਖਾਂ ਨੂੰ ਵੀ ਆਪਣੇ ਜਹੇ ਕੋਰੇ ਤੇ ਘਰੋਗੀ ਪਿਆਰ ਤੋਂ ਸੱਖਣੇ ਬਣਾ ਦਸਦੇ ਹਨ। ਗੁਰੂ ਨਾਨਕ ਸਾਹਿਬ ਦਾ ਜੀਵਨ ਇਉਂ ਦਸਦੇ ਹਨ ਕਿ ਜਿਵੇਂ ਉਹ ਕਦੀ ਤੋਤਲੀਆਂ ਗੱਲਾਂ ਕਰਨ ਵਾਲੇ ਬਚਪਨ ਵਿਚੋਂ ਲੰਘੇ ਹੀ ਨਹੀਂ ਹੁੰਦੇ। ਬਾਲਪਨ ਤੋਂ ਹੀ ਉਤਨੀਆਂ ਸਿਆਣੀਆਂ ਤੇ ਪਰਮਾਰਥ ਦੀਆਂ ਗੱਲਾਂ ਕਰਦੇ ਹੁੰਦੇ ਸਨ ਜਿਤਨੀਆਂ

ਕਿ ਵੱਡੀ ਉਮਰ ਵਿਚ। ਉਨ੍ਹਾਂ ਨੂੰ ਪਤਾ ਨਹੀਂ ਹੁੰਦਾ ਕਿ ਬੱਚਿਆਂ ਦਾ ਭੋਲਾਪਣ, ਅਲਬੇਲੀ ਤਬੀਅਤ, ਭੈਣ ਭਰਾ ਦਾ ਪਿਆਰ; ਲਾਡ ਤੇ ਰੁਸੇਵੇਂ, ਮਹਾਂਪੁਰਖਾਂ ਦੀ ਬਣਤਰ ਲਈ ਉੱਨੇ ਹੀ ਜ਼ਰੂਰੀ ਹਨ, ਜਿੰਨੇ ਕਿ ਆਮ ਮਨੁੱਖਾਂ ਲਈ। ਇਸ ਤਜਰਬੇ ਵਿਚੋਂ ਲੰਘਣ ਨਾਲ ਖ਼ਿਆਲਾਂ, ਵਲਵਲਿਆਂ ਤੇ ਅਮਲਾਂ ਦੀ ਉਸਾਰੀ ਕੁਦਰਤੀ ਤੌਰ ਤੇ ਹੁੰਦੀ ਹੈ। ਜਿਨ੍ਹਾਂ ਦੀ ਜ਼ਿੰਦਗੀ ਸਧਾਰਨ ਬਣਨੀ ਹੁੰਦੀ ਹੈ, ਉਨ੍ਹਾਂ ਨੂੰ ਬਚਪਨ ਦਾ ਇਹ ਤਜਰਬਾ ਸੰਸਾਰ ਦੇ ਆਮ ਕੰਮਾਂ ਲਈ ਤਿਆਰ ਕਰਦਾ ਹੈ ਅਤੇ ਜਿਨ੍ਹਾਂ ਨੇ ਪੂਰਣਤਾ ਪ੍ਰਾਪਤ ਕਰਨੀ ਹੁੰਦੀ ਹੈ, ਉਨ੍ਹਾਂ ਲਈ ਘਰ ਦਾ ਪਿਆਰ, ਮਾਪਿਆਂ ਤੋਂ ਉਦਰੇਵਾਂ ਤੇ ਰੋਸਾ, ਭੈਣਾਂ ਦਾ ਥਾਂ ਥਾਂ ਤੇ ਵੀਰ ਨੂੰ ਬਚਾਉਣਾ ਇਕ ਅਜੇਹਾ ਚੌਗਿਰਦਾ ਬਣਾ ਰਖਦਾ ਹੈ ਜਿਸ ਤੋਂ ਉਨ੍ਹਾਂ ਦੇ ਵਲਵਲੇ ਉਚੇ ਸਾਈਂ ਦੇ ਪਿਆਰ ਵਲ ਪ੍ਰੇਰੇ ਜਾਂਦੇ ਹਨ ਅਤੇ ਸਿਕਾਂ ਸਿਕਣ ਤੇ ਕੁਰਬਾਨੀਆਂ ਕਰਨ ਦੀ ਜਾਚ ਆਉਂਦੀ ਹੈ। ਜਿਨ੍ਹਾਂ ਲਿਖਾਰੀਆਂ ਨੇ ਬਚਪਨ ਦੇ ਜ਼ਰੂਰੀ ਤਜਰਬੇ ਨੂੰ ਨਹੀਂ ਸਮਝਿਆ ਉਨ੍ਹਾਂ ਨੇ ਈਸਾ ਦਾ ਜੀਵਨ ਉਨ੍ਹਾਂ ਦੇ ਬਚਪਨ ਦਾ ਹਾਲ ਦੇਣ ਤੋਂ ਬਿਨਾਂ ਹੀ ਲਿਖ ਦਿਤਾ, ਅਤੇ ਬੁਧ ਮਹਾਰਾਜ ਅਤੇ ਗੁਰੂ ਨਾਨਕ ਦੇ ਮਾਪਿਆਂ ਦੇ ਆਚਰਣ ਨੂੰ ਬਹੁਤ ਕੋਝੇ ਰੰਗ ਵਿਚ ਰੰਗਿਆ। ਜੇ ਲਿਖਾਰੀਆਂ ਨੂੰ ਖ਼ਿਆਲ ਹੁੰਦਾ ਕਿ ਮਹਾਂਪੁਰਖ ਭੀ ਘਰ ਦੇ ਆਲੇ-ਦੁਆਲੇ ਵਿਚੋਂ ਚੰਗਾ ਅਸਰ ਲੈ ਸਕਦੇ ਹਨ, ਤਾਂ ਉਹ ਇਨ੍ਹਾਂ ਦੇ ਮਾਪਿਆਂ ਦਾ ਜ਼ਿਕਰ ਬੜੇ ਸਤਿਕਾਰ ਨਾਲ ਕਰਦੇ ਅਤੇ ਉਨ੍ਹਾਂ ਦੇ ਘਰੋਗੀ ਚੁਗਿਰਦੇ ਵਿਚ ਕੁਝ ਵੀ ਮਹਾਨਤਾ ਦੇ ਚਿੰਨ੍ਹ ਲੱਭਣ ਦਾ ਜਤਨ ਕਰਦੇ। ਮੈਨੂੰ ਤਾਂ ਗੁਰੂ ਨਾਨਕ ਦੇਵ ਜੀ ਦੀ ਜਨਮਸਾਖੀ ਵਿਚੋਂ ਵਧੀਕ ਤੋਂ ਵਧੀਕ ਦਰਦਨਾਕ ਤੇ ਰੋਮਾਂਚ ਕਰ ਦੇਣ ਵਾਲਾ ਨਜ਼ਾਰਾ ਉਹ ਲੱਭਦਾ ਹੈ, ਜਿਸ ਵਿਚ ਗੁਰੂ ਜੀ ਪਰਦੇਸ-ਯਾਤਰਾ ਕਰ ਕੇ ਘਰ ਨੂੰ ਪਰਤਦੇ ਹਨ, ਪਰ ਦਿਲ ਨੂੰ ਕਰੜਾ ਕਰ ਕੇ ਆਪ ਬਾਹਰ ਖੂਹ ਤੇ ਬਹਿ ਰਹਿੰਦੇ ਹਨ; ਅਤੇ ਭਾਈ ਮਰਦਾਨੇ ਨੂੰ ਆਪਣੇ ਘਰ ਵਾਲਿਆਂ ਦੀ ਖ਼ਬਰ-ਸੁਰਤ ਲੈਣ ਲਈ ਪਿੰਡ ਭੇਜਦੇ ਹਨ, ਪਰ ਕਹਿੰਦੇ ਹਨ, "ਇਹ ਨਾ ਦਸੀਂ ਕਿ ਮੈਂ ਵੀ ਇਥੇ ਆਇਆ ਹਾਂ।" ਮਰਦਾਨਾ ਮਾਤਾ ਤ੍ਰਿਪਤਾ ਜੀ ਪਾਸ ਪੁਜਦਾ ਹੈ ਅਤੇ ਘਰ ਦਾ ਹਾਲ ਪੁਛ ਕੇ ਵਿਦਾ ਹੋਣ ਲਗਦਾ ਹੈ, ਮਾਤਾ ਜੀ ਵੀ ਉਸ ਦੇ ਪਿਛੇ-ਪਿਛੇ ਪਿੰਡ ਤੋਂ ਬਾਹਰ ਉਸ ਥਾਂ ਪੁਜਦੇ ਹਨ ਜਿਥੇ ਗੁਰੂ ਜੀ ਬੈਠੇ ਹਨ। ਜੇ ਕਿਸੇ ਨੇ ਮਾਂ ਦੇ ਵਡਿੱਤਣ ਤੇ ਅਰਸ਼ੀ

ਅਸਰ ਨੂੰ ਦੇਖਣਾ ਹੋਵੇ ਤਾਂ ਇਸ ਨਜ਼ਾਰੇ ਦੇ ਹਾਲ ਨੂੰ ਪੜ੍ਹਨ। ਮਾਤਾ ਆਪਣੇ ਪੁੱਤਰ ਨੂੰ ਵੇਖ ਕੇ ਬਿਹਬਲ ਹੋ ਜਾਂਦੀ ਹੈ, ਅਤੇ ਓਸ ਵੇਲੇ ਜੋ ਮਮਤਾ ਵਾਲੇ ਲਫ਼ਜ਼ ਕਹਿੰਦੀ ਹੈ, ਉਨ੍ਹਾਂ ਦਾ ਕਰੁਣਾ-ਰਸ ਉੱਚੀ ਤੋਂ ਉੱਚੀ ਕਵਿਤਾ ਤੇ ਉੱਚੇ ਤੋਂ ਉੱਚੇ ਵਲਵਲੇ ਨੂੰ ਮਾਤ ਕਰਦਾ ਹੈ। ਪੁੱਤਰ ਦਾ ਮੱਥਾ ਚੁੰਮ ਕੇ ਉਹ ਕਹਿੰਦੀ ਹੈ: "ਵੇ ਬੱਚਾ! ਮੈਂ ਵਾਰੀ! ਮੈਂ ਤੈਥੋਂ ਵਾਰੀ! ਮੈਂ ਉਨ੍ਹਾਂ ਦੇਸ਼ਾਂ ਤੋਂ ਵਾਰੀ! ਉਨ੍ਹਾਂ ਰਾਹਾਂ ਤੋਂ ਵਾਰੀ ਜਿਨ੍ਹਾਂ ਉੱਤੇ ਚਲ ਕੇ ਤੂੰ ਆਇਆ ਹੈਂ!" ਜੇ ਕੋਈ ਸੁੱਕਾ ਫਿਲਾਸਫਰ ਹੁੰਦਾ ਤਾਂ ਓਸੇ ਵੇਲੇ ਆਪਣੀ ਮਾਂ ਨੂੰ ਕਹਿੰਦਾ, "ਜਾ ਭਈ ਜਾ। ਇਨ੍ਹਾਂ ਤਿਲਾਂ ਵਿਚ ਤੇਲ ਨਹੀਂ। ਤੂੰ ਮਾਇਆ ਦਾ ਰੂਪ ਧਾਰ ਕੇ ਮੈਨੂੰ ਭਰਮਾਉਣ ਆਈ ਹੈਂ।" ਨਹੀਂ ਗੁਰੂ ਜੀ ਮਾਤਾ ਜੀ ਦੇ ਬਚਨ ਸੁਣ ਕੇ ਫਿਸ ਪਏ ਅਤੇ ਉਸ ਦੇ ਚਰਨਾਂ ਉਤੇ ਡਿਗ ਕੇ ਰੋਏ, ਖ਼ੂਬ ਰੋਏ। ਉਹ ਅਥਰੂ ਹਜ਼ਾਰ ਗਿਆਨ ਧਿਆਨ ਦਾ ਨਚੋੜ ਸਨ, ਹਜ਼ਾਰ ਫ਼ਰਜ਼ਾਂ ਤੇ ਪਰ-ਉਪਕਾਰਾਂ ਦੀ ਜੜ੍ਹ ਨੂੰ ਸਿੰਜਣ ਵਾਲੇ ਸਨ।

ਕੀ ਗੁਰੂ ਨਾਨਕ ਸਾਹਿਬ ਦੇ ਦਿਲ ਉਤੇ ਬੀਬੀ ਨਾਨਕੀ ਦਾ ਪਿਆਰ ਦਾ ਘਟ ਅਸਰ ਸੀ, ਜਿਸ ਨੇ ਬਚਪਨ ਵਿਚ ਲੋਰੀਆਂ ਦੇ ਕੇ ਕੁਛੜ ਚੁੱਕ ਕੇ ਪਾਲਿਆ ਸੀ ਤੇ ਪਿਤਾ ਦੀਆਂ ਚਪੇੜਾਂ ਤੋਂ ਬਚਾਇਆ ਅਤੇ ਖਰੇ ਸੌਦੇ ਕਰਦਿਆਂ ਸਲਾਹਿਆ ਤੇ ਉਤਸ਼ਾਹਿਆ ਸੀ? ਜੇ ਉਹ 'ਨਾਨਕ' ਸਨ ਤਾਂ ਕੀ ਉਹ 'ਨਾਨਕੀ' ਨਹੀਂ ਸੀ?

ਕੀ ਮੁਹੰਮਦ ਸਾਹਿਬ ਦੀ ਜ਼ਿੰਦਗੀ ਉਤੇ ਉਨ੍ਹਾਂ ਦੀ ਬੀਵੀ ਖ਼ਦੀਜਾ ਦਾ ਅਸਰ ਘਟ ਸੀ ਜਿਸ ਨੇ ਔਖੇ ਤੋਂ ਔਖੇ ਵੇਲੇ ਉਨ੍ਹਾਂ ਦੀ ਮੱਦਦ ਕੀਤੀ ਤੇ ਉਨ੍ਹਾਂ ਦੇ ਜੀਵਨ-ਆਦਰਸ਼ ਨੂੰ ਸਭ ਤੋਂ ਪਹਿਲਾਂ ਸਮਝ ਕੇ ਉਸ ਵਿਚ ਯਕੀਨ ਕੀਤਾ ਅਤੇ ਸਦਾ ਹੌਸਲਾ ਵਧਾਇਆ? ਜਦ ਹਜ਼ਰਤ ਮੁਹੰਮਦ ਨੂੰ ਰੱਬ ਵਲੋਂ ਬਾਣੀ ਉਤਰਦੀ ਸੀ ਤਾਂ ਉਹ ਥੱਕ ਕੇ ਇੰਨੇ ਨਿਸਲ ਹੋ ਜਾਂਦੇ ਸਨ ਕਿ ਉਨ੍ਹਾਂ ਨੂੰ ਆਰਾਮ ਦੇ ਕੇ ਮੁੜ ਅਸਲੀ ਹਾਲਤ ਤੇ ਲਿਆਉਣ ਵਾਲੀ ਖ਼ਦੀਜਾ ਹੀ ਸੀ ਜੋ ਉਨ੍ਹਾਂ ਦਾ ਸਿਰ ਆਪਣੇ ਪੱਟਾਂ ਉਤੇ ਰੱਖ ਕੇ ਪਿਆਰ ਨਾਲ ਸਭ ਥਕੇਵੇਂ ਦੂਰ ਕਰ ਦਿੰਦੀ ਸੀ!

ਜੇ ਕਾਰਲਾਈਲ ਆਪਣੀ ਤੀਵੀਂ ਨੂੰ ਪਿਆਰ ਕਰਦਾ ਤਾਂ ਉਹ ਇੰਨਾ ਕ੍ਰਿਝੂ ਤੇ ਸੜੂ ਨਾ ਹੁੰਦਾ। ਉਹ ਆਪਣੇ ਕਮਰੇ ਵਿਚ ਪੜ੍ਹਦਾ ਜਾਂ ਲਿਖਦਾ

ਰਹਿੰਦਾ ਸੀ, ਅਤੇ ਉਸ ਦੀ ਵਹੁਟੀ ਵੱਖ ਬਰਾਂਡੇ ਵਿਚ ਬੈਠੀ ਆਏ ਗਏ ਨੂੰ ਤ੍ਰਾਂਹਦੀ ਰਹਿੰਦੀ। ਜਦ ਕਦੀ ਉਹ ਹੀਆ ਕਰ ਕੇ ਉਸ ਦੇ ਕਮਰੇ ਦਾ ਬੂਹਾ ਖੋਲ੍ਹ ਕੇ ਅੰਦਰ ਝਾਕਦੀ ਤਾਂ ਉਹ ਖਿਝ ਕੇ ਖਾਣ ਨੂੰ ਪੈਂਦਾ ਅਤੇ ਉਸ ਨੂੰ ਤ੍ਰਾਹ ਕੇ ਬਾਹਰ ਕੱਢ ਦਿੰਦਾ। ਉਸ ਦਾ ਸਾਰੇ ਸੰਸਾਰ ਨੂੰ 'ਚੁੱਪ' ਦੇ ਮਜ਼ਮੂਨ ਉਤੇ ਅਮੁੱਕ ਸਿਖਿਆ ਦੇਣ ਦਾ ਕੀ ਲਾਭ ਜਦ ਉਸ ਦੀ ਆਪਣੀ ਕਲਮ ਚੁੱਪ ਨਹੀਂ ਕਰਦੀ ਅਤੇ ਅਹਿਮਕ ਨਾਈ ਦੀ ਕੈਂਚੀ ਵਾਕਰ ਲੁਤਰ ਲੁਤਰ ਕਰਦੀ ਰਹਿੰਦੀ ਹੈ? ਉਸ ਦੀ ਲੰਮੇ ਲੰਮੇ ਲੇਖ ਲਿਖ ਕੇ ਲੋਕਾਂ ਨੂੰ ਚਾਬਕ ਵਰਗੀ ਤਾੜਨਾ ਕਰਨ ਦਾ ਕੀ ਲਾਭ ਜੇ ਉਹ ਆਪ ਇਕ ਘਰ ਦੀ ਸੁਆਣੀ ਨੂੰ ਭੀ ਅਰਾਮ ਨਾ ਦੇ ਸਕੇ!

ਅੱਜ ਕੱਲ੍ਹ ਬਹੁਤ ਸਾਰੀ ਦੁਰਾਚਾਰੀ ਦਾ ਕਾਰਣ ਘਰੋਗੀ ਵਸੋਂ ਦਾ ਘਾਟਾ ਅਤੇ ਬਾਜ਼ਾਰੀ ਰਹਿਣੀ-ਬਹਿਣੀ ਦਾ ਵਾਧਾ ਹੈ। ਘਰ ਘਟ ਰਹੇ ਹਨ, ਅਤੇ ਹੋਟਲ ਵਧ ਰਹੇ ਹਨ। ਲੋਕੀਂ ਘਰ ਦੇ ਸਦਾਚਾਰੀ ਅਸਰ ਨੂੰ ਨਾ ਜਾਣਦੇ ਹੋਏ, ਬਾਲ ਬੱਚੇ ਤੇ ਤੀਵੀਂ ਨਾਲ ਜੀਵਨ ਬਿਤਾਣ ਦੀ ਥਾਂ ਕਲੱਬਾਂ ਤੇ ਹੋਟਲਾਂ ਦੀ ਰਹਿਣੀ ਨੂੰ ਵਧੇਰੇ ਪਸੰਦ ਕਰਦੇ ਹਨ। ਇਸ ਦਾ ਸਿੱਟਾ ਇਹ ਨਿਕਲ ਰਿਹਾ ਹੈ ਕਿ ਲੋਕਾਂ ਵਿਚੋਂ ਉਹ ਘਰੋਗੀ ਜ਼ਿੰਮੇਂਵਾਰੀ, ਉਹ ਬਿਰਾਦਰੀ ਵਾਲੀ ਸ਼ਰਾਫ਼ਤ ਅਤੇ ਉਹ ਮਿਠਤ ਤੇ ਨਿਮ੍ਰਤਾ ਵਾਲੇ ਗੁਣ ਘਟ ਰਹੇ ਹਨ ਜੋ ਕੇਵਲ ਘਰੋਗੀ ਆਚਰਣ ਤੋਂ ਹੀ ਉਪਜਦੇ ਹਨ। ਇਸਤਰੀ ਤੇ ਬੱਚਿਆਂ ਵਿਚ ਕੇਵਲ ਇਤਨੀ ਦਿਲਚਸਪੀ ਦਸੀ ਜਾਂਦੀ ਹੈ ਜਿਤਨੀ ਕਿ ਉਹਨਾਂ ਨੂੰ ਘਰ ਤੋਂ ਬਾਹਰ ਲੋਕਾਂ ਦੇ ਸਾਹਮਣੇ ਸੂਕੇ ਬਾਂਕੇ ਬਣ ਕੇ ਵਿਖਾਣ ਜੋਗਾ ਬਣਾ ਦੇਵੇ। ਇਹ ਬਹੁਤ ਘਟ ਦੇਖਿਆ ਜਾਂਦਾ ਹੈ ਕਿ ਘਰ ਦਾ ਮਾਲਕ ਆਪਣੇ ਘਰ ਦੇ ਬੰਦਿਆਂ ਲਈ ਕੋਈ ਦਿਮਾਗੀ, ਸਦਾਚਾਰਕ ਜਾਂ ਆਤਮਕ ਉਨਤੀ ਵਾਲੇ ਸਾਧਨ ਇਕੱਠੇ ਕਰਦਾ ਹੋਵੇ ਜਾਂ ਖੇਡਾਂ, ਪੁਸਤਕਾਂ, ਸਵਾਦੀ ਤਮਾਸ਼ੇ ਜਾਂ ਧਾਰਮਕ ਸਿੱਖਿਆ ਦੇ ਸਮਿਆਨ ਵਧਾਣ ਦਾ ਜਤਨ ਕਰਦਾ ਹੋਵੇ।

ਮੁੰਡਿਆਂ ਅਤੇ ਵਿਦਿਆਰਥੀਆਂ ਬਾਬਤ ਭੀ ਸ਼ਕਾਇਤ ਕੀਤੀ ਜਾਂਦੀ ਹੈ ਕਿ ਉਹ ਸਮਾਜਕ ਵਰਤੋਂ ਵਿਚ ਕੋਰੇ ਜਹੇ ਗੈਰ-ਜ਼ਿਮੇਵਾਰ ਅਤੇ ਕਈ ਵੇਰ ਸਦਾਚਾਰ ਦੀਆਂ ਹਦਾਂ ਟਪ ਜਾਣ ਵਾਲੇ ਹੋ ਜਾਂਦੇ ਹਨ। ਇਸ ਦਾ ਕਾਰਨ ਵੀ ਘਰਾਂ ਨੂੰ ਛੱਡ ਕੇ ਬੋਰਡਿੰਗ ਦੀ ਰਹਿਣੀ ਬਹਿਣੀ ਹੈ। ਜਿਹੜਾ ਮੁੰਡਾ ਬਚਪਨ ਤੋਂ ਲੈ ਕੇ ਉਮਰ ਦਾ ਚੋਖਾ ਹਿੱਸਾ ਮਾਂ, ਭੈਣ, ਭਰਾ ਤੇ ਗੁਆਂਢੀਆਂ ਤੋਂ ਵੱਖਰਾ ਰਹਿ ਕੇ ਬੋਰਡਿੰਗ

ਵਿਚ ਕਟਦਾ ਹੈ, ਉਸ ਵਿਚ ਘਰੋਗੀ ਗੁਣ (ਲੱਜਾ, ਹਮਦਰਦੀ, ਬਰਾਦਰੀ ਦਾ ਸਨਮਾਨ ਆਦਿ) ਨਹੀਂ ਪੈਦਾ ਹੁੰਦੇ। ਚਾਚੀ ਮਰ ਜਾਏ, ਤਾਂ ਮੁੰਡੇ ਨੂੰ ਆਪਣੇ ਚਾਚੇ ਪਾਸ ਜਾ ਕੇ ਪਰਚਾਉਣੀ ਕਰਨ ਦੀ ਜਾਚ ਨਹੀਂ ਆਉਂਦੀ। ਮਾਂ ਨੂੰ ਨਾਲ ਜਾ ਕੇ ਕਹਿਣਾ ਪੈਂਦਾ ਹੈ, "ਕਾਕਾ ਚਾਚੀ ਲਈ ਅਫ਼ਸੋਸ ਕਰਨ ਆਇਆ ਹੈ।" ਇਹੋ ਜਿਹਾ ਰਿਸ਼ਤੇ ਸੰਬੰਧਾਂ ਤੋਂ ਕੋਰਾ ਅਤੇ ਘਰੋਗੀ ਪਿਆਰਾਂ ਤੋਂ ਭੁਖਾ ਰਖਿਆ ਮੁੰਡਾ ਜਦ ਸਾਲ ਮਗਰੋਂ ਆਪਣੇ ਪਿੰਡ ਜਾਂਦਾ ਹੈ ਤਾਂ ਕੁੜੀਆਂ ਦੇਖ ਕੇ ਆਪਣੀਆਂ ਅੱਖਾਂ ਜਾਂ ਦਿਲ ਨੂੰ ਸੰਭਾਲ ਨਹੀਂ ਸਕਦਾ ਅਤੇ ਕਈ ਤਰ੍ਹਾਂ ਦੇ ਖਰੂਦ ਮਚਾਂਦਾ ਹੈ।

ਅਸਲੀ ਧਾਰਮਕ ਜੀਵਨ ਦੀ ਨੀਂਹ ਘਰ ਦੀ ਰਹਿਣੀ-ਬਹਿਣੀ ਵਿਚ ਰਖੀ ਜਾ ਸਕਦੀ ਹੈ। ਪਰ ਲੋਕਾਂ ਦੀ ਰੁਚੀ ਘਰਾਂ ਵਲ ਘਟ ਹੋਣ ਕਰਕੇ ਧਾਰਮਕ ਰਹਿਣੀ ਭੀ ਇਕ ਲੋਕ-ਚਾਰਾ ਬਣ ਗਈ ਹੈ। ਧਰਮ ਘਰਾਂ ਵਿਚੋਂ ਨਿਕਲ ਕੇ ਬਾਜ਼ਾਰਾਂ ਵਿਚ ਆ ਗਿਆ ਹੈ। ਲੋਕੀਂ ਧਰਮ ਦੀ ਕਮਾਈ ਬਸ ਇਸੇ ਨੂੰ ਸਮਝੀ ਬੈਠੇ ਹਨ ਕਿ ਦਿਨ-ਦਿਹਾਰ ਨੂੰ ਕਿਸੇ ਦੀਵਾਨ ਵਿਚ ਹਾਜ਼ਰ ਹੋ ਕੇ ਪਾਠ, ਲੈਕਚਰ ਜਾਂ ਅਰਦਾਸ ਨੂੰ ਸੁਣ ਛਡਣ। ਘਰ ਵਿਚ ਇਸਤਰੀ ਬੱਚਿਆਂ ਨਾਲ ਰਲ ਕੇ ਪਾਠ ਕਰਨਾ ਜਾਂ ਅਰਦਾਸ ਕਰਨੀ ਬਹੁਤ ਘਟ ਦੇਖੀ ਜਾਂਦੀ ਹੈ। ਪਰ ਅਸਲ ਵਿਚ ਧਾਰਮਕ ਰੁਚੀ ਕੇਵਲ ਉਸੇ ਆਦਮੀ ਦੇ ਅੰਦਰ ਪੈਦਾ ਹੋ ਸਕਦੀ ਹੈ ਜੋ ਘਰ ਵਾਲਿਆਂ ਨਾਲ ਰਲ ਕੇ ਕੋਈ ਧਾਰਮਕ ਸੰਸਕਾਰ ਕਰਦਾ ਜਾਂ ਆਪਣੇ ਰੱਬ ਨੂੰ ਯਾਦ ਕਰਦਾ ਹੈ।

ਜਿਹੜੇ ਲੋਕੀ ਘਰੰਗੀ ਜੀਵਨ ਛਡ ਕੇ ਸਾਧ ਸੰਤ ਬਣ ਕੇ ਧਰਮ ਕਮਾਉਣਾ ਚਾਹੁੰਦੇ ਹਨ, ਉਹਨਾਂ ਲਈ ਇਹ ਕੰਮ ਉਤਨਾ ਹੀ ਔਖਾ ਹੈ ਜਿਤਨਾ ਕਿ ਉਸ ਕਿਸਾਨ ਲਈ ਜੋ ਜ਼ਿਮੀਂ ਨੂੰ ਛਡ ਕੇ ਹਵਾ ਵਿਚ ਬੀ ਬੀਜਣਾ ਚਾਹੇ। ਵੱਡੇ ਵੱਡੇ ਮਹਾਂ ਪੁਰਖ ਅਖਵਾਣ ਵਾਲੇ ਜੋ ਗ੍ਰਿਹਸਤ ਤੋਂ ਕੰਨੀ ਕਤਰਾਂਦੇ ਸਨ, ਧਾਰਮਕ ਜਾਂ ਇਖ਼ਲਾਕੀ ਔਕੜ ਪੈਣ ਤੇ ਝਟ ਡਿਗ ਜਾਂਦੇ ਸਨ, (ਕਿਸੇ ਦਾ ਨਾਂ ਕੀ ਲੈਣਾ ਹੋਇਆ ?) ਤੁਸੀ ਕਈਆਂ ਦੀਆਂ ਸਾਖੀਆਂ ਪੜ੍ਹਦੇ ਹੋਵੋਗੇ ਕਿ ਉਹ ਸਾਰੀ ਉਮਰ ਜਤੀ ਰਹੇ, ਪਰ ਜਦ ਕਿਸੇ ਦਰਿਆ ਦੇ ਕੰਢੇ ਇਸਤ੍ਰੀਆਂ ਨ੍ਹਾਉਂਦੀਆਂ ਦੇਖੀਆਂ ਤਾਂ ਆਪਣੇ ਉਤੇ ਕਾਬੂ ਨਾ ਰਖ ਸਕੇ। ਕਈ ਤਾਂ ਇਸੇ ਡਰ ਤੋਂ ਕਿ ਕਿਧਰੇ ਮਾਇਆ ਵਿਚ ਫਸ ਨਾ ਜਾਈਏ, ਜੰਮਦਿਆਂ ਹੀ ਕਰਮੰਡਲ ਚੁੱਕ ਕੇ ਬਨਬਾਸ ਕਰਨ ਚਲੇ ਜਾਂਦੇ ਸਨ। ਅੰਤ ਇਹੋ ਜਹਿਆਂ ਨੂੰ ਭੀ ਠੀਕ ਰਸਤਾ ਲਭਦਾ ਸੀ ਤਾਂ

ਗ੍ਰਿਹਸਤੀ ਰਾਜੇ ਜਨਕ ਵਰਗਿਆਂ ਤੋਂ। ਇਸੇ ਲਈ ਸਿਖ ਗੁਰੂਆਂ ਨੇ ਘਰੋਗੀ ਜੀਵਨ ਉਤੇ ਜ਼ੋਰ ਦਿਤਾ, ਕਿਉਂਕਿ ਸਦਾਚਾਰ ਬਣਦਾ ਹੀ ਜੀਵਨ ਤੋਂ ਹੈ। ਧੀਆਂ ਪੁੱਤਰ ਇਸਤਰੀ ਮਾਤਾ ਪਿਤਾ ਇਹ ਮਾਇਆ ਦੇ ਸੰਬੰਧ ਨਹੀਂ, ਸਗੋਂ ਹਰੀ ਨੇ ਆਪ ਸਾਡੇ ਆਚਰਣ ਢਾਲਣ ਲਈ ਪਵਿੱਤਰ ਸਾਂਚੇ ਬਣਾਏ ਹਨ :

"ਮਾਈ ਬਾਪ ਪੁਤ੍ਰ ਸਭਿ ਹਰਿ ਕੇ ਕੀਏ।
ਸਭਨਾਂ ਕਉ ਸਨਬੰਧੁ ਹਰਿ ਕਰਿ ਦੀਏ। (ਗੁਜਰੀ ਮ: ੪)

ਜਿਸ ਨੇ ਕਿਸੇ ਵਿਹਾਰ ਵਿਚ ਪੈ ਕੇ ਨਿਤ ਨਿਤ ਬਦ-ਦਿਆਨਤੀ ਦਾ ਟਾਕਰਾ ਨਹੀਂ ਕੀਤਾ, ਉਸ ਨੇ ਦਿਆਨਤਦਾਰ ਦੇ ਗੁਣ ਨੂੰ ਕਿਵੇਂ ਸਿਖਾਣਾ ਹੋਇਆ ? ਇਸੇ ਤਰ੍ਹਾਂ ਜਿਸ ਨੇ ਪਿਤਾ, ਮਾਤਾ, ਭਰਾ ਭੈਣ, ਪੁਤਰ ਧੀ ਬਣ ਕੇ ਇਨ੍ਹਾਂ ਔਕੜਾਂ ਦਾ ਮੁਕਾਬਲਾ ਨਹੀਂ ਕੀਤਾ, ਉਸ ਨੂੰ ਇਨ੍ਹਾਂ ਸੰਬੰਧਾਂ ਵਿਚੋਂ ਪੈਦਾ ਹੋਏ ਗੁਣ, ਪਿਤਾ-ਪੁਣਾ, ਪੁਤਰ-ਪੁਣਾ ਆਦਿ ਕਿਵੇਂ ਆ ਸਕਦੇ ਹਨ ? ਪਿਆਰ, ਹਮਦਰਦੀ, ਕੁਰਬਾਨੀ, ਸੇਵਾ ਆਦਿ ਗੁਣ ਕਦੀ ਭੀ ਨਹੀਂ ਸਿੱਖੇ ਜਾ ਸਕਦੇ ਜਦ ਤਕ ਕਿ ਮਨੁੱਖ ਘਰ ਦੇ ਸੰਬੰਧੀਆਂ ਨਾਲ ਪਿਆਰ, ਉਨ੍ਹਾਂ ਦੀ ਸੰਭਾਲ ਲਈ ਉੱਦਮ ਤੇ ਲਿਆਕਤ ਨਾ ਪੈਦਾ ਕਰੇ।

ਘਰ ਦੇ ਪਿਆਰ ਤੋਂ ਹੀ ਸਮਾਜ ਅਤੇ ਦੇਸ਼ ਪਿਆਰ ਪੈਦਾ ਹੁੰਦਾ ਹੈ। ਕੇਵਲ ਓਹੀ ਲੋਕ ਆਪਣੇ ਮੁਲਕ ਉਤੇ ਹਮਲੇ ਜਾਂ ਅਤਿਆਚਾਰ ਹੁੰਦੇ ਨਹੀਂ ਸਹਾਰ ਸਕਦੇ ਜਿਨ੍ਹਾਂ ਦੇ ਘਰਾਂ ਨੂੰ, ਟਬਰਾਂ ਨੂੰ, ਵਹੁਟੀ ਤੇ ਬੱਚਿਆਂ ਨੂੰ ਨੁਕਸਾਨ ਹੋਣ ਦਾ ਖ਼ਤਰਾ ਹੁੰਦਾ ਹੈ। ਮੈਨੂੰ ਹਿੰਦੁਸਤਾਨ ਉਤਨਾ ਹੀ ਪਿਆਰਾ ਹੈ ਜਿਤਨਾ ਕਿ ਮੇਰੇ ਆਪਣੇ ਅਡਿਆਲੇ ਪਿੰਡ ਦਾ ਕੱਚਾ ਕਠਾ ਅਤੇ ਉਸ ਵਿਚ ਵਸਦੇ ਬੰਦੇ ਪਿਆਰੇ ਹਨ। ਮੈਨੂੰ ਯਾਦ ਹੈ, ਜਦ ਮੈਂ ਰਾਵਲਪਿੰਡੀ ਪੜ੍ਹਦਾ ਹੁੰਦਾ ਸਾਂ ਤਾਂ ਹਰ ਹਫਤੇ ਐਤਵਾਰ ਕਟਣ ਨੂੰ ਆਪਣੇ ਪਿੰਡ ਜਾਂਦਾ ਹੁੰਦਾ ਸਾਂ। ਜਦ ਮੈਂ 'ਚੀਰ ਪੜਾਂ' ਤੋਂ ਲੰਘਕੇ 'ਤ੍ਰਿਪਿਆਂ' ਕੋਲ ਪੁਜਦਾ ਸਾਂ, ਜਿਥੋਂ ਇਕ ਟਿੱਬੇ ਦੇ ਓਹਲੇ ਮੇਰਾ ਪਿੰਡ ਵਸਦਾ ਦਿਸਦਾ ਸੀ, ਤਾਂ ਪਿੰਡ ਦੀ ਪਿਆਰੀ ਝਾਕੀ ਅੱਖਾਂ ਦੇ ਸਾਹਮਣੇ ਆਉਣ ਤੋਂ ਪਹਿਲਾਂ ਮੈਂ ਉਸ ਟਿੱਬੇ ਕੋਲ ਠਹਿਰ ਜਾਂਦਾ ਸਾਂ, ਅਤੇ ਦਿਲ ਨੂੰ ਚੰਗੀ ਤਰ੍ਹਾਂ ਤਿਆਰ ਕਰਕੇ ਪਿੰਡ ਵਲ ਝਾਕਣ ਦਾ ਹੀਆ ਕਰਦਾ ਸਾਂ। ਮੁੜਦੀ ਵੇਰ ਭੀ ਪਿੰਡ ਨੂੰ ਅੱਖਾਂ ਤੋਂ ਓਹਲੇ ਹੋਣ ਤੋਂ ਪਹਿਲਾਂ ਮੁੜ ਮੁੜ ਦੇਖਦਾ ਸਾਂ। ਕਈ ਵੇਰੀ ਉਸ ਦੇ ਓਹਲੇ ਹੋ ਜਾਣ ਦੇ ਮਗਰੋਂ ਕੁਝ ਕਦਮ ਪਿੱਛੇ ਪਰਤ ਕੇ ਮੁੜ ਪਿੰਡ ਨੂੰ ਦੇਖਣ ਜਾਂਦਾ ਸਾਂ। ਪਿੰਡ ਕਿੱਡਾ ਪਿਆਰਾ ਸੀ ! ਅਤੇ ਉਸ ਵਿਚ ਵਸਦੇ ਮੇਰੇ ਸੰਬੰਧੀ ਹੋਰ ਭੀ ਪਿਆਰੇ ਸਨ। (ਪਰ ਹੁਣ ਉਹ ਕਿਥੇ ? ਸਭ ਛਾਈਂ-ਮਾਈਂ ਹੋ ਗਿਆ। ਅੰਗਰੇਜ਼ ਜਾਂ ਫ਼ਰਾਂਸੀਸੀ ਮੇਰੇ ਪਿੰਡ ਜਾ ਸਕਦਾ ਹੈ, ਪਰ ਹਾਏ ! ਮੈਂ ਨਹੀਂ ਜਾ ਸਕਦਾ !)

# ਪੰਜਾਬੀ ਵਿਚ 'ਕਾਫ਼ੀ'

ਕਈ ਲੋਕ ਕਾਫ਼ੀ ਨੂੰ ਇਕ ਰਾਗਣੀ ਕਹਿੰਦੇ ਹਨ। ਸਿਖਾਂ ਦੇ ਗੁਰੂ ਗ੍ਰੰਥ ਸਾਹਿਬ ਵਿਚ ਗੁਰੂ ਨਾਨਕ ਸਾਹਿਬ ਦੀਆਂ ਪੰਜ ਕਾਫ਼ੀਆਂ ਮਿਲਦੀਆਂ ਹਨ, ਇਕ ਗੁਰੂ ਅਮਰਦਾਸ ਜੀ ਦੀ, ਇਕ ਗੁਰੂ ਰਾਮ ਦਾਸ ਜੀ ਦੀ, ਦੋ ਗੁਰੂ ਅਰਜਨ ਦੇਵ ਜੀ ਦੀਆਂ ਅਤੇ ਇਕ ਗੁਰੂ ਤੇਗ ਬਹਾਦੁਰ ਜੀ ਦੀ : ਇਹ ਕਾਫ਼ੀਆਂ ਆਸਾ, ਸੂਹੀ, ਤਿਲੰਗ ਅਤੇ ਮਾਰੂ ਰਾਗਾਂ ਵਿਚ ਦਿਤੀਆਂ ਹਨ। ਇਹ ਗੱਲ ਧਿਆਨ ਦੇਣ ਯੋਗ ਹੈ ਕਿ ਇਹ ਰਾਗ ਮੁਸਲਮਾਨੀ ਇਲਾਕਿਆਂ ਦੇ ਰਾਗ ਹਨ, ਅਤੇ ਇਨ੍ਹਾਂ ਨੂੰ ਮੁਸਲਮਾਨ ਸੂਫ਼ੀ ਫ਼ਕੀਰਾਂ ਨੇ ਬਹੁਤ ਵਰਤਿਆ ਹੈ। ਇਨ੍ਹਾਂ ਕਾਫ਼ੀਆਂ ਦੀ ਬੋਲੀ ਵਿਚ ਵੀ ਲਹਿੰਦੀ ਤੇ ਮੁਲਤਾਨੀ ਬੋਲੀ ਦੇ ਲਫ਼ਜ਼ ਬੇਹਦ ਆਉਂਦੇ ਹਨ, ਜਿਵੇਂ ਗੁਰੂ ਅਰਜਨ ਦੇਵ ਜੀ ਦੀ ਸੂਹੀ ਰਾਗ ਵਾਲੀ ਕਾਫ਼ੀ ਲਓ :—

ਜੇ ਭੁੱਲੀ ਜੇ ਚੁੱਕੀ ਸਾਈਂ, ਭੀ ਤਹਿੰਜੀ ਕਾਂਢੀਆਂ।
ਜਿਨ੍ਹਾਂ ਨੇਹੁ ਦੂਜਾਣੇ ਲੱਗਾ, ਝੂਰ ਮਰਹੁ ਸੇ ਮਾਂਢੀਆਂ।
ਹਉਂ ਨ ਛੋਡਉ ਕੰਤ ਪਾਸਰਾ।
ਸਦਾ ਰੰਗੀਲਾ ਲਾਲ ਪਿਆਰਾ ਏਹੁ ਮਹਿੰਜਾ ਆਸਰਾ ।੧। ਰਹਾਉ ।
ਸਜਣੁ ਤੂਹੈ ਸੈਣੁ ਤੂੰ ਮੈਂ ਤੁਝ ਉਪਰਿ ਬਹੁ ਮਾਣੀਆ।
ਜਾ ਤੂੰ ਅੰਦਰਿ ਤਾਂ ਸੁਖੇ ਤੂੰ ਨਿਮਾਣੀ ਮਾਣੀਆਂ ।੨।
ਜੇ ਤੂੰ ਤੁਠਾ ਕ੍ਰਿਪਾ-ਨਿਧਾਨ ਨਾ ਦੂਜਾ ਵੇਖਾਲਿ।
ਏਹਾ ਪਾਈ ਮੂ ਦਾਤੜੀ ਨਿਤ ਹਿਰਦੈ ਰਖਾ ਸਮਾਲਿ ।੩।

ਇਸ ਤਰ੍ਹਾਂ ਦੇ ਪੰਜ ਬੰਦ ਹੋਰ ਹਨ। ਇਨ੍ਹਾਂ ਵਿਚ ਆਏ ਲਫ਼ਜ਼—ਸਾਈਂ, ਤਹਿੰਜੀ, ਦੂਜਾਣੇ, ਮਹਿੰਜਾ, ਮੂ ਦਸਦੇ ਹਨ ਕਿ ਬੋਲੀ ਪੰਜਾਬ ਦੇ ਦੱਖਣ-ਪੱਛਮ ਦੀ ਹੈ।

ਅਸਲ ਵਿਚ ਕਾਫ਼ੀ ਪੰਜਾਬ ਦੇ ਦੱਖਣ-ਪੱਛਮ ਵਲੋਂ ਆਈ, ਜਿਧਰੋਂ ਸੂਫ਼ੀ

ਮਤ ਦੇ ਫ਼ਕੀਰ ਲੋਕ ਆਏ । ਇਹ ਸੂਫ਼ੀ ਫ਼ਕੀਰਾਂ ਦੀਆਂ ਮਜਲਸਾਂ ਦੀ ਜੰਮਪਲ ਹੈ । ਇਹ ਕੋਈ ਖਾਸ ਰਾਗ ਨਹੀਂ, ਅਤੇ ਨਾ ਛੰਦਾਬੰਦੀ ਦੀ ਕੋਈ ਖ਼ਾਸ ਜ਼ਾਤ ਹੈ, ਜਿਸ ਦੀਆਂ ਮਾਤਰਾਂ ਦੇ ਰੂਪ ਕਿਸੇ ਨੇਮ ਹੇਠ ਬੱਝ ਸਕਦੇ ਹੋਣ । 'ਕਾਫ਼ੀ' ਦਾ ਮਹਿਨਾ ਵਾਰ ਵਾਰ ਆਉਣਾ ਹੈ । ਜਦ ਸੂਫ਼ੀ ਫ਼ਕੀਰ ਪ੍ਰੇਮ-ਰਸ ਭਰੇ ਪਦ ਗਾਉਣ ਲਈ ਅਖਾੜਾ ਰਚਦੇ ਹਨ, ਤਾਂ ਇਕ ਮੁਖੀਆ ਅੱਗੇ ਅੱਗੇ ਉਚੀ ਸੁਰ ਨਾਲ ਰੱਬ ਦੇ ਪਿਆਰ ਵਿਚ ਕੁਝ ਗਾਉਂਦਾ ਹੈ ਤੇ ਬਾਕੀ ਦੇ ਸਿਰ ਹਿਲਾ ਹਿਲਾ ਕੇ ਤਾਲ ਦਿੰਦੇ ਹਨ, ਪਰ ਜਦੋਂ ਬੰਦ ਦੀ ਅੰਤਲੀ ਤੁਕ ਆਉਂਦੀ ਹੈ ਤਾਂ ਸਾਰੇ ਉਸ ਨੂੰ ਰਲ ਕੇ ਗਾਉਂਦੇ ਹਨ ।

ਬਸ ਇਸ ਦੇ ਪਿੱਛੋਂ ਰਲ ਕੇ ਗਾਈ ਜਾਣ ਵਾਲੀ ਧਾਰਨਾ ਦੇ ਸਬੱਬ ਇਸ ਗੀਤ ਦਾ ਨਾਂ ਕਾਫ਼ੀ ਪੈ ਗਿਆ ਹੈ । ਇਸ ਵਿਚ ਰੱਬ ਦੇ ਪਿਆਰਾਂ ਦਾ ਜੋਸ਼, ਲਹਿੰਦੀ ਬੋਲੀ ਦਾ ਅਸਰ ਅਤੇ ਬਾਰ ਬਾਰ ਆਉਣ ਵਾਲੀ ਧਾਰਨਾ ਦਾ ਹੋਣਾ ਜ਼ਰੂਰੀ ਹੈ । ਅਜ ਕਲ ਇਸ ਨੂੰ ਆਮ ਤੌਰ ਤੇ ਕੱਵਾਲ ਲੋਕ ਗਾਉਂਦੇ ਹਨ । ਇਨ੍ਹਾਂ ਕੱਵਾਲਾਂ ਦਾ ਮਸਹੂਰ ਅੱਡਾ ਜਲੰਧਰ ਦੇ ਜ਼ਿਲ੍ਹੇ ਨਕੋਦਰ ਵਿਚ ਹੈ । ਇਹ ਲੋਕ ਮੇਲਿਆਂ ਅਤੇ ਉਰਸਾਂ ਉਤੇ ਜਾਂਦੇ ਹਨ, ਅਤੇ ਬੁਲ੍ਹੇ ਸ਼ਾਹ, ਸ਼ਾਹ ਹੁਸੈਨ, ਅਲੀ ਹੈਦਰ ਆਦਿਕਾਂ ਦਾ ਮਾਰਫਤੀ ਕਲਾਮ ਸੁਣਾਂਦੇ ਹਨ । ਕਈ ਤਾਂ ਗਾਂਦੇ ਗਾਂਦੇ ਨਚ ਖਲੋਂਦੇ ਹਨ । ਕਈਆਂ ਨੂੰ ਹਾਲ ਪੈ ਜਾਂਦਾ ਹੈ । ਉਹ ਮਸਤਾਨੇ ਹੋ ਕੇ ਸਿਰ ਮਾਰਨ ਲਗ ਪੈ ਦੇ ਹਨ ਅਤੇ ਠਲ੍ਹਿਆਂ ਨਹੀਂ ਠਲ੍ਹੀਂਦੇ । ਤਕੜੇ ਤਕੜੇ ਲੋਕ ਇਨ੍ਹਾਂ ਨੂੰ ਲੱਕੋਂ ਫੜ ਕੇ ਸੰਭਾਲਣ ਦੀ ਕੋਸ਼ਿਸ਼ ਕਰਦੇ ਹਨ । ਬਹੁਤਾ ਜ਼ੋਰ ਕਰਨ ਵਾਲਿਆਂ ਨੂੰ ਰੱਸਿਆਂ ਨਾਲ ਜਕੜ ਕੇ ਦਰੱਖ਼ਤਾਂ ਨਾਲ ਪੁੱਠੇ ਲਮਕਾਇਆ ਜਾਂਦਾ ਹੈ । ਜਦ ਚੋਖੇ ਥਕ ਜਾਣ ਤਾਂ ਥੱਲੇ ਲਾਹ ਕੇ ਦੱਬ ਘੁੱਟ ਕੇ ਹੋਸ਼ ਵਿਚ ਲਿਆਇਆ ਜਾਂਦਾ ਹੈ ।

ਹੁਣ ਤਾਂ ਭਾਵੇਂ ਹਿੰਦੂ ਤੇ ਸਿੱਖ ਭੀ ਕਾਫ਼ੀਆਂ ਲਿਖਣ ਲਗ ਪਏ ਹਨ, ਪਰ ਸ਼ੁਰੂ ਸ਼ੁਰੂ ਵਿਚ ਇਹ ਗੀਤ ਸੂਫੀ ਫ਼ਕੀਰਾਂ ਨੇ ਹੀ ਵਰਤਿਆ । ਸੂਫ਼ੀ ਮੱਤ ਈਰਾਨ ਵਿਚ ਪੈਦਾ ਹੋਇਆ, ਜਿਥੇ ਸ਼ਾਮੀ ਨਸਲ ਦੇ ਅਰਬੀ ਖ਼ਿਆਲਾਂ ਦਾ ਟਾਕਰਾ ਆਰੀਆ ਨਸਲ ਦੀ ਈਰਾਨੀ ਤਹਿਜ਼ੀਬ ਨਾਲ ਹੋਇਆ । ਸ਼ਾਮੀਂ (ਜਾਂ ਸੈਮਟਿਕ) ਨਸਲ ਦੇ ਲੋਕ ਰੱਬ ਨੂੰ ਕੁਦਰਤ ਦੇ ਅੰਦਰ ਪਸਰਿਆ ਹੋਇਆ ਵੇਖਦੇ ਸਨ । ਜਦ ਦੋਹਾਂ ਖ਼ਿਆਲਾਂ ਦਾ ਮੇਲ ਹੋ ਗਿਆ, ਜਿਸ ਤੋਂ ਸੂਫ਼ੀ ਖਿਆਲ ਦੀ ਨੀਂਹ ਬੱਝੀ । ਸੂਫ਼ੀ ਮਤ ਵਿਚ ਰੱਬ ਨੂੰ ਸਭ ਦੇ ਅੰਦਰ ਤੇ ਸਭ ਦੇ ਬਾਹਰ

ਮੰਨਿਆ ਗਿਆ, ਸਗੋਂ ਵੇਦਾਂਤੀਆਂ ਵਾਕਰ ਸਭ ਕੁਝ ਹੱਬ ਹੀ ਰੱਬ ਮੰਨਿਆ ਗਿਆ। ਇਸ ਤੇ ਸ਼ਾਮੀਂ ਜਾਂ ਮੁਸਲਮਾਨੀ ਅੰਸ਼ ਨੇ ਹੀ ਵਾਧਾ ਇਹ ਕੀਤਾ ਕਿ ਸੂਫ਼ੀ ਮਤ ਵਿਚ ਨਿਰੀ ਫ਼ਿਲਾਸਫ਼ਿਆਨਾ ਵਹਦਾਨੀਅਤ ਦੀ ਥਾਂ ਭਗਤੀ ਵਾਲੀ ਵਹਦਾਨੀਅਤ ਅਸਲੀ ਕੰਮ ਕਰਨ ਲੱਗੀ। ਰੱਬ ਨਾਲ ਅਭੇਦਤਾ ਦਾ ਅਸੂਲ ਸ਼ਰਈ ਲੋਕਾਂ ਨੂੰ ਖ਼ਤਰਨਾਕ ਭਾਸਿਆ ਕਰਦਾ ਹੈ, ਇਸ ਲਈ ਸੂਫ਼ੀ ਲੋਕ ਆਪਣੇ ਖ਼ਿਆਲ ਜ਼ਰਾ ਲੁਕਵੀਂ ਬੋਲੀ ਜਾਂ ਦੋਅਰਥੇ ਲਫ਼ਜ਼ਾਂ ਵਿਚ ਜ਼ਾਹਰ ਕਰਨ ਲੱਗ ਪਏ।

ਫੇਰ ਜਦ ਇਹ ਮੱਤ ਮੁਲਤਾਨ ਵਾਲੇ ਰਸਤੇ ਪੰਜਾਬ ਵਿਚ ਦਾਖ਼ਲ ਹੋਇਆ, ਤਾਂ ਇਸ ਉਤੇ ਪੰਜਾਬੀਅਤ ਦਾ ਅਸਰ ਹੋ ਗਿਆ। ਜਿਥੇ ਅਗੇ ਮਨਸੂਰ, ਜ਼ਕਰੀਏ ਤੇ ਯੂਸਫ਼ ਦਾ ਜ਼ਿਕਰ ਹੁੰਦਾ ਸੀ, ਉਥੇ ਰਾਂਝੇ ਤੇ ਕ੍ਰਿਸ਼ਨ ਨੂੰ ਵੀ ਨਾਲ ਰਲਾ ਲੀਤਾ ਗਿਆ।

ਇਸ ਜੋਗੀ ਦੀ ਕੀ ਨਿਸ਼ਾਨੀ ? ਕੰਨ ਵਿਚ ਮੁੰਦਰਾਂ ਗਲ ਵਿਚ ਗਾਨੀ।
ਸੂਰਤ ਉਸ ਦੀ ਯੂਸਫ਼ ਸਾਨੀ। ਉਸ ਅਲਫੋਂ ਅਹਦ ਬਣਾਇਆ ਨੀ।
(ਬੁਲ੍ਹੇ ਸ਼ਾਹ)

ਇਹ ਜੋ ਮੁਰਲੀ ਕਾਨ੍ਹ ਬਜਾਈ, ਮੇਰੇ ਦਿਲ ਨੂੰ ਚੇਟਕ ਲਾਈ।
ਆਹੀਂ ਨ੍ਹਾਰੇ ਭਰਦੀ ਆਹੀਂ, ਮੈਂ ਰੋਵਾਂ ਜ਼ਾਰੋ ਜ਼ਾਰੀ।
(ਬੁਲ੍ਹਾ)

ਵਜਦ ਨੇ ਜੰਗਲਾਂ ਦੀ ਥਾਂ ਸੱਜੀ ਦੇ ਥਲਾਂ ਨੇ ਮਲ ਲਈ, ਅਤੇ ਦਜਲੇ ਦੀ ਥਾਂ ਝਨਾਂ ਸੂਕਣ ਲਗ ਪਈ। ਮੂਸਾ ਦੇ ਇੱਜੜਾਂ ਦੀ ਥਾਂ ਰਾਂਝੇ ਦੀ ਸੁਰੀਲੀ ਬੰਸਰੀ ਮਗਰ ਕੁੰਡ੍ਹੀਆਂ ਤੇ ਬੂਰੀਆਂ ਦੇ ਵੱਗ ਭਜਦੇ ਦਿਸਣ ਲਗ ਪਏ। ਰੱਬ ਆਜੜੀ ਵਲ ਜਿੰਦ ਬਕਰੀ ਵਾਂਗੂੰ ਭਜਦੀ ਆਉਂਦੀ ਦਿਸੀ :

"ਵੇਖ ਬਘਿਆੜ ਤੇ ਵਾਗੀਆਂ ਨੂੰ ਤ੍ਰਹਿ ਤ੍ਰਹਿ ਤੁਧ ਹੀ ਵਲ ਆਵਨੀਆਂ।
ਛੀ ਛੀ ਕਰੇ ਮੈਨੂੰ ਚੱਜ ਨਾ ਆਵੇ, ਗੱਛ ਘੁੰਘਰੂ ਮੈਂ ਛਿਕ ਛਣਕਾਵਨੀਆਂ।
ਉਗਲ ਉਗਲ ਕੇ ਜਿਕਰ ਤੈਂਡਾ ਦਿਲ ਜੀਉ ਤੋਂ ਛਿਕ ਲਿਆਵਨੀਆਂ।
ਈਦ ਹੋਵੇ ਕੁਰਬਾਨੀ ਥੀਵਾਂ ਸੂਹਾ ਵੇਸ ਬਣਾਵਨੀਆਂ।
ਘਰ ਚਰਾਂ ਕਿਵੇਂ ਮੋਟੀ ਥੀਵਾਂ ਲਿੱਸੀ ਕੰਮ ਨਾ ਆਵਨੀਆਂ।
ਪਰ ਕਿਉਂਕਰ "ਹੈਦਰ" ਮੋਟੜੀ ਥੀਂਵਾਂ ਖੰਜਰ ਤੋਂ ਤਰਸਾਵਨੀਆਂ।"

ਜਿਥੇ ਈਰਾਨੀ ਸੂਫ਼ੀਆਂ ਦੀਆਂ ਮਹਿਫਲਾਂ ਵਿਚ ਸ਼ਰਾਬ ਦੇ ਦੌਰਾਂ ਦਾ ਜ਼ਿਕਰ ਹੁੰਦਾ ਸੀ ਉਥੇ ਹੁਣ ਕੱਤਣ ਤੁੰਮਣ ਦਾ ਜ਼ਿਕਰ ਹੋਣ ਲਗਾ :

ਭੈਣਾ, ਮੈਂ ਕਤਦੀ ਕਤਦੀ ਹੁੱਟੀ ।
ਪੜੀ ਪਛੀ ਧਛਵਾੜੇ ਰਹਿ ਗਈ, ਹੱਥ ਵਿਚ ਰਹਿ ਗਈ ਜੁੱਟੀ ।
ਅੱਗੇ ਚਰਖਾ ਪਿਛੇ ਪੀਹੜਾ, ਹੱਥ ਮੇਰਿਉਂ ਤੰਦ ਟੁੱਟੀ ।
ਸੈ ਵਰ੍ਹਿਆਂ ਪਿਛੋਂ ਛਲੀ ਲਾਹੀ, ਕਾਗ ਮਰੇਂਦਾ ਝੁੱਟੀ ।
ਭਲਾ ਹੋਇਆ ਮੇਰਾ ਚਰਖਾ ਟੁੱਟਾ, ਜਿੰਦ ਅਜ਼ਾਬੋਂ ਛੁੱਟੀ (ਬੁੱਲ੍ਹਾ)

ਇਸੇ ਤਰ੍ਹਾਂ ਸ਼ਾਹ ਹੁਸੈਨ, ਜੋ ਜੁਲਾਹੇ ਦਾ ਕੰਮ ਕਰਦੇ ਸਨ, ਆਪਣੇ ਕਸਬ ਦੇ ਰਾਹੀਂ ਉਚੇ ਤੋਂ ਉਚੇ ਮਾਰਫਤ ਦੇ ਖਿਆਲ ਜ਼ਾਹਰ ਕਰਦੇ ਹਨ—

ਜਿੰਦੂ ਮੈਂ ਡੜੀਏ ? ਤੇਰਾ ਨਲੀਆਂ ਦਾ ਵਖਤ ਵਿਖਾਣਾ ।
ਰਾਤੀਂ ਕਤੈਂ ਰਾਤੀਂ ਅਟੇਰੈਂ ਗੋਸ਼ੇ ਲਾਇਓ ਤਾਣਾ ।
ਇਕ ਜੁ ਤੰਦ ਅਵੱਲਾ ਪੈ ਗਿਆ, ਸਾਹਿਬ ਮੂਲ ਨਾ ਭਾਣਾ ।

ਪੰਜਾਬ ਦੀ ਜੱਟ ਕੌਮ ਭੀ ਸੂਫੀਆਂ ਦੇ ਲੇਖ ਲਗ ਗਈ । ਮੀਰਾਂ ਸ਼ਾਹ ਜਲੰਧਰੀ ਕਹਿੰਦਾ ਹੈ :

ਲੋਕ ਅਸਾਂ ਨੂੰ ਆਖਣ ਜੱਟੀਆਂ ।
ਜੱਟੀਆਂ ਹਾਂ, ਪਰ ਇਸ਼ਕ ਨੇ ਪੱਟੀਆਂ,
ਨੈਣ ਮਾਹੀ ਸੰਗ ਲਾਏ, ਇਸ਼ਕੋਂ ਹਟਕ ਨਹੀਂ ।

ਪੰਜਾਬ ਦੇ ਦਰਿਆ, ਪੰਜਾਬ ਦੇ ਪਤਣ, ਪੰਜਾਬ ਦਾ ਇਤਿਹਾਸ, ਪੰਜਾਬੀਆਂ ਦੀ ਕਿਸਮਤ ਨਾਲ ਸੂਫੀ ਫ਼ਕੀਰਾਂ ਨੇ ਅਪਣੱਤ ਪਾ ਲਈ । ਬੁਲ੍ਹੇ ਸ਼ਾਹ "ਬੁਰਾ ਹਾਲ ਹੋਇਆ ਪੰਜਾਬ ਦਾ, ਦਰ ਖਲ੍ਹਾ ਹਸ਼ਰ ਅਜ਼ਾਬ ਦਾ" ਦੇਖ ਕੇ ਲਹੂ ਦੇ ਹੰਝੂ ਰੋਂਦਾ ਹੈ । ਉਹ ਮੁਗਲਾਂ ਦੇ ਜ਼ਹਿਰੀ ਸ਼ਰਾਬ ਪੀ ਪੀ ਕੇ ਗਰਕ ਹੋਣ ਅਤੇ ਭੂਰਿਆਂ ਵਾਲੇ ਸਿਖਾਂ ਨੂੰ ਚੜ੍ਹਦੀਆਂ ਕਲਾਂ ਵਿਚ ਵੇਖ ਕੇ ਰੱਬ ਦੀ ਰਜ਼ਾ ਨੂੰ ਚੇਤੇ ਰਖਦਾ ਹੈ :

"ਭੂਰੀਆਂ ਵਾਲੇ ਰਾਜੇ ਕੀਤੇ । ਮੁਗਲਾਂ ਜ਼ਹਿਰ ਪਿਆਲੇ ਪੀਤੇ ।"

ਗੁਰੂ ਨਾਨਕ ਤੋਂ ਬਾਅਦ ਸਭ ਤੋਂ ਪੁਰਾਣੀਆਂ ਕਾਫ਼ੀਆਂ ਸ਼ਾਹ ਹੁਸੈਨ ਲਾਹੌਰੀ ਦੀਆਂ ਮਿਲਦੀਆਂ ਹਨ । ਇਹ ਸੰਨ ੯੪੫ ਹਿ: ਤੋਂ ੧੦੦੮ ਤਕ ਜੀਵੇ । ਇਹ ਇਕ ਹਿੰਦੂਉਂ ਬਣੇ ਮੁਸਲਮਾਨ ਦੇ ਘਰ ਹੋਏ ਸਨ, ਅਤੇ ਇਨ੍ਹਾਂ ਦੇ ਖ਼ਿਆਲਾਂ ਵਿਚ ਕੁਝ ਝਲਕ ਆਵਾਗੌਣ ਦੇ ਖਿਆਲ ਦੀ ਮਿਲਦੀ ਹੈ । ਉਹ ਕਹਿੰਦੇ ਹਨ :—

ਇਸ ਚੌਪਟ ਦੇ ਚੁਰਾਸੀ ਖ਼ਾਨੇ ।
ਜੁਗ ਜੁਗ ਵਿਛੜੇ ਮਿਲ ਚੋਟਾਂ ਖਾਂਦੇ ।
ਕੀ ਜਾਣਾ ਕੀ ਪਉਸੀ ਦਾ ।
ਨਰਦ ਇਕੇਲੀ ਫਿਰ ਫਿਰ ਭਰਸੀ ।
ਜੋ ਪਕ ਗਈ ਸੋ ਫਿਰ ਨਾ ਮਰਸੀ ।
ਚੜਸੀ ਪਉਸੀ ਪੂਰਾ ਦਾ ।

ਇਨ੍ਹਾਂ ਦੀ ਬੋਲੀ ਬਹੁਤ ਸਰਲ, ਸਾਫ਼ ਤੇ ਸਾਦੀ ਹੁੰਦੀ ਹੈ । ਤਸ਼ਬੀਹਾਂ ਆਮ ਵਰਤੋਂ ਦਾਣੇ ਭੁਨਾਣ, ਚਰਖਾ ਕਤਣ, ਪਾਣੀ ਭਰਣ ਤੋਂ ਲੱਦੀਆਂ ਹੁੰਦੀਆਂ ਹਨ ।

ਕਾਫ਼ੀ ਦੀ ਉਸਾਰੀ ਅਤੇ ਸੂਫ਼ੀ ਖਿਆਲ ਦੀ ਤਰਤੀਬ ਤੋਂ ਤਰੱਕੀ, ਜੋ ਸੱਯਦ ਬੁਲ੍ਹੇ ਸ਼ਾਹ ਦੇ ਹੱਥੋਂ ਹੋਈ, ਉਸਦਾ ਕੋਈ ਅੰਤ ਨਹੀਂ । ਇਨ੍ਹਾਂ ਨੇ ਕਾਫ਼ੀ ਨੂੰ ਰਾਗ, ਬੋਲੀ ਦੀ ਵਿਸ਼ਾਲਤਾ ਅਤੇ ਰੱਬੀ ਇਸ਼ਕ ਨਾਲ ਭਰਪੂਰ ਕਰ ਕੇ ਇਤਨਾ ਹਰ-ਮਨ-ਪਿਆਰਾ ਬਣਾ ਦਿਤਾ ਕਿ ਉਸ ਵਕਤ ਤੋਂ ਲੈ ਕੇ ਹੁਣ ਤਕ ਇਨ੍ਹਾਂ ਦੀ ਰਚਨਾ ਹਿੰਦੂਆਂ ਮੁਸਲਮਾਨਾਂ ਦੀ ਜ਼ਬਾਨ ਤੇ ਚੜ੍ਹੀ ਆਉਂਦੀ ਹੈ ।

ਬੁਲ੍ਹੇ ਸ਼ਾਹ ਕਸੂਰ ਦੇ ਨੇੜੇ ਪੰਡੋਕ ਜ਼ਿਲ੍ਹਾ ਲਾਹੌਰ ਵਿਚ ੧੬੮੦ ਵਿਚ ਪੈਦਾ ਹੋਏ । ਇਹ ਹੋਰ ਸੂਫ਼ੀਆਂ ਵਾਕਰ ਆਪਣੇ ਖਿਆਲਾਂ ਨੂੰ ਕੱਚੇ ਪਿਲੇ ਲੋਕਾਂ ਦੀ ਨਜ਼ਰ ਤੋਂ ਬਚਾਣ ਲਈ ਦੋਅਰਥੇ ਲਫ਼ਜ਼ਾਂ ਵਿਚ ਜ਼ਾਹਰ ਕਰਦੇ ਸਨ :—

ਰਾਂਝੇ ਨੂੰ ਮੈਂ ਗਾਲੀਆਂ ਦੇਵਾਂ, ਮਨ ਵਿਚ ਕਰਾਂ ਦੁਆਈਂ ।
ਮੈਂ ਤੇ ਰਾਂਝਾ ਇਕੋ, ਐਵੇਂ ਲੋਕਾਂ ਨੂੰ ਅਜ਼ਮਾਈਂ ।
ਜਿ ਬੇਲੇ ਵਿਚ ਬੇਲੀ ਵੱਸੇ, ਉਸ ਦੀਆਂ ਲਵਾਂ ਬਲਾਈਂ ।
ਬੁਲ੍ਹਾ ਸ਼ਹੁ ਨੂੰ ਪਾਸੇ ਛਡ ਕੇ ਜੰਗਲ ਵਲ ਨਾ ਜਾਈਂ ।

ਕਈ ਵਾਰੀ ਲੋਕਾਂ ਦੀ ਬੇਸਮਝੀ ਤੋਂ ਅੱਕ ਕੇ ਕਹਿ ਉਠਦੇ ਸਨ :
"ਬੁਲ੍ਹਿਆ ਤੈਨੂੰ ਕਾਫ਼ਰ ਆਖਦੇ, ਤੂੰ ਆਹੋ ਆਹੋ ਆਖ ।"
ਪਰ ਆਮ ਤੌਰ ਤੇ ਉਹ ਬਚ ਕੇ ਹੀ ਰਹਿੰਦੇ ਸਨ । ਕਹਿੰਦੇ ਹਨ :
"ਸ਼ਰੀਅਤ ਸਾਡੀ ਦਾਈ ਹੈ । ਪਰੀਕਤ ਸਾਡੀ ਮਾਈ ਹੈ ।
ਅਗੋਂ ਹਕੀਕਤ ਪਾਈ ਹੈ । ਤੇ ਮਾਰਫਤੋਂ ਕੁਝ ਪਾਇਆ ਹੈ ।"

ਉਨ੍ਹਾਂ ਦਾ ਨਿਸਚਾ ਸੀ ਕਿ ਰੱਬ ਤਕ ਪਹੁੰਚਣ ਲਈ ਗੁਰੂ ਪੀਰ ਦੀ ਲੋੜ ਹੈ :—

"ਜੇ ਕੋਈ ਉਸ ਨੂੰ ਭਾਲਣ ਜਾਵੇ । ਬਾਝ ਵਸੀਲੇ ਹਥ ਨਾ ਆਵੇ ।
ਸ਼ਾਹ ਅਨਾਇਤ ਭੇਤ ਬਤਾਵੇ । ਤਾਂ ਖੁਲ੍ਹੇ ਸਭ ਅਸਰਾਰ ॥"

ਇਕ ਵਾਰੀ ਕਿਧਰੇ ਆਪਣਾ ਖ਼ਿਆਲ ਬਹੁਤ ਖੁਲ੍ਹੇ ਲਫ਼ਜ਼ਾਂ ਵਿਚ ਇਉਂ ਕਹਿ ਬੈਠੇ :

"ਹਾਜੀ ਲੋਕ ਮੱਕੇ ਨੂੰ ਜਾਂਦੇ, ਅਸੀਂ ਜਾਣਾ ਤਖ਼ਤ ਹਜ਼ਾਰੇ ॥
ਜਿਤ ਵਲ ਯਾਰ ਉਤੇ ਵਲ ਕਾਬਾ, ਭਾਵੇਂ ਵੇਖ ਕਤਾਬਾਂ ਚਾਰੇ ।
ਭਠ ਨਮਾਜ਼ਾਂ, ਚਿਕੜ ਰੋਜ਼ੇ, ਕਲਮੇ ਤੇ ਫਿਰ ਗਈ ਸਿਆਹੀ ।
ਬੁਲ੍ਹੇ ਸ਼ਾਹ ਸ਼ਹੁ ਅੰਦਰ ਮਿਲਿਆ, ਭੁੱਲੀ ਫਿਰੇ ਲੁਕਾਈ ।"

ਇਹੋ ਜਹੀਆਂ ਗੱਲਾਂ ਸੁਣ ਕੇ ਬੁਲ੍ਹੇ ਦੇ ਪੀਰ ਅਨਾਇਤ ਸ਼ਾਹ ਹੁਰੀ ਗੁੱਸੇ ਹੋ ਗਏ, ਅਤੇ ਉਹਨੂੰ ਆਪਣੇ ਦਾਇਰੇ ਵਿਚੋਂ ਕੱਢ ਦਿਤਾ । ਇਸ ਤੇ ਬੁਲ੍ਹੇ ਸ਼ਾਹ ਨੇ ਕਈ ਬਹੁਤ ਵਿਛੋੜੇ ਭਰੀਆਂ ਕਾਫ਼ੀਆਂ ਆਖਣੀਆਂ ਸ਼ੁਰੂ ਕਰ ਦਿਤੀਆਂ :

"ਮੈਂ ਨਾਤੀ ਧੋਤੀ ਰਹਿ ਗਈ । ਕਾਈ ਗੰਢ ਮਾਹੀ ਦਿਲ ਪੈ ਗਈ ।
ਦੁਖ ਸੂਲਾਂ ਨੇ ਕੀਤਾ ਏਕਾ । ਨਾ ਕੋਈ ਸਹੁਰਾ ਨਾ ਕੋਈ ਪੇਕਾ ।
ਦਰਦ-ਵਿਹੂਣੇ, ਪਏ ਦਰ ਤੇਰੇ, ਤੂੰ ਹੀ ਦਰਦ-ਰੰਞਾਣੀ ਦਾ ।"

ਆਪਣੇ ਪੀਰ ਦੇ ਪਿਛੇ ਪਿਛੇ ਪਏ ਫਿਰਦੇ ਸਨ । ਇਕ ਵੇਰ ਜਦ ਪੀਰ ਹੋਰੀਂ ਮੋਢੇ ਤੇ ਕੰਬਲ ਅਤੇ ਹੱਥ ਵਿਚ ਸੋਟੀ ਲਈ ਮਸੀਤੋਂ ਨਿਕਲੇ ਤਾਂ ਬੁਲ੍ਹੇ ਹੋਰੀਂ ਖੁਸ਼ੀ ਵਿਚ ਮਸਤ ਹੋ ਕੇ ਇਉਂ ਗਾਉਣ ਲਗੇ :—

ਬਸ ਕਰ ਜੀ ਹੁਣ ਬਸ ਕਰ ਜੀ । ਕਾਈ ਗੱਲ ਅਸਾਂ ਨਾਲ ਹਸ ਕਰ ਜੀ ।
ਤੂੰ ਮੋਇਆਂ ਨੂੰ ਮਾਰ ਨ ਮੁਕਦਾ ਸੈਂ ।
ਫੜ ਖਿੱਦੋ ਵਾਂਗੂੰ ਸੁਟਦਾ ਸੈਂ ।
ਗੱਲ ਕਰਦੇ ਸਾਂ ਗੱਲ ਘੁਟਦਾ ਸੈਂ ।
ਹੁਣ ਤੀਰ ਲਾਇਓ ਈ ਕਸ ਕਰ ਜੀ ।
ਤੁਸੀਂ ਛੁਪਦੇ ਸੀ, ਅਸੀਂ ਪਕੜੇ ਹੋ ।
ਤੁਸੀਂ ਅਜੇ ਛਪਣ ਨੂੰ ਤਕੜੇ ਹੋ ।
ਅਸੀਂ ਹਿਰਦੇ ਅੰਦਰ ਜਕੜੇ ਹੋ ।
ਹੁਣ ਕਿਧਰ ਜਾਸੋ ਨੱਸ ਕਰ ਜੀ ।

ਇਹ ਸੁਣ ਕੇ ਸ਼ਾਹ ਅਨਾਇਤ ਨੇ ਫ਼ਰਮਾਇਆ, 'ਓਏ ਤੂੰ ਬੁਲ੍ਹਾ, ਏਂ ?'

ਆਖ ਨੇ ਉੱਤਰ ਦਿਤਾ 'ਨਹੀਂ ਜੀ, ਭੁੱਲਾ ਹਾਂ।' ਫੇਰ ਕੀ ਸੀ ਪੀਰ ਹੋਰਾਂ ਨੇ ਖੁਸ਼ ਹੋ ਕੇ ਛਾਤੀ ਨਾਲ ਲਾ ਲਿਆ ਅਤੇ ਬੁਲ੍ਹੇ ਹੋਰੀਂ ਖੁਸ਼ੀ ਵਿਚ ਨਚਣ ਤੇ ਗਾਉਣ ਲਗ ਪਏ :—

ਆਓ ਸਹੀਓ ! ਰਲ ਦਿਓ ਨੀ ਵਧਾਈ, ਮੈਂ ਵਰ ਪਾਇਆ ਰਾਂਝਾ ਮਾਹੀ।
ਅਜ ਦਾ ਰੋਜ਼ ਮੁਬਾਰਕ ਚੜ੍ਹਿਆ, ਰਾਂਝਾ ਸਾਡੇ ਵਿਹੜੇ ਵੜਿਆ।
ਹੱਥ ਖੂੰਡੀ ਮੋਢੇ ਕੰਬਲ ਧਰਿਆ, ਚਾਕਾਂ ਵਾਲੀ ਸ਼ਕਲ ਬਣਾਈ।

ਮੁਰਸ਼ਦ ਦੇ ਮਿਲਣ ਨਾਲ ਰੱਬ ਮਿਲਦਾ ਹੈ। ਇਸ ਮੇਲ ਦਾ ਨਕਸ਼ਾ ਇਉਂ ਖਿਚਿਆ ਹੈ :—

"ਹੀਰ ਰਾਂਝੇ ਦੇ ਹੋ ਗਏ ਮੇਲੇ। ਭੁੱਲੀ ਹੀਰ ਢੂੰਡੇਦੀ ਬੇਲੇ।
ਰਾਂਝਾ ਯਾਰ ਬੁੱਕਲ ਵਿਚ ਖੇਲੇ, ਸੁਧ ਨ ਰਹੀਆ ਸੁਰਤ ਸੰਭਾਲ।
ਇਸ਼ਕ ਦੀ ਨਵੀਉਂ ਨਵੀਂ ਬਹਾਰ।"

"ਬਾਤਨ ਹੋ ਕੇ ਜ਼ਾਹਰ ਧਾਇਓ, ਘੁੰਗਟ ਕੋਲ੍ਹ ਜਮਾਲ ਦਿਖਾਇਓ।
ਸ਼ਾਹ ਅਨਾਇਤ ਬਣ ਕਰ ਆਇਓ, ਅਤੇ ਬੁਲ੍ਹਾ ਨਾਮ ਧਰਾਇਓ।

ਹੁਣ ਹਿੰਦੂ ਮੁਸਲਮਾਨ ਦੇ ਵਿਤਕਰੇ ਮਿਟ ਗਏ :—

"ਕਿਤੇ ਰਾਮ ਦਾਸ, ਕਿਤੇ ਫਤ੍ਹੇ ਮੁਹੰਮਦ, ਇਹੋ ਕਦੀਮੀ ਸ਼ੋਰ।
ਮਿਟ ਗਿਆ ਦੋਹਾਂ ਦਾ ਝਗੜਾ, ਨਿਕਲ ਪਿਆ ਕੁਝ ਹੋਰ।"

ਇਸ਼ਕ ਦੇ ਅੰਤਲੇ ਦਰਜੇ 'ਫ਼ਨਾ ਫੱਲ' ਤੇ ਪੁਜ ਗਏ, ਅਤੇ ਆਪ ਨੂੰ ਸਭ ਤੋਂ ਮੁੱਢਲੀ ਹਸਤੀ ਨਾਲ ਇਕ-ਮਿਕ ਹੋਇਆ ਮੰਨਣ ਲਗ ਪਿਆ :—

"ਹਾਬੀਲ ਕਾਬੀਲ ਆਦਮ ਦੇ ਜਾਏ, ਆਦਮ ਕਿਸ ਦਾ ਜਾਇਆ।
ਬੁਲ੍ਹਾ ਉਨ੍ਹਾਂ ਤੋਂ ਭੀ ਅੱਗੇ ਆਹਾ, ਦਾਦਾ ਗੋਦ ਖਿਲਾਇਆ।
ਢੋਲਾ ਆਦਮੀ ਬਣ ਆਇਆ।"

ਬਸ, "ਰਾਂਝਾ ਰਾਂਝਾ ਕਰਦੀ ਨੀ ਮੈਂ ਆਪੇ ਰਾਂਝਾ ਹੋਈ।
ਸਦੋ ਨੀ ਮੈਨੂੰ ਧੀਦੋ ਰਾਂਝਾ, ਹੀਰ ਨ ਆਖੋ ਕੋਈ।"

ਬੁਲ੍ਹੈ ਸ਼ਾਹ ਦੀ ਰਚਨਾ ਦੀ ਇਤਨੀ ਧਾਕ ਪੈ ਗਈ ਕਿ ਕਈ ਫ਼ਕੀਰ ਹਿੰਦੂ ਤੇ ਮੁਸਲਮਾਨ ਇਨ੍ਹਾਂ ਦੀ ਨਕਲ ਕਰਨ ਲਗ ਪਏ।

ਸੰਤ ਸੁਰਜਨ ਦਾਸ ਅਜ਼ਾਦ ਅਤੇ ਮੀਰਾਂ ਸ਼ਾਹ ਜਲੰਧਰੀ ਬੁੱਲੇ ਦੀ ਤਰਜ਼ ਤੇ

ਲਿਖਦੇ ਆਏ ਹਨ। ਸੂਫ਼ੀ ਅਕਾਲ ਮੁਹੰਮਦ ਸਾਕਨ ਹੜਦ ਅਤੇ ਮੌਲਵੀ ਜਮਾਲ ਦੀਨ ਵੀ ਇਨ੍ਹਾਂ ਨਕਲ ਕਰਨ ਵਾਲਿਆਂ ਵਿਚੋਂ ਸਨ, ਭਾਵੇਂ ਇਨ੍ਹਾਂ ਦੀ ਨਕਲ ਵਿਚ ਕੁਝ ਅਕਲ ਵੀ ਦਿਸ ਪੈਂਦੀ ਹੈ।

ਅਲੀ ਹੈਦਰ ਅਤੇ ਹਾਸ਼ਮ ਵੀ ਕਾਫ਼ੀਆਂ ਲਿਖ ਗਏ। ਉਹਨਾਂ ਦਾ ਵਾਦ ਆਪਣਾ ਹੈ, ਪਰ ਵਕਤ ਥੋੜ੍ਹਾ ਹੋਣ ਕਰਕੇ ਮੈਂ ਨਮੂਨਾ ਨਹੀਂ ਦੇ ਸਕਦਾ। ਹਾਂ ਮੀਆਂ ਨੌ-ਰੋਜ਼ ਦੀ ਇਕ ਕਾਫ਼ੀ ਦੇ ਕੇ ਖ਼ਤਮ ਕਰਦਾ ਹਾਂ। ਇਹ ਰਿਆਸਤ ਬਹਾਵਲਪੁਰ ਦੇ ਵਸਨੀਕ ਸਨ ਅਤੇ ਮੁਲਤਾਨੀ ਤਰਜ਼ ਦੀ ਕਾਫ਼ੀ ਲਿਖਦੇ ਸਨ :—

ਪਤਣੋਂ ਜੀਵੇਂ ਪਾਰ ਲੰਘਾ, ਬੇੜੀ ਵਾਲਿਆ ਮੀਰ ਮਲਾਹ।
ਵੰਞਣਾ ਯਾਰ ਦੀ ਝੋਕ ਜ਼ਰੂਰੇ ਲੰਘਣਾ ਸਾਕੋਂ ਪਹਿਲੜੇ ਪੂਰੇ,
ਨਾ ਕਰ ਝਗੜਾ ਵੰਞ ਉਠਾ
ਵੰਝ ਤੇ ਚਪੇ ਸੰਭਲ ਤੇ ਚੋਲੀ,
ਸਾਕੋਂ ਅਧ ਦਰਿਆ ਨ ਰੋਲੀਂ ਹੈ ਗਲ ਤੈਂਡੇ ਲਾਜ ਕੇਹਾ।
ਤੂੰ ਸਰਦਾਰ ਪਤਣ ਦਾ ਸਾਈ, ਸਾਕੋਂ ਕੰਧੀ ਪਾਰ ਪੁਚਾਈਂ,
ਡੇਸੀ ਤੈਂਕੋਂ ਅਜਰ ਖ਼ੁਦਾ। ਬੇੜੀ ਵਾਲਿਆ ਮੀਰ ਮਲਾਹ !

# ਗੰਗਾ ਦੀਨ

੧

ਮੈਂ ਉਸ ਨੂੰ ਨਿਕਿਆਂ ਹੁੰਦਿਆਂ ਤੋਂ ਜਾਣਦਾ ਸਾਂ, ਕਿਉਂਕਿ ਉਹ ਮੇਰੇ ਭਾਈਏ ਹੋਰਾਂ ਜੋਗੇ ਬੂਟ ਬਣਾਉਂਦਾ ਹੁੰਦਾ ਸੀ। ਉਹ ਅੰਮ੍ਰਿਤਸਰ ਵਿਚ ਸ਼ੇਰ ਸਿੰਘ ਦੇ ਕਟੜੇ ਵਿਚ ਇਕ ਦੁਕਾਨ ਵਿਚ ਕੰਮ ਕਰਦਾ ਹੁੰਦਾ ਸੀ। ਇਹ ਹੱਟੀ ਦੋ ਹੱਟੀਆਂ ਮਿਲਾ ਕੇ ਇਕੋ ਬਣੀ ਹੋਈ ਸੀ। ਹੁਣ ਤਾਂ ਇਹ ਬਜ਼ਾਰ ਬੜਾ ਉਜਾੜ ਜਿਹਾ ਹੈ ਤੇ ਘਟ ਵਧ ਹੀ ਕੋਈ ਇਧਰੋਂ ਲੰਘਦਾ ਹੈ, ਪਰ ਕਦੇ ਉਥੇ ਬੜੀ ਰੌਣਕ ਹੁੰਦੀ ਸੀ।

ਇਹ ਅਨੋਖੀ ਤਰ੍ਹਾਂ ਦਾ ਦੁਕਾਨਦਾਰ ਸੀ। ਇਸ ਦੀ ਹੱਟੀ ਉਤੇ ਕੋਈ ਵੱਡਾ ਸਾਰਾ ਸਾਈਨ-ਬੋਰਡ ਨਹੀਂ ਸੀ ਲੱਗਾ ਹੋਇਆ। ਨਾ ਉਹ ਕਿਸੇ ਦਾ ਚੀਫ ਏਜੰਟ ਸੀ। ਨਾ ਉਸ ਨੇ ਕਿਤੇ ਇਹ ਲਿਖਿਆ ਸੀ ਕਿ ਉਸ ਦੇ ਬਣਾਏ ਬੂਟ ਸਰਕਾਰ ਖਰੀਦਦੀ ਹੈ। ਨਾ ਹੀ ਕੋਈ ਸ਼ੀਸ਼ਿਆਂ ਵਾਲੀਆਂ ਅਲਮਾਰੀਆਂ ਰਖ ਕੇ ਉਨ੍ਹਾਂ ਵਿਚ ਰੰਗ-ਬਰੰਗੇ ਬੂਟ ਸਜਾਏ ਹੋਏ ਸਨ। ਨਾ ਭਾਂਤ ਭਾਂਤ ਦੇ ਡੱਬੇ ਦਿਸਦੇ ਸਨ। ਹੱਟੀ ਲਭਣ ਵਾਲਿਆਂ ਦੀ ਅਗਵਾਈ ਲਈ ਉਥੇ ਇਕੋ ਨਿਸ਼ਾਨੀ ਸੀ—ਉਸਨੇ ਇਕ ਗੱਤੇ ਉਤੇ ਆਪੇ ਹੀ ਕੇਵਲ ਆਪਣਾ ਨਾਂ 'ਗੰਗਾ ਦੀਨ' ਲਿਖ ਕੇ ਧਾਗੇ ਨਾਲ ਬੂਹੇ ਤੇ ਲਟਕਾ ਛਡਿਆ ਸੀ। ਇਹ ਭੀ ਉਸ ਨੇ ਡਾਕੀਏ ਤੇ ਹੋਰ ਕਈ ਇਕ ਗਾਹਕਾਂ ਦੇ ਕਹਿਣ ਤੇ ਕੀਤਾ ਸੀ।

ਹੱਟੀ ਦੇ ਵਧਵੇਂ ਫੱਟੇ ਉਤੇ ਦੀ ਇਕ ਬਾਲਟੀ ਤੇ ਲੋਹੇ ਦੀ ਇਕ ਪੁਰਾਣੀ ਕੁਰਸੀ ਪਈ ਰਹਿੰਦੀ ਸੀ। ਜਾਂ ਉਥੇ ਦੋ ਜੋੜੇ ਪੁਰਾਣੇ ਬੂਟਾਂ ਦੇ ਸਜੇ ਹੁੰਦੇ ਸਨ। ਮੈਂ ਸਾਰੀ ਉਮਰ ਉਹੀ ਦੋ ਜੋੜੇ ਉਥੇ ਪਏ ਵੇਖਦਾ ਰਿਹਾ, ਕਿਉਂਕਿ ਉਹ ਵਾਧੂ ਜੋੜੇ ਬਣਾਉਂਦਾ ਹੀ ਨਹੀਂ ਸੀ। ਉਹ ਕੇਵਲ ਸਾਈ ਦੇ ਜੋੜੇ ਬਣਾਉਂਦਾ ਸੀ। ਉਹ ਇਉਂ ਨਹੀਂ ਸੀ ਕਰਦਾ ਕਿ ਐਵੇਂ ਬੂਟ ਬਣਾ ਬਣਾ

ਰੱਖੀ ਜਾਵੇ ਤੇ ਜਿਹੜਾ ਜਿਸ ਗਾਹਕ ਦੀ ਪੈਰੀਂ ਆ ਜਾਵੇ ਉਹ ਉਸ ਦੇ ਗਲ਼ ਮੜ੍ਹ ਦੇਵੇ। ਉਹ ਹਰ ਇਕ ਗਾਹਕ ਦੇ ਦੋਹਾਂ ਪੈਰਾਂ ਦਾ ਅੱਡ-ਅੱਡ ਮੇਚਾ ਲੈਂਦਾ ਸੀ, ਉਸ ਦੇ ਪੈਰ ਦੀ ਇਕ ਇਕ ਉਂਗਲ ਨੂੰ ਵੇਖਦਾ ਸੀ ਕਿ ਉਹ ਕਿਥੋਂ ਲੰਮੀ ਹੈ ਤੇ ਕਿਥੋਂ ਉੱਚੀ, ਤਾਂ ਜੋ ਬੂਟ ਉਚੇਚਾ ਉਸ ਦੇ ਪੈਰਾਂ ਲਈ ਬਣੇ ਤੇ ਅਜੇਹਾ ਬਣੇ ਜੋ ਉਸ ਦੀ ਇਕ ਇਕ ਉਂਗਲ ਨਾਲ ਠੀਕ ਆਵੇ, ਕਿਧਰੇ ਦੀ ਲੱਗੇ ਨਾ ਤੇ ਨਾ ਹੀ ਛੇਤੀ ਖ਼ਰਾਬ ਹੋਵੇ। ਇਹ ਕਦੇ ਨਹੀਂ ਸੀ ਹੋਇਆ ਕਿ ਉਸ ਦਾ ਬਣਾਇਆ ਬੂਟ ਗਾਹਕ ਨੂੰ ਠੀਕ ਮੇਚੇ ਨਾ ਆਇਆ ਹੋਵੇ।

ਫਿਰ ਇਹ ਦੋ ਜੋੜੇ ਬਾਹਰ ਪਏ ਰਹਿੰਦੇ ਸਨ, ਕਿਥੋਂ ਆ ਗਏ ? ਇਹ ਭੀ ਅਣਹੋਣੀ ਗੱਲ ਹੈ। ਉਹ ਤਾਂ ਕਦੇ ਭੀ ਆਪਣੀ ਦੁਕਾਨ ਤੇ ਘਰ ਦੀ ਹਦ ਵਿਚ ਚਮੜੇ ਦੀ ਅਜੇਹੀ ਚੀਜ਼ ਨਹੀਂ ਸੀ ਲਿਆ ਸਕਦਾ, ਜਿਸ ਉਤੇ ਉਸ ਨੇ ਆਪ ਮਿਹਨਤ ਨਾ ਕੀਤੀ ਹੋਵੇ। ਨਾਲੇ ਉਹ ਦੋਵੇਂ ਬੂਟ ਡਾਢੇ ਪੱਕੇ ਤੇ ਡਾਢੇ ਸੋਹਣੇ ਸਨ। ਉਨ੍ਹਾਂ ਨੂੰ ਚਮੜਾ ਬੜਾ ਕੀਮਤੀ ਲੱਗਾ ਹੋਇਆ ਸੀ। ਉਨ੍ਹਾਂ ਨੂੰ ਵੇਖਦਿਆਂ ਹੀ ਬੂਟ ਖਰੀਦਣ ਨੂੰ ਜੀਅ ਕਰ ਆਉਂਦਾ ਸੀ। ਉਹ ਨਮੂਨੇ ਦੇ ਬੂਟ ਸਨ ਤੇ ਉਨ੍ਹਾਂ ਨੂੰ ਕੇਵਲ ਉਹੀ ਬਣਾ ਸਕਦਾ ਸੀ ਜੋ ਦਿਲੋਂ ਆਪਣੇ ਕੰਮ ਨਾਲ ਪਿਆਰ ਕਰਦਾ ਹੋਵੇ ਤੇ ਨਮੂਨੇ ਦੀਆਂ ਚੀਜ਼ਾਂ ਫ਼ਰਜ਼ ਕਰਕੇ ਉਨ੍ਹਾਂ ਨੂੰ ਬਣਾਉਣ ਲਈ ਵਾਹ ਲਾਉਂਦਾ ਹੋਵੇ।

ਇਹ ਠੀਕ ਹੈ ਕਿ ਉਸ ਬਾਬਤ ਇਹ ਸਾਰੀਆਂ ਗੱਲਾਂ ਮੈਨੂੰ ਢੇਰ ਚਿਰ ਪਿਛੋਂ ਜਾ ਕੇ ਸੁਝੀਆਂ ਸਨ, ਪਰ ਜਦੋਂ ਮੈਂ ੧੪ ਸਾਲ ਦੀ ਉਮਰ ਵਿਚ ਉਸ ਦੀ ਹੱਟੀ ਤੇ ਪਹਿਲੀ ਵਾਰੀ ਗਿਆ ਸਾਂ, ਓਦੋਂ ਭੀ ਮੇਰੇ ਉਤੇ ਉਸ ਦੇ ਤੇ ਉਸ ਦੇ ਭਰਾ ਦੇ ਵਡੱਪਣ ਦਾ ਬੜਾ ਭਾਰੀ ਅਸਰ ਪਿਆ ਸੀ, ਕਿਉਂਕਿ ਹਿੰਦ ਵਿਚ ਹੱਥੀਂ ਬੂਟ ਬਣਾਉਣੇ—ਫਿਰ ਇਹੋ ਜਿਹੇ ਬੂਟ ਬਣਾਉਣੇ ਮੇਰੇ ਲਈ ਇਕ ਅਚੰਭਾ ਤੇ ਗੁੰਝਲ ਸੀ। ਮੈਂ ਉਸ ਦਿਨ ਤਕ ਇਹੋ ਸਮਝਦਾ ਰਿਹਾ ਸਾਂ ਕਿ ਸਾਰੇ ਬੂਟ ਵਲੈਤੋਂ ਹੀ ਆਉਂਦੇ ਹਨ ਤੇ ਕੇਵਲ ਮਸ਼ੀਨ ਨਾਲ ਹੀ ਬਣ ਸਕਦੇ ਹਨ।

ਮੈਨੂੰ ਯਾਦ ਹੈ ਕਿ ਇਕ ਦਿਨ ਮੇਚਾ ਦੇਂਦਿਆਂ ਮੈਂ ਸੰਗਦਿਆਂ ਸੰਗਦਿਆਂ ਉਸ ਨੂੰ ਕਿਹਾ, 'ਗੰਗਾ ਦੀਨ, ਇਹ ਤੁਹਾਡਾ ਕੰਮ ਮੈਨੂੰ ਤਾਂ ਬੜਾ ਔਖਾ ਜਾਪਦਾ ਹੈ।' ਉਸ ਦਾ ਉੱਤਰ ਭੀ ਮੈਨੂੰ ਚੇਤੇ ਹੈ। ਉਸ ਨੇ ਆਪਣੀ ਕਰਬੜੀ ਹੋ ਚੁੱਕੀ

ਦਾੜ੍ਹੀ ਵਿਚੋਂ ਮੁਸਕਰਾ ਕੇ ਕਿਹਾ, "ਹਾਂ ਸਰਦਾਰ ਜੀ, ਇਹ ਵੀ ਇਕ ਉੱਚਾ ਹੁਨਰ ਹੈ।"

ਗੰਗਾ ਦੀਨ ਆਪ ਬਹੁਤ ਮਧਰਾ ਸੀ। ਉਸ ਦਾ ਚਿਹਰਾ ਮੁਹਰਾ ਉਸ ਦੇ ਆਪਣੇ ਬਣਾਏ ਬੂਟਾਂ ਵਰਗਾ ਸਾਫ਼ ਸੀ। ਉਸ ਉਤੇ ਕੋਈ ਦਿਖਾਵਾ ਜਾਂ ਹੋਛਾਪਣ ਨਹੀਂ ਸੀ। ਉਸ ਦੇ ਸਿਰ ਤੇ ਦਾੜ੍ਹੀ ਦੇ ਵਾਲ ਭੂਰੇ ਹੋ ਚੁੱਕੇ ਸਨ। ਪਰ ਉਸ ਦੀ ਅਵਾਜ਼ ਬੜੀ ਸਾਫ਼ ਸੀ। ਉਹ ਬੜੇ ਠਰ੍ਹਮੇ ਵਾਲਾ ਸੀ ਤੇ ਸਭ ਕੰਮ ਠੰਢੇ ਦਿਲ ਨਾਲ ਕਰਦਾ ਸੀ। ਉਸ ਦੀਆਂ ਅੱਖਾਂ ਵਿਚ ਚਮਕ ਸੀ, ਜੋ ਦਸਦੀ ਸੀ ਕਿ ਇਨ੍ਹਾਂ ਅੱਖਾਂ ਦਾ ਮਾਲਕ ਹਰ ਇਕ ਕੰਮ ਨਮੂਨੇ ਦਾ ਕਰਦਾ ਹੈ, ਆਪਣੀ ਸਾਰੀ ਵਾਹ ਲਾਹ ਕੇ ਕਰਦਾ ਹੈ ਅਤੇ ਆਪਣੇ ਦਿਲ ਦੇ ਪੂਰੇ ਚਾਉ ਨਾਲ ਕਰਦਾ ਹੈ। ਉਸ ਦਾ ਵੱਡਾ ਭਰਾ ਭਾਵੇਂ ਰਤਾ ਪਿਲੱਤਣ ਉਤੇ ਸੀ ਤੇ ਕੁੱਬਾ ਵੀ ਸੀ, ਪਰ ਉਹ ਗੰਗਾ ਦੀਨ ਨਾਲ ਏਨਾ ਰਲਦਾ ਸੀ ਕਿ ਮੈਨੂੰ ਕਈ ਵਾਰ ਪਤਾ ਹੀ ਨਹੀਂ ਸੀ ਲਗਦਾ ਕਿ ਮੈਂ ਉਨ੍ਹਾਂ ਵਿਚੋਂ ਕਿਸ ਨਾਲ ਗੱਲਾਂ ਕਰ ਰਿਹਾ ਹਾਂ। ਫੇਰ ਵੀ ਇਕ ਨਿਸ਼ਾਨੀ ਮੈਨੂੰ ਲੱਭੀ ਹੋਈ ਸੀ। ਜੇ ਤਾਂ ਮੇਰੇ ਨਾਲ ਗੱਲਾਂ ਕਰਨ ਵਾਲਾ ਕਹਿੰਦਾ ਕਿ ਮੈਂ ਭਰਾ ਨੂੰ ਪੁੱਛਾਂਗਾ ਤਾਂ ਮੈਂ ਸਮਝ ਲੈਂਦਾ ਕਿ ਇਹ ਵੱਡਾ ਭਰਾ ਹੈ: ਜੇ ਉਹ ਇਹ ਨਾ ਕਹਿੰਦਾ ਤਾਂ ਗੰਗਾ ਦੀਨ ਹੁੰਦਾ।

ਲੋਕੀਂ ਵੱਡੀਆਂ ਦੁਕਾਨਾਂ ਦੇ ਬਿਲ ਚੋਖਾ ਚਿਰ ਰੋਕ ਛੱਡਦੇ ਹਨ, ਪਰ ਗੰਗਾ ਦੀਨ ਦਾ ਬਿਲ ਕੋਈ ਨਹੀਂ ਸੀ ਰੋਕਦਾ। ਸਭ ਨੂੰ ਪਤਾ ਹੁੰਦਾ ਸੀ ਕਿ ਉਸ ਵਿਚਾਰੇ ਦਾ ਏਨਾ ਪਾਹੁਣਾ ਨਹੀਂ। ਉਹ ਤਾਂ ਇਕ ਮਿਹਨਤੀ ਸੀ ਤੇ ਰੋਜ਼ ਮਜੂਰੀ ਕਰ ਕੇ ਰੋਟੀ ਖਾਂਦਾ ਸੀ। ਜੇ ਉਸ ਦੇ ਅਗਲੇ ਪੈਸੇ ਦੇਣੇ ਹੋਣ ਤਾਂ ਉਸ ਕੋਲ ਜਾਂਦਿਆਂ ਹੀ ਸ਼ਰਮ ਆਉਂਦੀ ਸੀ। ਉਸ ਦਾ ਗਾਹਕ ਵਰ੍ਹੇ ਛਿਮਾਹੀਂ ਉਸ ਵਲ ਫੇਰਾ ਪਾਉਂਦਾ ਸੀ, ਕਿਉਂਕਿ ਉਸ ਦੇ ਬਣਾਏ ਬੂਟ ਥੋੜ੍ਹੇ ਕੀਤੇ ਟੁੱਟਦੇ ਨਹੀਂ ਸਨ।

ਉਸ ਦੀ ਦੁਕਾਨ ਉਤੇ ਹੋਰਨਾਂ ਦੁਕਾਨਾਂ ਵਾਂਗੂ ਕਾਹਲੀ ਵਿਚ ਨਹੀਂ ਸੀ ਜਾਈਦਾ, ਸਗੋਂ ਓਥੇ ਤਾਂ ਓਨੇ ਠੰਢੇ ਦਿਲ ਨਾਲ ਜਾਈਦਾ ਸੀ, ਜਿੰਨੇ ਨਾਲ ਧਾਰਮਕ ਮੰਦਰ ਵਿਚ। ਬਹੁਤ ਕਰਕੇ ਦੁਕਾਨ ਖ਼ਾਲੀ ਪਈ ਰਹਿੰਦੀ ਸੀ ਤੇ ਉਥੇ ਲੋਹੇ ਦੀ ਕੁਰਸੀ ਉਤੇ ਗਾਹਕ ਜਾ ਕੇ ਕੁਝ ਪਲ ਬੈਠਾ ਰਹਿੰਦਾ ਸੀ। ਓਚਰ ਨੂੰ ਛਤ ਉਤੋਂ ਜਾਂ ਦੁਕਾਨ ਦੇ ਦੂਜੇ ਸਿਰੇ ਤੋਂ ਬੜੇ ਭਾਰੇ ਭਾਰੇ ਸਲੀਪਰਾਂ ਦੀ ਅਵਾਜ਼ ਸੁਣੀਂਦੀ ਸੀ ਤੇ ਗੰਗਾ ਦੀਨ ਜਾਂ ਉਸ ਦਾ ਭਰਾ ਗਾਹਕ ਦੇ ਸਾਹਮਣੇ ਆ ਪੁੱਜਦਾ

ਸੀ। ਉਹ ਰਤਾ ਕੋੜਾ ਹੋ ਕੇ ਗਾਹਕ ਨੂੰ ਪੁਛਦਾ, 'ਆਓ ਜੀ?' ਉਸ ਦੇ ਚਿਹਰੇ ਤੋਂ ਇਉਂ ਜਾਪਦਾ ਜਿਵੇਂ ਬੂਟਾਂ ਦੇ ਕਿਸੇ ਸੁਫਨੇ ਵਿਚੋਂ ਜਾਗਿਆ ਹੁੰਦਾ ਹੈ।

ਓਸ ਵੇਲੇ ਮੈਂ ਉਸਨੂੰ ਕਹਿੰਦਾ ਸਾਂ, "ਸੁਣਾਓ, ਗੰਗਾ ਦੀਨ, ਕੀ ਹਾਲ ਹੈ? ਮੈਨੂੰ ਇਕ ਕਾਲਾ ਬੂਟ ਚਾਹੀਦਾ ਹੈ।"

ਉਹ ਬਿਨਾਂ ਕੁਝ ਬੋਲਣ ਦੇ ਮੇਰੇ ਕੋਲੋਂ ਚਲਾ ਜਾਂਦਾ ਸੀ ਤੇ ਦੁਕਾਨ ਦੇ ਓਸੇ ਸਿਰੇ ਤੇ ਜਾ ਪੁਜਦਾ ਸੀ ਜਿਥੋਂ ਉਹ ਆਇਆ ਸੀ। ਮੈਂ ਉਸ ਕੁਰਸੀ ਤੇ ਬੈਠਾ ਰਸਤੇ ਦੀ ਬੌ ਸੁੰਘਦਾ ਰਹਿੰਦਾ ਸਾਂ। ਜਲਦੀ ਹੀ ਉਹ ਚਮੜੇ ਦਾ ਇਕ ਟੋਟਾ ਹੱਥ ਵਿਚ ਫੜੀ ਆ ਜਾਂਦਾ ਸੀ ਤੇ ਕਹਿੰਦਾ ਸੀ, 'ਦੇਖੋ ਜੀ, ਇਹ ਕਿੱਡਾ ਸੋਹਣਾ ਟੋਟਾ ਹੈ!' ਜਦੋਂ ਮੈਂ ਭੀ ਉਸ ਦੇ ਸੋਹਲੇ ਗਾ ਚੁਕਦਾ ਤਾਂ ਉਹ ਪੁਛਦਾ, 'ਤੁਹਾਨੂੰ ਬੂਟ ਕਦੋਂ ਚਾਹੀਦਾ ਹੈ?' ਮੇਰਾ ਉੱਤਰ ਹੁੰਦਾ, 'ਜਦੋਂ ਤੁਸੀਂ ਸੌਖ ਨਾਲ ਦੇ ਸਕੋ।' ਤਾਂ ਉਹ ਸੋਚ ਸੋਚ ਕੇ ਕਹਿੰਦਾ 'ਹਛਾ ਜੀ, ਅੱਜ ਤੋਂ ਪੰਦਰਵੇਂ ਦਿਨ ਸਹੀ।' ਜੇ ਗੰਗਾ ਦੀਨ ਦਾ ਵਡਾ ਭਰਾ ਹੁੰਦਾ ਤਾਂ ਉਹ ਕਹਿੰਦਾ, ਮੈਂ ਆਪਣੇ ਭਰਾ ਨੂੰ ਪੁਛਾਂਗਾ।'

ਫਿਰ ਮੈਂ ਉਠ ਬਹਿੰਦਾ ਸਾਂ ਤੇ ਮੈਨੂੰ ਦੁਕਾਨ ਤੋਂ ਜਾਂਦੇ ਨੂੰ ਵੇਖ ਕੇ ਉਹ 'ਸਤਿ ਸ੍ਰੀ ਅਕਾਲ' ਬੁਲਾ ਦੇਂਦਾ ਸੀ, ਪਰ ਉਸ ਦੀ ਨਜ਼ਰ ਅਜੇ ਵੀ ਉਸ ਚਮੜੇ ਉਤੇ ਹੀ ਗੱਡੀ ਹੁੰਦੀ ਸੀ।

ਜੇ ਭਲਾ ਕੋਈ ਨਵੀਂ ਕਿਸਮ ਦਾ ਬੂਟ ਬਣਾਉਣਾ ਹੁੰਦਾ, ਜਿਸ ਦੇ ਨਾਲ ਦਾ ਉਸ ਨੇ ਕਦੇ ਮੇਰੇ ਲਈ ਨਾ ਬਣਾਇਆ ਹੋਵੇ ਤਾਂ ਉਹ ਮੇਰੇ ਪੈਰੋਂ ਬੂਟ ਲੁਹਾ ਲੈਂਦਾ ਅਤੇ ਮੇਰੇ ਪੈਰ ਤੇ ਬੂਟ ਨੂੰ ਡਾਢੇ ਪਿਆਰ ਤੇ ਰੀਝ ਨਾਲ ਵੇਖਦਾ। ਉਸ ਦੀ ਤੱਕਣੀ ਤੋਂ ਇਉਂ ਜਾਪਦਾ ਸੀ ਜਿਵੇਂ ਉਹ ਪਹਿਲਾਂ ਬੂਟ ਬਣਾਉਣ ਵਾਲੇ ਕਾਰੀਗਰ ਦੇ ਚਿੱਤ ਤੱਕ ਪੁੱਜਣ ਦੀ ਕੋਸ਼ਿਸ਼ ਕਰ ਰਿਹਾ ਹੈ। ਜੇ ਉਸ ਨੂੰ ਉਸ ਵਿਚ ਕੋਈ ਨੁਕਸ ਦਿਸਦਾ ਤਾਂ ਉਸ ਦਾ ਚਿਹਰਾ ਬਦਲ ਜਾਂਦਾ ਤੇ ਇਹੋ ਜਾਪਦਾ ਕਿ ਉਹ ਕਾਰੀਗਰ ਨੂੰ ਲਾਹਨਤਾਂ ਪਾ ਰਿਹਾ ਹੈ, ਜੋ ਉਸ ਨੇ ਕਿਉਂ ਏਡੇ ਚੰਗੇ ਕੰਮ ਨੂੰ ਇਸ ਬੇਪਰਵਾਹੀ ਨਾਲ ਕੀਤਾ ਹੈ। ਫੇਰ ਉਹ ਮੇਰੇ ਪੈਰ ਨੂੰ ਇਕ ਕਾਗਜ਼ ਉਤੇ ਰੱਖਦਾ ਤੇ ਦੋ ਤਿੰਨ ਵਾਰੀ ਉਸ ਦੇ ਆਲੇ ਦੁਆਲੇ ਲੀਕ ਵਾਹੁੰਦਾ। ਫਿਰ ਉਹ ਮੇਰੀਆਂ ਉਂਗਲਾਂ ਨੂੰ ਟੋਂਹਦਾ ਤੇ ਇਉਂ ਮੇਰੇ ਪੈਰਾਂ ਦੀਆਂ ਲੋੜਾਂ ਨੂੰ ਜਾਚਦਾ।

ਉਸ ਦੀ ਹੱਟੀ ਦਾ ਇਕ ਸਾਕਾ ਮੈਨੂੰ ਕਦੇ ਨਹੀਂ ਭੁੱਲ ਸਕਦਾ। ਮੈਂ ਉਸ

ਦੀ ਹੱਟੀ ਤੇ ਗਿਆ ਤੇ ਕਿਹਾ, 'ਗੰਗਾ ਦੀਨ, ਤੁਹਾਡਾ ਪਿਛਲਾ ਬੂਟ ਬੜੀ ਛੇਤੀ ਟੁੱਟ ਗਿਆ ਹੈ।'

ਉਹ ਕੁਝ ਚਿਰ ਚੁੱਪ ਚਾਪ ਮੇਰੇ ਵੱਲ ਵੇਖਦਾ ਰਿਹਾ ਜਿਵੇਂ ਕਿਤੇ ਉਹ ਇਸ ਉਡੀਕ ਵਿਚ ਹੁੰਦਾ ਹੈ ਕਿ ਮੈਂ ਆਪਣੀ ਕਹੀ ਹੋਈ ਗੱਲ ਨੂੰ ਵਾਪਸ ਲੈ ਲਵਾਂਗਾ ਜਾਂ ਕੁਝ ਠੀਕ ਕਰ ਕੇ ਕਹਾਂਗਾ। ਐਉਂ ਜਾਪਦਾ ਸੀ ਜਿਵੇਂ ਇਹ ਗੱਲ ਉਸ ਦੇ ਮੰਨਣ ਵਿਚ ਨਹੀਂ ਆਈ। ਅੰਤ ਨੂੰ ਉਹ ਕਹਿਣ ਲੱਗਾ, 'ਇਸ ਨੂੰ ਟੁੱਟਣਾ ਨਹੀਂ ਸੀ ਚਾਹੀਦਾ।'

'ਪਰ ਉਹ ਟੁੱਟ ਗਿਆ ਹੈ, ਗੰਗਾ ਦੀਨ!

'ਤੁਸਾਂ ਉਸ ਨੂੰ ਨਵੇਂ ਨੂੰ ਭਿਉਂ ਲਿਆ ਹੋਣਾ ਹੈ।'

'ਮੇਰਾ ਨਹੀਂ ਖ਼ਿਆਲ।'

ਇਹ ਸੁਣਦਿਆਂ ਹੀ ਉਸ ਨੇ ਅੱਖਾਂ ਨੀਵੀਆਂ ਪਾ ਲਈਆਂ ਤੇ ਐਉਂ ਜਾਪਦਾ ਸੀ ਜਿਵੇਂ ਉਹ ਬੂਟਾਂ ਦੇ ਬਣਾਉਣ ਦੇ ਵੇਲੇ ਨੂੰ ਯਾਦ ਕਰ ਰਿਹਾ ਹੈ। ਮੈਨੂੰ ਬੜਾ ਹਿਰਖ ਲੱਗਾ ਜੋ ਮੈਂ ਇਹੋ ਜਿਹੀ ਗੱਲ ਉਸ ਨੂੰ ਆਖ ਬੈਠਾ। ਇਹ ਕਹਿਣ ਲੱਗਾ, 'ਤੁਸੀਂ ਟੁੱਟਾ ਹੋਇਆ ਬੂਟ ਮੇਰੇ ਵੱਲ ਭੇਜ ਦੇਣਾ, ਖਵਰੇ ਉਹ ਠੀਕ ਹੋ ਸਕੇ।' ਇਹ ਸੁਣਦਿਆਂ ਹੀ ਮੇਰੇ ਦਿਲ ਵਿਚ ਕਈ ਖ਼ਿਆਲ ਦੌੜਨ ਲੱਗੇ। ਮੈਂ ਆਪਣੀ ਮਿਥਣ ਸ਼ਕਤੀ ਨਾਲ ਵੇਖ ਸਕਦਾ ਸਾਂ ਕਿ ਉਹ ਕਿਵੇਂ ਉਨ੍ਹਾਂ ਬੂਟਾਂ ਉਤੇ ਨਵੇਂ ਸਿਰੇ ਮਿਹਨਤ ਕਰੇਗਾ। ਉਹ ਫਿਰ ਹੌਲੀ ਜਿਹੀ ਬੋਲਿਆ, 'ਕਈ ਬੂਟ ਜਨਮ ਤੋਂ ਹੀ ਭੈੜੇ ਹੁੰਦੇ ਹਨ। ਜੇ ਮੈਂ ਉਨ੍ਹਾਂ ਨੂੰ ਠੀਕ ਨਾ ਕਰ ਸਕਿਆ ਤਾਂ ਮੈਂ ਤੁਹਾਡੇ ਪਾਸੋਂ ਉਸ ਦੇ ਪੈਸੇ ਨਹੀਂ ਲਵਾਂਗਾ।'

ਇਕ ਵਾਰੀ ਤੇ ਕੇਵਲ ਇਕੋ ਵਾਰੀ, ਮੈਂ ਉਸ ਦੀ ਦੁਕਾਨ ਤੇ ਇਕ ਅਜਿਹਾ ਬੂਟ ਪਾ ਕੇ ਚਲਿਆ ਗਿਆ ਜੋ ਕਿਤੇ ਕਾਹਲੀ ਵੇਲੇ ਮੈਂ ਕਿਸੇ ਵੱਡੀ ਦੁਕਾਨ ਤੋਂ ਖਰੀਦਿਆ ਸੀ। ਉਸ ਨੇ ਚਰੜਾਂ ਦਿਖਾਉਣ ਤੋਂ ਬਿਨਾਂ ਹੀ ਮੈਥੋਂ ਸਾਈ ਲੈ ਲਈ ਅਤੇ ਮੈਂ ਦੇਖ ਰਿਹਾ ਸੀ ਕਿ ਮੇਰੀ ਪੈਰੀਂ ਬਜ਼ਾਰੀ ਬੂਟ ਵੇਖ ਕੇ ਉਸ ਨੂੰ ਦੁੱਖ ਹੋ ਰਿਹਾ ਹੈ। ਛੇਕੜ ਉਸ ਕਹਿ ਹੀ ਦਿੱਤਾ, 'ਇਹ ਮੇਰੇ ਬਣੇ ਹੋਏ ਬੂਟ ਨਹੀਂ।'

ਇਹ ਗੱਲ ਉਸ ਨੇ ਕਿਸੇ ਗੁੱਸੇ, ਅਫਸੋਸ ਜਾਂ ਘਿਰਣਾ ਨਾਲ ਨਹੀਂ ਸੀ ਕਹੀ, ਸਗੋਂ ਇਸ ਵਿਚ ਇਕ ਅਜਿਹੀ ਸ਼ਾਂਤੀ, ਜੋ ਲਹੂ ਨੂੰ ਠੰਢਾ ਕਰ ਸੁੱਟਦੀ ਸੀ।

ਉਸ ਨੇ ਬਹਿ ਕੇ ਮੇਰੇ ਖੱਬੇ ਬੂਟ ਨੂੰ ਉਥੋਂ ਹੀ ਨੱਪਿਆ ਜਿਥੋਂ ਉਹ ਲੱਗਦਾ ਸੀ ਤੇ ਕਹਿਣ ਲੱਗਾ, 'ਇਹ ਬੂਟ ਤੁਹਾਨੂੰ ਇਥੋਂ ਲੱਗਦਾ ਹੈ। ਇਨ੍ਹਾਂ ਵੱਡੀਆਂ ਦੁਕਾਨਾਂ ਨੂੰ ਆਪਣੀ ਇੱਜ਼ਤ ਦੀ ਕੋਈ ਪਰਵਾਹ ਨਹੀਂ ਹੁੰਦੀ।' ਫਿਰ ਉਹ ਕਿੰਨਾ ਚਿਰ ਹੀ ਬੋਲਦਾ ਰਿਹਾ। ਸਾਰੀ ਜ਼ਿੰਦਗੀ ਵਿਚ ਇਹ ਪਹਿਲਾ ਤੇ ਅਖੀਰੀ ਸਮਾਂ ਸੀ ਜਦ ਮੈਂ ਉਸ ਨੂੰ ਬੂਟਾਂ ਦੇ ਕੰਮ ਤੇ ਵਪਾਰ ਦੀਆਂ ਔਖਿਆਈਆਂ ਬਾਬਤ ਵਿਚਾਰ ਕਰਦਿਆਂ ਸੁਣਿਆ। ਉਹ ਫਿਰ ਬੋਲਿਆ, 'ਉਹ ਇਸ਼ਤਿਹਾਰ ਕਰ ਕਰ ਕੇ ਗਾਹਕ ਫਸਾ ਲੈਂਦੇ ਹਨ। ਪੈਸੇ ਵੀ ਦੰਗੇ ਮੁਛਦੇ ਹਨ। ਕੰਮ ਦੀ ਉਨ੍ਹਾਂ ਨੂੰ ਕੋਈ ਪਰਵਾਹ ਨਹੀਂ। ਮੈਨੂੰ ਭੀ ਇਕ ਦੋ ਦੁਕਾਨਾਂ ਵਾਲਿਆਂ ਆਖਿਆ ਹੈ ਕਿ ਸਾਨੂੰ ਬੂਟ ਬਣਾ ਕੇ ਦੇ ਦਿਆ ਕਰ, ਪਰ ਮੈਥੋਂ ਬਜ਼ਾਰੀ ਕੰਮ ਨਹੀਂ ਕਰ ਹੁੰਦਾ। ਅਸੀਂ ਆਖਦੇ ਹਾਂ ਥੋੜ੍ਹਾ ਕਰੋ, ਪਰ ਸੋਹਣਾ ਕਰੋ। ਉਹ ਕਹਿੰਦੇ ਹਨ, ਅਸਾਂ ਪੈਸੇ ਕੱਠੇ ਕਰਨੇ ਹਨ। ਸਾਨੂੰ ਕੀ ਭਾਵੇਂ ਬੂਟ ਰਾਹ ਵਿਚ ਹੀ ਟੁੱਟ ਜਾਵੇ? ਉਹ ਏਥੇ ਆਉਂਦੇ ਹਨ ਤੇ ਸਦਾ ਸਸਤਾ-ਮੇਲ ਚੀਜ਼ ਬਣਾਉਣ ਲਈ ਕਹਿੰਦੇ ਹਨ, ਪਰ ਨਾਲ ਇਹ ਆਖਦੇ ਹਨ ਕਿ ਬਾਹਰੋਂ ਬੜਾ ਚਮਕਦਾ ਹੋਵੇ। ਉਨ੍ਹਾਂ ਦੀ ਤਾਂ ਉਹ ਗੱਲ ਹੈ ਪਈ ਲਾਗੀਆਂ ਲਾਗ ਲੈ ਲੈਣਾ ਏ, ਪਰਾਈ ਧੀ ਭਾਵੇਂ ਘਰ ਜਾਂਦਿਆਂ ਹੀ ਰੰਡੀ ਬਹਿ ਜਾਏ।'

ਸਾਤੋਂ ਤਾਂ ਜੀ ਇਹ ਨਹੀਂ ਹੁੰਦਾ, ਅਸੀਂ ਤਾਂ ਚੀਜ਼ ਚੰਗੀ ਬਣਾਉਂਦੇ ਹਾਂ। ਚੰਗੀ ਚੀਜ਼ ਦਾ ਗ਼ਾਹਕ ਅੱਜ ਕਲ੍ਹ ਬੜਾ ਘੱਟ ਹੈ ਪਰ ਉਹ ਜਾਣੇ! ਸਾਨੂੰ ਇਹੀ ਬੜੀ ਖ਼ੁਸ਼ੀ ਹੈ ਕਿ ਅਸਾਂ ਚੀਜ਼ ਮਿਹਨਤ ਨਾਲ ਬਣਾਈ ਹੈ। ਏਨ੍ਹਾਂ ਲੋਕਾਂ ਨੇ ਰੱਦੀ ਚੀਜ਼ਾਂ ਦੇ ਕੇ ਭੱਾ ਭੀ ਬੜੇ ਘਟਾ ਛੱਡੇ ਹਨ। ਚੰਗੀ ਚੀਜ਼ ਉਸ ਲੇਖੇ ਪੁੱਗਦੀ ਨਹੀਂ। ਪਰ ਕੀ ਕਰੀਏ?'

ਜਦ ਉਹ ਇਹ ਗੱਲਾਂ ਕਰ ਰਿਹਾ ਸੀ ਤਾਂ ਮੈਂ ਉਸ ਦੇ ਚਿਹਰੇ ਤੇ ਉਹ ਕੁਝ ਵੇਖਿਆ ਜੋ ਅੱਗੇ ਕਦੇ ਨਹੀਂ ਸੀ ਵੇਖਿਆ। ਮੈਂ ਦੇਖਿਆ ਕਿ ਉਹ ਦੁਖੀ ਹੈ। ਉਹ ਅਚਨਚੇਤ ਅੱਜ ਮੈਨੂੰ ਅੱਗੇ ਨਾਲੋਂ ਕਈ ਗੁਣਾ ਵਧੇਰੇ ਬੁੱਢਾ ਜਾਪਿਆ। ਮੈਨੂੰ ਪਤਾ ਲੱਗਾ ਕਿ ਉਸ ਵਿਚਾਰੇ ਨੂੰ ਕੰਮ ਕਰਨ ਦੀ ਖ਼ੁਸ਼ੀ ਕਿੰਨੀ ਮਹਿੰਗੀ ਪੈਂਦੀ ਹੈ।

ਮੈਂ ਉਸ ਨੂੰ ਚੰਗੀ ਤਰ੍ਹਾਂ ਖੋਲ੍ਹ ਕੇ ਦੱਸਿਆ ਕਿ ਕਿਨ੍ਹਾਂ ਹਾਲਤਾਂ ਵਿਚ ਮੈਨੂੰ ਉਹ ਬਜ਼ਾਰੀ ਬੂਟ ਖਰੀਦਣਾ ਪਿਆ ਸੀ। ਤਾਂ ਭੀ ਉਸ ਦੇ ਚਿਹਰੇ ਤੇ ਉਸ ਦੇ ਬੋਲਣ ਨੇ ਮੇਰੇ ਉਤੇ ਇੰਨਾ ਅਸਰ ਪਾਇਆ ਕਿ ਉਨ੍ਹਾਂ ਕੁਝ ਮਿੰਟਾਂ ਵਿਚ ਮੈਂ ਕਈ

ਬੂਟਾਂ ਦੀ ਸਾਈ ਦਿੱਤੀ। ਉਸ ਦੇ ਬੂਟ ਟੁੱਟਦੇ ਨਹੀਂ ਸਨ। ਇਸ ਲਈ ਦੋ ਵਰ੍ਹੇ ਮੈਂ ਉਸ ਕੋਲ ਨਾ ਜਾ ਸਕਿਆ।

੩

ਦੋ ਸਾਲਾਂ ਪਿੱਛੋਂ ਇਕ ਵਾਰੀ ਮੈਂ ਉਧਰੋਂ ਲੰਘਿਆ ਤਾਂ ਮੈਂ ਵੇਖਿਆ ਕਿ ਉਸੇ ਦੁਕਾਨ ਦੇ ਦੋ ਹਿੱਸੇ ਹੋਏ ਹੋਏ ਹਨ ਤੇ ਇਕ ਹਿੱਸੇ ਉਤੇ ਬੜਾ ਸ਼ਾਨਦਾਰ ਸਾਈਨ-ਬੋਰਡ ਲੱਗਾ ਹੋਇਆ ਹੈ। ਇਹ ਵੀ ਬੂਟ ਵੇਚਣ ਵਾਲਿਆਂ ਦਾ ਸੀ। ਬੋਰਡ ਤੇ ਲਿਖਿਆ ਸੀ ਕਿ ਉਨ੍ਹਾਂ ਦੀ ਦੁਕਾਨ ਰਾਜਿਆਂ ਮਹਾਰਾਜਿਆਂ ਤੇ ਰਾਣੀਆਂ ਲਈ ਬੂਟ ਬਣਾਉਂਦੀ ਹੈ। ਉਹ ਪੁਰਾਣੇ ਦੋ ਜੋੜੇ ਦੂਜੇ ਹਿੱਸੇ ਦੀ ਨੁੱਕਰ ਵੱਲ ਪਏ ਸਨ। ਗੰਗਾ ਦੀਨ ਵਾਲਾ ਹਿੱਸਾ ਹੁਣ ਅੱਗੇ ਨਾਲੋਂ ਵੀ ਵਧੇਰੇ ਹਨੇਰਾ ਤੇ ਬੋ ਵਾਲਾ ਹੋ ਗਿਆ ਸੀ। ਪਰ ਦੂਜੇ ਹਿੱਸੇ ਵਿਚ ਅਲਮਾਰੀਆਂ ਵਿਚ ਬੂਟ ਲਿਸ਼ਕ ਰਹੇ ਸਨ। ਅੱਗੋਂ ਨਾਲੋਂ ਵੀ ਵਧੇਰੇ ਚਿਰ ਪਿੱਛੋਂ ਗੰਗਾ ਦੀਨ ਮੇਰੇ ਸਾਹਮਣੇ ਆਇਆ ਤੇ ਮੈਂ ਕਿਹਾ, "ਤੁਹਾਡੇ ਬੂਟ ਬਹੁਤ ਪੱਕੇ ਤੇ ਹੰਢਣਸਾਰ ਹੁੰਦੇ ਹਨ। ਇਹ ਬੂਟ ਦੋ ਸਾਲ ਪਾਉਂਦਿਆਂ ਹੋ ਗਏ ਹਨ, ਅਜੇ ਨਵਾਂ ਜਾਪਦਾ ਹੈ।" ਇਹ ਕਹਿੰਦਿਆਂ ਮੈ ਆਪਣਾ ਪੈਰ ਅੱਗੇ ਕੀਤਾ।

ਉਸ ਨੇ ਬੂਟ ਵੱਲ ਵੇਖਿਆ। ਇਉਂ ਜਾਪਦਾ ਸੀ ਜਿਵੇਂ ਬੜੇ ਚਿਰਾਂ ਮਗਰੋਂ ਉਹ ਕਿਸੇ ਮਿੱਤਰ ਨੂੰ ਮਿਲਿਆ ਹੋਵੇ ਤੇ ਉਸ ਨੂੰ ਵੇਖ ਰਿਹਾ ਹੋਵੇ। ਉਸ ਬੂਟ ਵਿਚ ਉਸ ਦੀ ਰੂਹ ਸੀ। ਉਸ ਨੇ ਪੈਸਿਆਂ ਲਈ ਬੂਟ ਕਦੇ ਨਹੀਂ ਸਨ ਬਣਾਏ, ਸਗੋਂ ਉਹ ਬੂਟ ਬਣਾਉਣ ਵਿਚ ਆਪ ਮਸਤ ਹੋ ਜਾਂਦਾ ਸੀ।

ਉਹ ਕਹਿਣ ਲੱਗਾ, 'ਪਰ ਲੋਕਾਂ ਨੂੰ ਚੰਗੇ ਤੇ ਹੰਢਣਸਾਰ ਬੂਟਾਂ ਦੀ ਲੋੜ ਨਹੀਂ ਰਹੀ।'

ਮੈਨੂੰ ਡਰ ਸੀ ਕਿ ਉਸ ਦਿਨ ਵਾਂਗ ਫਿਰ ਕਿਤੇ ਕਿੱਸਾ ਛੋਹ ਨਾ ਬਹੇ। ਮੈਂ ਗੱਲ ਟਾਲਣ ਲਈ ਛੇਤੀ ਨਾਲ ਪੁਛਿਆ, 'ਤੁਸਾਂ ਦੁਕਾਨ ਨੂੰ ਕੀ ਕੀਤਾ ਹੈ ?'

ਉਸ ਨੇ ਠਰ੍ਹਮੇ ਨਾਲ ਉੱਤਰ ਦਿੱਤਾ, 'ਕਰਾਇਆ ਬਹੁਤਾ ਸੀ ! ਮੰਦੇ ਮੰਦਵਾੜੇ ਦੇ ਦਿਨ ਨੇ। ਸੱਚ ਤੁਹਾਨੂੰ ਹੋਰ ਬੂਟ ਚਾਹੀਦੇ ਨੇ ?'

ਮੈਂ ਤਿੰਨ ਬੂਟਾਂ ਦੀ ਸਾਈ ਦਿੱਤੀ, ਹਾਲਾਂਕਿ ਮੈਨੂੰ ਲੋੜ ਕੇਵਲ ਦੋ ਬੂਟਾਂ ਦੀ

ਸੀ ਤੇ ਮੈਂ ਛੇਤੀ ਨਾਲ ਚਲਦਾ ਬਣਿਆ। ਮੈਨੂੰ ਇਉਂ ਜਾਪਦਾ ਸੀ ਜਿਵੇਂ ਉਸ ਦਾ ਖਿਆਲ ਇਹ ਹੈ ਕਿ ਸਾਰਾ ਸ਼ਹਿਰ ਵੱਡੀਆਂ ਹੱਟੀਆਂ ਤੋਂ ਸੌਦਾ ਲੈ ਕੇ ਉਸ ਨੂੰ ਉਜਾੜਨ ਤੇ ਲੱਕ ਬੰਨ੍ਹੀ ਬੈਠਾ ਹੈ।

ਕਈ ਮਹੀਨਿਆਂ ਪਿੱਛੋਂ ਮੈਂ ਫੇਰ ਉਨ੍ਹਾਂ ਦੀ ਹੱਟੀ ਤੇ ਗਿਆ ਤੇ ਉਥੇ ਮੈਨੂੰ ਜਾਪਿਆ ਕਿ ਮੈਂ ਗੰਗਾ ਰਾਮ ਦੇ ਵੱਡੇ ਭਰਾ ਨਾਲ ਗੱਲਾਂ ਕਰ ਰਿਹਾ ਹਾਂ। ਉਸ ਦੇ ਹੱਥ ਵਿਚ ਉਸੇ ਤਰ੍ਹਾਂ ਚਮੜੇ ਦਾ ਟੋਟਾ ਸੀ।

ਮੈਂ ਕਿਹਾ, 'ਸੁਣਾਓ ਜੀ, ਕੀ ਹਾਲ ਹੈ?'

'ਤੁਹਾਡੀ ਮਿਹਰਬਾਨੀ! ਮੈਂ ਤਾਂ ਬਿਲਕੁਲ ਰਾਜ਼ੀ ਹਾਂ, ਪਰ ਮੇਰਾ ਵੱਡਾ ਭਰਾ ਗੁਜ਼ਰ ਗਿਆ ਹੈ।' ਇਹ ਸੁਣ ਕੇ ਮੈਨੂੰ ਪਤਾ ਲੱਗਾ ਕਿ ਮੈਂ ਗੰਗਾ ਦੀਨ ਦੇ ਵੱਡੇ ਭਰਾ ਨਾਲ ਨਹੀਂ ਸਗੋਂ ਗੰਗਾ ਦੀਨ ਨਾਲ ਹੀ ਗੱਲ ਬਾਤ ਕਰ ਰਿਹਾ ਹਾਂ। ਉਹ ਹੁਣ ਬਹੁਤ ਬੁੱਢਾ ਹੋ ਚੁਕਿਆ ਸੀ। ਮੈਂ ਅੱਗੇ ਕਦੇ ਇਸ ਨੂੰ ਭਰਾ ਦੀ ਗੱਲ ਕਰਦਿਆਂ ਨਹੀਂ ਸੀ ਵੇਖਿਆ। ਮੈਨੂੰ ਉਸਦੇ ਭਰਾ ਮਰਨ ਦਾ ਬੜਾ ਦੁਖ ਹੋਇਆ ਤੇ ਮੈਂ ਕਿਹਾ, 'ਓਹੋ! ਇਹ ਤਾਂ ਬੜਾ ਮਾੜਾ ਹੋਇਆ। ਭਰਾ ਮਰਨ ਨਾਲ ਤਾਂ ਬਾਹਾਂ ਭਜ ਜਾਂਦੀਆਂ ਹਨ।'

ਉਹ ਬੋਲਿਆ, 'ਹਾਂ ਜੀ ਵਿਚਾਰਾ ਬੜਾ ਚੰਗਾ ਸੀ। ਬੜੇ ਸੋਹਣੇ ਬੂਟ ਬਣਾਉਂਦਾ ਸੀ।' ਇਹ ਕਹਿੰਦਿਆਂ ਹੀ ਉਸ ਨੇ ਆਪਣੇ ਨੰਗੇ ਸਿਰ ਤੇ ਹੱਥ ਫੇਰਿਆ। ਉਥੇ ਬਾਲ ਉਨੇ ਕੁ ਹੀ ਰਹਿ ਗਏ ਸਨ ਜਿੰਨੇ ਕੁ ਉਸ ਦੇ ਭਰਾ ਦੇ ਸਿਰ ਤੇ ਹੁੰਦੇ ਸਨ ਤੇ ਫਿਰ ਕਹਿਣ ਲੱਗਾ, 'ਉਸ ਤੋਂ ਦੁਕਾਨ ਖੁੱਸਣ ਦੀ ਸੱਟ ਨਹੀਂ ਸਹਾਰੀ ਗਈ। ਕੀ ਤੁਹਾਨੂੰ ਬੂਟ ਚਾਹੀਦਾ ਹੈ?' ਉਸ ਨੇ ਹਥਲਾ ਚਮੜਾ ਮੈਨੂੰ ਵਿਖਾਇਆ ਤੇ ਕਹਿਣ ਲੱਗਾ, 'ਇਹ ਚਮੜਾ ਬੜਾ ਸੋਹਣਾ ਹੈ।'

ਮੈਂ ਦੋ ਕੁ ਜੋੜਿਆਂ ਦੀ ਸਾਈ ਦੇ ਦਿੱਤੀ। ਕਈ ਸਾਤੇ ਲੰਘਣ ਪਿਛੋਂ ਮੈਨੂੰ ਬੂਟ ਮਿਲੇ, ਪਰ ਇਹ ਅੱਗੇ ਨਾਲੋਂ ਵੀ ਚੰਗੇ ਸਨ। ਉਨ੍ਹਾਂ ਨੂੰ ਜਿੰਨਾ ਵਰਤਦਾ ਸਾਂ ਓਨੇ ਹੀ ਸੋਹਣੇ ਨਿਕਲਦੇ ਆਉਂਦੇ ਸਨ! ਛੇਤੀਂ ਹੀ ਮੈਨੂੰ ਕਿਤੇ ਬਾਹਰ ਜਾਣਾ ਪੈ ਗਿਆ।

ਵਰ੍ਹੇ ਤੋਂ ਵਧੀਕ ਮੈਂ ਬਾਹਰ ਰਿਹਾ। ਵਾਪਸ ਆ ਕੇ ਮੈਂ ਪਹਿਲਾਂ ਪਹਿਲ ਗੰਗਾ ਦੀਨ ਦੀ ਦੁਕਾਨ ਤੇ ਹੀ ਗਿਆ। ਮੈਂ ੬੦ ਵਰ੍ਹੇ ਦਾ ਗੰਗਾ ਦੀਨ ਛੱਡ ਕੇ

ਗਿਆ ਸਾਂ ਤੇ ਇਕ ਵਰ੍ਹੇ ਪਿਛੋਂ ੭੫ ਵਰ੍ਹਿਆਂ ਦੇ ਗੰਗਾ ਦੀਨ ਨੂੰ ਆ ਵੇਖਿਆ। ਇਕ ਵਰ੍ਹੇ ਵਿਚ ਉਹ ੧੫ ਵਰ੍ਹੇ ਜਿੰਨਾ ਬੁੱਢਾ ਹੋ ਗਿਆ ਸੀ। ਉਸ ਨੇ ਪਹਿਲਾਂ ਤਾਂ ਮੈਨੂੰ ਸਿਞਾਣਿਆਂ ਹੀ ਨਾ।

ਮੈਂ ਉਸ ਨੂੰ ਕਿਹਾ, 'ਗੰਗਾ ਦੀਨ! ਤੁਹਾਡੇ ਬੂਟ ਬੜੇ ਸੋਹਣੇ ਹੁੰਦੇ ਹਨ। ਮੈਂ ਇਹ ਬੂਟ ਓਦੋਂ ਦਾ ਹੀ ਰੋਜ਼ ਪਉਂਦਾ ਹਾਂ, ਅਜੇ ਭੀ ਇਹ ਨਵੇਂ ਨਕੋਰ ਦਿਸਦੇ ਹਨ।'

ਗੰਗਾ ਦੀਨ ਕਿੰਨਾ ਚਿਰ ਮੇਰੇ ਬੂਟਾਂ ਵਲ ਵੇਖਦਾ ਰਿਹਾ। ਫੇਰ ਉਨ੍ਹਾਂ ਨੂੰ ਟੋਹ ਟਾਹ ਕੇ ਕਹਿਣ ਲੱਗਾ, 'ਇਹ ਅੱਡੀ ਵਲੋਂ ਲੱਗੇ ਤਾਂ ਨਹੀਂ! ਮੈਨੂੰ ਡਰ ਹੀ ਰਿਹਾ ਸੀ।'

'ਨਹੀਂ। ਇਹ ਬੜੇ ਸੋਹਣੇ ਮੇਚੇ ਆਏ ਸਨ।'

ਉਹ ਪੁੱਛਣ ਲੱਗਾ, 'ਹੋਰ ਜੋੜਾ ਚਾਹੀਦਾ ਹੈ? ਮੈਂ ਛੇਤੀ ਹੀ ਬਣਾ ਦਿਆਂਗਾ। ਅੱਜ ਕੱਲ੍ਹ ਕੰਮ ਕੋਈ ਨਹੀਂ।'

ਮੈਂ ਕਿਹਾ, 'ਹਾਂ, ਹਾਂ, ਮੈਨੂੰ ਬੂਟ ਚਾਹੀਦੇ ਨੇ।'

ਉਹ ਆਖਣ ਲੱਗਾ, 'ਤਾਂ ਫਿਰ ਮੈਂ ਨਵਾਂ ਮੇਚਾ ਲੈਂਦਾ ਹਾਂ। ਤੁਹਾਡਾ ਪੈਰ ਜ਼ਰੂਰ ਅੱਗੇ ਨਾਲੋਂ ਥੋੜ੍ਹਾ ਬਹੁਤ ਵੱਡਾ ਹੋ ਗਿਆ ਹੈ।' ਇਹ ਕਹਿ ਕੇ ਉਸ ਨੇ ਅੱਗੇ ਵਾਂਗ ਹੀ ਮੇਰੇ ਦੋਹਾਂ ਪੈਰਾਂ ਦਾ ਖ਼ਾਕਾ ਖਿਚਿਆ ਤੇ ਉਂਗਲਾਂ ਦੇ ਨਿਵਾਣ ਉਚਾਣ ਨੂੰ ਜਾਚਿਆ। ਇਹ ਕੰਮ ਕਰਦਿਆਂ ਉਸ ਕੇਵਲ ਇਕ ਵਾਰੀ ਉਤਾਂਹ ਤਕਿਆ ਤੇ ਕਹਿਣ ਲੱਗਾ, 'ਮੈਂ ਖਬਰੇ ਤੁਹਾਨੂੰ ਦਸਿਆ ਸੀ ਕਿ ਨਹੀਂ ਕਿ ਮੇਰਾ ਵੱਡਾ ਭਰਾ ਗੁਜ਼ਰ ਗਿਆ ਹੈ।

ਉਹ ਇੰਨਾ ਲਿੱਸਾ ਹੋ ਚੁੱਕਾ ਸੀ ਉਸ ਵਲ ਦੇਖਦਿਆਂ ਹੀ ਤਰਸ ਆਉਂਦਾ ਸੀ। ਉਥੋਂ ਬਾਹਰ ਨਿਕਲ ਆਉਣ ਤੇ ਹੀ ਮੈਨੂੰ ਸੁਖ ਦਾ ਸਾਹ ਆਇਆ।

ਮੈਂ ਉਨ੍ਹਾਂ ਬੂਟਾਂ ਦੀ ਆਸ ਲਾਹ ਬੈਠਾ ਸਾਂ; ਜੋ ਇਕ ਦਿਨ ਓਹ ਮੇਰੇ ਘਰ ਆ ਪੁਜੇ। ਮੈਂ ਚਾਰੇ ਜੋੜੇ ਇਕ ਪਲ ਵਿਚ ਰੱਖ ਲਏ। ਮੈਂ ਇਕ ਇਕ ਕਰਕੇ ਉਨ੍ਹਾਂ ਨੂੰ ਪੈਰੀਂ ਪਾ ਕੇ ਵੇਖਿਆ। ਸ਼ਕਲ ਵਿਚ ਮੇਚੇ ਆਉਣ ਵਿਚ ਬਣਾਉਣ ਦੀ ਕਾਰੀਗਰੀ ਵਿਚ ਤੇ ਚਮੜੇ ਦੀ ਚੰਗਿਆਈ ਵਿਚ ਓਹ ਉਸ ਦੇ ਪਹਿਲੇ ਬਣੇ ਸਭ ਬੂਟਾਂ ਨਾਲੋਂ ਵਧੀਆ ਸਨ। ਇਕ ਬੂਟ ਦੇ ਤਸਮਿਆਂ ਵਿਚ ਉਸ ਨੇ ਆਪਣਾ ਖਿਧਾ

ਜਿਹਾ ਬਿਲ ਅੜ੍ਹਿਗਿਆ ਹੋਇਆ ਸੀ। ਪੈਸੇ ਤਾਂ ਅੱਗੇ ਜਿੰਨੇ ਹੀ ਸਨ, ਪਰ ਅੱਗੇ ਕਦੇ ਉਸ ਨੇ ਨਾਲ ਹੀ ਬਿਲ ਨਹੀਂ ਸੀ ਭੇਜਿਆ, ਸਗੋਂ ਛੇਈਂ ਮਹੀਨੀਂ ਕੱਠਾ ਲੇਖਾ ਕਰੀਦਾ ਸੀ ਤੇ ਲੰਘਦਿਆਂ ਲੰਘਦਿਆਂ, ਕਦੇ ਸਹਿਜ-ਭਾ ਨਾਲ ਆਪੇ ਦੇ ਆਈਦੇ ਸਨ। ਮੈਨੂੰ ਸੁਝ ਗਈ ਕਿ ਉਸ ਨੂੰ ਡਾਢੀ ਲੋੜ ਪਈ ਹੋਣੀ ਹੈ। ਮੈਂ ਉਸ ਵੇਲੇ ਨੌਕਰ ਹੱਥ ਪੈਸੇ ਭੇਜ ਦਿੱਤੇ।

੧੦ ਕੁ ਦਿਨ ਪਿਛੋਂ ਮੈਂ ਉਧਰੋਂ ਲੰਘ ਰਿਹਾ ਸਾਂ। ਮੈਂ ਸੋਚਿਆ ਗੰਗਾ ਦੀਨ ਨੂੰ ਦੱਸ ਚਲੀਏ ਕਿ ਉਸ ਦੇ ਬੂਟ ਬਹੁਤ ਸੋਹਣੇ ਆਏ ਹਨ। ਮੈਂ ਜਦ ਦੁਕਾਨ ਤੇ ਪੁੱਜਾ ਤਾਂ ਮੈਂ ਵੇਖਿਆ ਕਿ ਉਹ ਗਤੇ ਦਾ ਬੋਰਡ ਉਥੇ ਹੈ ਨਹੀਂ, ਪਰ ਉਥੇ ਬੂਟ ਭਾਂਤ-ਭਾਂਤ ਦੇ ਪਏ ਸਨ ਤੇ ਦੁਕਾਨ ਸਜੀ ਹੋਈ ਸੀ। ਮੈਂ ਘਬਰਾਇਆ ਹੋਇਆ ਅੰਦਰ ਵੜਿਆ। ਦੋਵੇਂ ਦੁਕਾਨਾਂ ਫਿਰ ਇਕੋ ਬਣੀਆਂ ਹੋਈਆ ਤੇ ਮੈਨੂੰ ਇਕ ਜਵਾਨ ਆਦਮੀ ਸਾਫ ਕਪੜਿਆਂ ਵਿਚ ਕਸਿਆ ਹੋਇਆ ਮਿਲਿਆ।

ਮੈਂ ਕਿਹਾ, 'ਗੰਗਾ ਦੀਨ ਅੰਦਰ ਹੈ ?'

ਉਸ ਨੇ ਹੈਰਾਨੀ ਨਾਲ ਮੇਰੇ ਵਲ ਤਕਿਆ, ਤੇ ਕਹਿਣ ਲੱਗਾ, 'ਨਹੀਂ ਜੀ, ਨਹੀਂ। ਤੁਸੀਂ ਹੁਕਮ ਕਰੋ। ਇਹ ਦੁਕਾਨ ਅਸਾਂ ਲੈ ਲਈ ਹੈ। ਤੁਸੀਂ ਸਾਡਾ ਬੋਰਡ ਨਹੀਂ ਦੇਖਿਆ ? ਅਸੀਂ ਵੱਡੇ-ਵੱਡੇ ਘਰਾਂ ਵਿਚ ਬੂਟ ਭੇਜਦੇ ਹਾਂ। ਤੁਸੀਂ ਹੁਕਮ ਕਰੋ।'

'ਠੀਕ ਹੈ ਪਰ ਗੰਗਾ ਦੀਨ ?'

'ਉਹ ਤਾਂ ਮਰ ਗਿਆ।'

'ਮਰ ਗਿਆ ! ਉਹ ਕਦੋਂ ? ਅਜੇ ਅਗਲੇ ਦਿਨ ਤਾਂ ਉਸ ਤੋਂ ਬੂਟ ਮੰਗਵਾਏ ਹਨ।'

'ਉਹ ਵਿਚਾਰਾ ਭੁੱਖਾ ਹੀ ਮਰ ਗਿਆ। ਹਕੀਮ ਨੇ ਕਿਹਾ ਸੀ ਕਿ ਉਹ ਕੰਮ ਬਹੁਤਾ ਕਰਦਾ ਰਿਹਾ ਤੇ ਖਾਣ ਨੂੰ ਘਟ ਮਿਲਦਾ ਰਿਹਾ ਸੂ। ਉਹ ਬੂਟ ਏਨੀ ਰੀਝ ਨਾਲ ਬਣਾਉਂਦਾ ਸੀ ਕਿ ਸਾਈਆਂ ਦੇਣ ਵਾਲੇ ਕਾਹਲੇ ਪੈ ਜਾਂਦੇ ਸਨ ਤੇ ਉਹ ਕਈ ਦਿਨ ਲਾ ਛੱਡਦਾ ਸੀ। ਇਉਂ ਉਸ ਦੇ ਗਾਹਕ ਸਾਰੇ ਟੁੱਟ ਗਏ ਸਨ ਤੇ ਵਿਚਾਰਾ ਪੈਸਿਆਂ ਖੁਣੋਂ ਹੀ ਮਰ ਗਿਆ। ਉਸ ਜਿਹੇ ਬੂਟ ਸਾਰੇ ਪੰਜਾਬ ਵਿਚ ਕੋਈ ਨਹੀਂ ਸੀ ਬਣਾ ਸਕਦਾ। ਪਰ ਦੇਖੋ ਨਾ ਜੀ, ਅੱਜ ਕੱਲ੍ਹ ਮੁਕਾਬਲੇ ਦੇ ਦਿਨ ਹੋਏ। ਉਸ

ਕਦੇ ਇਸ਼ਤਿਹਾਰ ਨਹੀਂ ਸੀ ਕੀਤਾ। ਉਹ ਚਮੜਾ ਬੜਾ ਕੀਮਤੀ ਵਰਤਦਾ ਸੀ, ਤੇ ਸਾਰਾ ਕੰਮ ਆਪਣੀ ਹੱਥੀਂ ਕਰਦਾ ਸੀ। ਭਲਾ ਅੱਜ ਕੱਲ ਏਦਾਂ ਗੁਜ਼ਾਰਾ ਹੁੰਦਾ ਪਿਆ ਹੈ?' ਮੈਂ ਕਿਹਾ, 'ਠੀਕ ਹੈ।'

ਉਹ ਜਵਾਨ ਫੇਰ ਬੋਲਿਆ—'ਸੱਚ ਜਾਣਨਾ ਉਹ ਬੂਟ ਬਣਾਉਣ 'ਵਿਚ ਦਿਨ ਰਾਤ ਇਕ ਕਰ ਛੱਡਦਾ ਸੀ। ਮਰਦੇ ਦਮ ਤੋੜੀ ਵਿਚਾਰਾ ਆਪਣੇ ਕੰਮ ਲੱਗਾ ਰਿਹਾ ਹੈ। ਉਸ ਨੂੰ ਖਾਣ ਪੀਣ ਦੀ ਤੇ ਆਪਣੇ ਆਪ ਦੀ ਕੋਈ ਸੋਝੀ ਹੀ ਨਹੀਂ ਸੀ ਰਹਿੰਦੀ। ਘਰ ਵਿਚ ਵਿਚਾਰੇ ਦੇ ਭੁੱਖ ਨੰਗ ਹੀ ਸੀ। ਸਾਰੀ ਵਟਕ ਕਿਰਾਏ ਤੇ ਚਮੜੇ ਵਿਚ ਹੀ ਰੁੜ੍ਹ ਜਾਂਦੀ ਸੀ। ਪਤਾ ਨਹੀਂ ਉਹ ਏਨੇ ਵਰ੍ਹੇ ਵੀ ਕਿਵੇਂ ਜੀਂਦਾ ਰਿਹਾ? ਉਹ ਬੜਾ ਹੀ ਅਨੋਖਾ ਆਦਮੀ ਸੀ। ਬੂਟ ਤਾਂ ਡਾਢੇ ਸੋਹਣੇ ਤੇ ਪੱਕੇ ਬਣਾਉਂਦਾ ਸੀ ਅਤੇ ਬੇਈਮਾਨੀ ਦਾ ਨਾਂ ਨਹੀਂ ਸੀ ਜਾਣਦਾ।'

ਮੈਂ ਕਿਹਾ, 'ਹਾਂ ਬੂਟ ਡਾਢੇ ਪੱਕੇ ਹੰਢਣਸਾਰ ਤੇ ਸੋਹਣੇ ਬਣਾਉਂਦਾ ਸੀ।' ਮੈਂ ਛੇਤੀ ਨਾਲ ਉਥੋਂ ਮੁੜ ਪਿਆ, ਤੇ ਬਾਹਰ ਆ ਗਿਆ; ਕਿਉਂਕਿ ਮੈਂ ਨਹੀਂ ਸਾਂ ਚਾਹੁੰਦਾ ਜੋ ਉਹ ਗੱਭਰੂ ਮੇਰੀਆਂ ਅੱਖਾਂ ਵਿਚ ਉਤਰ ਰਹੇ ਅੱਥਰੂ ਵੇਖ ਲਵੇ।

# ਗੁਰੂ ਨਾਨਕ ਦੇਵ ਦਾ ਦੇਸ਼-ਪਿਆਰ

ਗੁਰੂ ਨਾਨਕ ਸਾਹਿਬ ਦੇ ਦਿਲ ਵਿਚ ਜਿਥੇ ਸਾਰੇ ਸੰਸਾਰ ਲਈ ਪ੍ਰੇਮ ਸੀ, ਉਥੇ ਆਪਣੇ ਵਤਨ ਲਈ, ਵੀ ਖਾਸ ਲਗਨ ਸੀ। ਤੁਖਾਰੀ ਛੰਦ ਮਹਲਾ ੧ ਤੋਂ ਮਾਲੂਮ ਹੁੰਦਾ ਹੈ ਕਿ ਜਦ ਗੁਰੂ ਜੀ ਜੋਤੀ ਜੋਤਿ ਸਮਾਉਣ ਲਗੇ ਤਾਂ ਇਕ ਪਾਸੇ ਖੁਸ਼ੀ ਸੀ ਕਿ ਆਪਣੇ ਵਾਹਿਗੁਰੂ ਦੇ ਪਾਸ ਜਾਣ ਲੱਗਾ ਹਾਂ, ਪਰ ਦੂਜੇ ਪਾਸੇ ਆਪਣੇ ਸੋਹਣੇ ਦੇਸ਼ ਤੋਂ ਵਿਛੜਨ ਦਾ ਭੀ ਖਿਆਲ ਸੀ। ਭਾਵੇਂ ਗੁਰੂ ਜੀ ਆਪਣੀਆਂ ਅੱਖਾਂ ਕਰਤਾਰਪੁਰ ਵਿਚ ਮੀਟਦੇ ਹਨ, ਪਰ ਜਿਹੜੇ ਨਜ਼ਾਰੇ ਅੱਖਾਂ ਅੱਗੇ ਲਿਆਉਂਦੇ ਹਨ, ਉਹ ਨਨਕਾਣੇ ਸਾਹਿਬ ਦੇ ਹਨ, ਜਿਥੇ ਬਚਪਨ ਗੁਜ਼ਾਰਿਆ ਸੀ, ਅਤੇ ਜਿਥੇ ਪਸ਼ੂ ਚਾਰਦਿਆਂ ਕੜਕਦੀ ਦੁਪਹਿਰ ਵੇਲੇ ਕਿਧਰੇ ਲੰਮੇ ਪਿਆਂ-ਪਿਆਂ ਬੀਂਡਾ ਬੋਲਦਾ ਸੁਣਿਆ ਸੀ ('ਟੀਡੁ ਲਵ ਮੰਝਿ ਬਾਰ)।' ਅੱਧੀ ਸਦੀ ਮਗਰੋਂ ਚੇਤੇ ਆਉਂਦਾ ਹੈ ਕਿ ਮੇਰੀ ਜਨਮ-ਭੂਮੀ 'ਬਾਰ' ਵਿਚ ਵਣ ਦਾ ਰੁੱਖ ਫੁੱਲਿਆ ਹੋਣਾ ਹੈ ('ਬਨ ਫੂਲੇ ਮੰਝ ਬਾਰਿ') ਜਾਂ ਹੁਣ ਉਥੇ ਲੰਮੇ-ਲੰਮੇ ਘਾਹ ਨੇ ਬੂੰਬਲ ਕੱਢੇ ਹੋਣੇ ਨੇ ('ਕੁਕਹ ਕਾਹ ਸਿ ਫੁਲੇ') ਇਹੋ ਜਿਹੇ ਹੋਰ ਕਈਆਂ ਸ਼ਬਦਾਂ ਤੋਂ ਸਿਧ ਹੁੰਦਾ ਹੈ ਕਿ ਜਿਹੜਾ ਗੁਰੂ ਨਾਨਕ ਸਾਰੇ ਜਹਾਨ ਦਾ ਸੀ, ਉਹ ਪੰਜਾਬ ਦਾ ਪੰਜਾਬੀ ਅਤੇ ਉਸ ਦੇ ਇਕ ਖ਼ਾਸ ਇਲਾਕੇ ਬਾਰ ਦਾ ਵਸਨੀਕ ਭੀ ਸੀ, ਜਿਥੇ ਕਣਕ, ਕਪਾਹ ਤੇ ਗੰਨੇ ਬਹੁਤ ਹੁੰਦੇ ਹਨ।

ਵਤਨ-ਪਿਆਰ ਦੀ ਤਹਿ ਵਿਚ ਘਰ ਦਾ ਪਿਆਰ ਹੁੰਦਾ ਹੈ, ਜਿਸ ਨਾਲ ਘਰ ਦੇ ਲੋਕ, ਘਰੋਗੀ ਵਸਤਾਂ ਅਤੇ ਘਰੋਗੀ ਰਹਿਣੀ ਬਹਿਣੀ ਚੰਗੀ ਲੱਗਦੀ ਹੈ। ਇਸ ਸੰਬੰਧ ਵਿਚ ਘਰੋਗੀ ਬੋਲੀ ਤੇ ਸੰਜਮ ਦਾ ਪਿਆਰ ਬਹੁਤ ਪ੍ਰਬਲ ਹੁੰਦਾ ਹੈ, ਕਿਉਂਕਿ ਇਨ੍ਹਾਂ ਦੇ ਹੀ ਆਸਰੇ ਸਾਡਾ ਕੌਮੀ ਆਚਰਣ ਬਣਦਾ ਅਤੇ ਕੌਮੀ ਸਭਿਅਤਾ ਉਸਰਦੀ ਅਤੇ ਨਿਸਰਦੀ ਹੈ। ਕੌਮੀ ਜਾਗਰਤ ਆ ਜਾਣ ਨਾਲ ਕਿਸੇ ਬਿਗਾਨੀ ਕੌਮ ਦੇ ਪਾਏ ਹੋਏ ਜੁੱਲ੍ਹੇ ਝਲਣ ਨਹੀਂ ਹੁੰਦੇ। ਗੁਰੂ ਨਾਨਕ ਸਾਹਿਬ ਧਨਾਸਰੀ ਰਾਗ

ਵਿਚ ਆਪਣੇ ਦੇਸ਼-ਵਾਸੀਆਂ ਦੀ ਗੁਲਾਮੀ ਵਲ ਇਸ਼ਾਰਾ ਕਰ ਕੇ ਉਨ੍ਹਾਂ ਨੂੰ ਆਪਣਾ ਕੌਮੀ ਫਰਜ਼ ਪਛਾਣਨ ਲਈ ਵੰਗਾਰਦੇ ਹਨ । ਉਹ ਕਹਿੰਦੇ ਹਨ :—

ਖਤ੍ਰੀਆ ਤੇ ਧਰਮ ਛੋਡਿਆ ਮਲੇਛ ਭਾਖਿਆ ਗਹੀ ॥
ਸ੍ਰਿਸਟਿ ਸਭ ਇਕ-ਵਰਨ ਹੋਈ ਧਰਮ ਕੀ ਗਤਿ ਰਹੀ ॥

ਗੁਰੂ ਜੀ ਕਿਸੇ ਬੋਲੀ ਦੇ ਵਿਰੁੱਧ ਨਹੀਂ ਸਨ । ਉਹ ਆਪ ਫ਼ਾਰਸੀ ਵਰਤਦੇ ਸਨ । ਪਰ ਉਹ ਦੇਸ਼ ਦੀ ਰੱਖਿਆ ਕਰਨ ਵਾਲੇ ਛਤਰੀਆਂ ਦੀ ਉਸ ਗ਼ੁਲਾਮੀ ਵਲ ਧਿਆਨ ਦੁਵਾਉਂਦੇ ਹਨ ਕਿ ਇਕ ਪਾਸੇ ਮੁਸਲਮਾਨਾਂ ਨੂੰ 'ਮਲੇਛ' ਆਖਣ ਤੇ ਦੂਜੇ ਪਾਸੇ ਆਪਣੀ ਬੋਲੀ ਛੱਡ ਕੇ ਉਨ੍ਹਾਂ ਦੀ ਬੋਲੀ ਆਪਣੀ ਬਣਾ ਲੈਣੀ ।

ਛਤਰੀ ਲੋਕਾਂ ਦਾ ਫ਼ਰਜ਼ ਸੀ ਕਿ ਆਪਣੇ ਦੇਸ਼ ਦੇ ਧਰਮ ਕਰਮ ਤੇ ਬੋਲੀ ਨੂੰ ਬਚਾ ਕੇ ਰਖਦੇ, ਪਰ ਉਹਨਾਂ ਦੀ ਅਣਗਹਿਲੀ ਕਰਕੇ ਆਮ ਜਨਤਾ ਇਕੋ ਮੁਸਲ-ਮਾਨੀ ਅਸਰ ਹੇਠਾਂ ਆ ਰਹੀ ਸੀ । ਇਹ ਗ਼ੁਲਾਮੀ ਵਾਲੀ ਏਕਤਾ ਸੀ । ਇਸ ਵਿਚ ਧਰਮ ਦੀ ਉੱਨਤੀ ਨਹੀਂ ਸੀ ਹੋ ਸਕਦੀ । ਇਸੇ ਤਰ੍ਹਾਂ ਆਸਾ ਦੀ ਵਾਰ ਵਿਚ ਫੁਰਮਾਉਂਦੇ ਹਨ :

"ਅੰਤਰਿ ਪੂਜਾ ਪੜਹਿ ਕਤੇਬਾ ਸੰਜਮੁ ਤੁਰਕਾ ਭਾਈ ॥"

ਭਾਵ ਘਰਾਂ ਅਦਰ ਬਹਿ ਕੇ ਤਾਂ ਹਿੰਦੂਆਂ ਵਾਲੀ ਪਾਠ ਪੂਜਾ ਕਰਦੇ ਹਨ, ਪਰ ਬਾਹਰ ਦਿਖਾਵੇ ਲਈ ਮੁਸਲਮਾਨਾਂ ਦੀਆਂ ਕਿਤਾਬਾਂ ਪੜ੍ਹਦੇ ਅਤੇ ਉਨ੍ਹਾਂ ਦੀ ਰਹਿਣੀ ਬਹਿਣੀ ਬਣਾ ਦਸਦੇ ਹਨ । ਜਿਵੇਂ ਅੱਜ ਕੱਲ੍ਹ ਸਰਕਾਰ ਦਰਬਾਰ ਵਿਚ ਮਨਜ਼ੂਰ ਹੋਣ ਲਈ ਲੋਕੀਂ ਕੋਟ ਪਤਲੂਨ ਕੱਸ ਲੈਂਦੇ ਹਨ, ਤਿਵੇਂ ਓਨ੍ਹੀਂ ਦਿਨੀਂ ਕੌਮ ਗ਼ੈਰਤ ਤੋਂ ਹੀਣੇ ਲੋਕ ਪ੍ਰਧਾਨ ਕੌਮਾਂ ਨੂੰ ਪ੍ਰਸੰਨ ਕਰਨ ਲਈ ਨੀਲੇ ਕਪੜੇ ਪਾਣ ਦਾ ਫ਼ੈਸ਼ਨ ਧਾਰ ਲੈਂਦੇ ਸਨ : "ਨੀਲ ਵਸਤ੍ਰ ਪਹਿਰਿ ਹੋਵਹਿ ਪਰਵਾਣ ।"

ਇਕ ਪਾਸੇ ਮੁਸਲਮਾਨਾਂ ਨਾਲ ਧਾਰਮਕ ਤੌਰ ਤੇ ਨਫ਼ਰਤ ਕਰਨੀ ਅਤੇ ਉਨਾਂ ਨੂੰ ਚੌਕੇ ਦੇ ਨੇੜੇ ਨਾ ਢੁਕਣ ਦੇਣਾ ਅਤੇ ਦੂਜੇ ਪਾਸੇ ਆਪਣੇ ਹੱਥੀਂ ਮਾਸ ਬਣਾਨ ਦੀ ਥਾਂ ਮੁਸਲਮਾਨੀ ਕਲਮਾ ਪੜ੍ਹ ਕੇ ਹਲਾਲ ਕੀਤਾ ਹੋਇਆ ਬਕਰਾ ਖਾਣਾ ।

"ਅਭਾਖਿਆ ਕਾ ਕੁਠਾ ਬਕਰਾ ਖਾਣਾ ॥
ਚਉਕੇ ਉਪਰਿ ਕਿਸੈ ਨਾ ਜਾਣਾ ॥
ਦੇ ਕੇ ਚਉਕਾ ਕਢੀ ਕਾਰ ॥

ਉਪਰਿ ਆਇ ਬੈਠੇ ਕੂੜਿਆਰ ॥
ਮਤੁ ਭਿਟੈ ਵੇ ਮਤੁ ਭਿਟੈ
ਇਹੁ ਅੰਨੁ ਅਸਾੜਾ ਫਿਟੈ ॥"

ਲੋਕੀਂ ਏਡੇ ਨਿੱਘਰ ਹੋ ਗਏ ਸਨ ਕਿ (ਅੱਜ ਕੱਲ੍ਹ ਦੇ ਮਿਸਟਰ ਅਖਵਾਣ ਵਾਲੇ ਬਾਬੂਆਂ ਦੀ ਤਰ੍ਹਾਂ) ਆਪਣੇ ਆਪ ਨੂੰ ਮੀਆਂ ਅਖਵਾਣ ਵਿਚ ਰਾਜ਼ੀ ਹੁੰਦੇ ਸਨ ਅਤੇ ਆਪਣੀ ਦੇਸ਼-ਭਾਸ਼ਾ ਛੱਡ ਕੇ ਦੂਜਿਆਂ ਦੀ ਬੋਲੀ ਭਾਵ ਫ਼ਾਰਸੀ ਨੂੰ ਅਪਣਾਉਂਦੇ ਸਨ।

'ਘਰਿ ਘਰਿ ਮੀਆ ਸਭਨਾਂ ਜੀਆਂ ਬੋਲੀ ਅਵਰ ਤੁਮਾਰੀ ॥ (ਬਸੰਤ)

ਗੁਰੂ ਜੀ ਨੂੰ ਆਪਣੇ ਖਿਆਲਾਂ ਦੀ ਤਹਿ ਵਿਚ ਕੌਮੀ ਨਫ਼ਰਤ ਨਹੀਂ ਸਗੋਂ ਕੌਮੀ ਸਭਿਅਤਾ ਦੇ ਬਚਾਣ ਦਾ ਫਿਕਰ ਸੀ। ਉਂਜ ਗੁਰੂ ਜੀ ਦੇ ਦਿਲ ਵਿਚ ਮੁਸਲਮਾਨਾਂ ਲਈ ਚੋਖੀ ਕਦਰ ਸੀ। ਜਦ ਬਾਬਰ ਨੇ ਹਿੰਦ ਉਤੇ ਹਮਲਾ ਕੀਤਾ ਤਾਂ ਕੀ ਮੁਸਲਮਾਨ ਤੇ ਕੀ ਹਿੰਦੂ ਸਾਰੇ ਹਿੰਦ-ਵਾਸੀਆਂ ਦੀ ਬੁਰੀ ਬਾਬ ਹੋਈ। ਗੁਰੂ ਨਾਨਕ ਦੇਵ ਇਕ ਸੱਚੇ ਦੇਸ਼-ਭਗਤ ਵਾਕਰ ਜਿਥੇ ਹਿੰਦੂਆਂ ਦੇ ਦੁਖੜੇ ਬਿਆਨ ਕਰ ਕੇ 'ਖ਼ੂਨ ਕੇ ਸੋਹਲੇ' ਗਾਉਂਦੇ ਹਨ, ਉਥੇ ਮੁਸਲਮਾਨਾਂ ਤੇ ਮੁਸਲਮਾਣੀਆਂ ਦੀ ਦੁਰਗਤੀ ਦਾ ਪਹਿਲਾਂ ਜ਼ਿਕਰ ਕਰਦੇ ਹਨ।

'ਇਕਨਾ ਵਖਤ ਖੁਆਈਅਹਿ ਇਕਨਾ ਪੂਜਾ ਜਾਇ' ॥ (ਆਸਾ)

ਭਾਵ ਮੁਸਲਮਾਨਾ ਨੂੰ ਨਮਾਜ਼ ਨਾ ਪੜ੍ਹਨੀ ਮਿਲੀ ਤੇ ਹਿੰਦੂਆਂ ਦੀ ਪੂਜਾ ਘੁਸ ਗਈ। 'ਥਾਨ ਮੁਕਾਮ ਜਲੇ ਬਿਜ ਮੰਦਰ' (ਆਸਾ)। ਭਾਵ ਮੁਸਲਮਾਨਾਂ ਦੇ ਤਕੀਏ ਤੇ ਟਿਕਾਣੇ ਸਾੜੇ ਗਏ ਤੇ ਹਿੰਦੂਆਂ ਦੇ ਪੱਕੇ ਮੰਦਰ ਸਾੜੇ ਗਏ। 'ਇਕਨਾ ਪੇਰਣ ਸਿਰ-ਖੁਰ ਪਾਟੇ ਇਕਨਾ ਵਾਸ ਮਸਾਣੀ' (ਆਸਾ)। ਭਾਵ ਮੁਸਲਮਾਨੀਆਂ ਦੇ ਬੁਰਕੇ ਸਿਰ ਤੋਂ ਪੈਰ ਤਕ ਫਾੜੇ ਗਏ (ਬੇਪਤੀ ਕੀਤੀ ਗਈ), ਅਤੇ ਹਿੰਦਵਾਣੀਆਂ ਸਿਰੋਂ ਮਾਰੀਆਂ ਗਈਆਂ। 'ਕਾਜ਼ੀਆਂ ਬ੍ਰਾਮਣਾ ਕੀ ਗੱਲ ਥਕੀ ਅਗਦੁ ਪੜੈ ਸੈਤਾਨੁ ਵੇ ਲਾਲੋ। ਮੁਸਲਮਾਣੀਆਂ ਪੜਹਿ-ਕਤੇਬਾ ਕਸਟ ਮਹਿ ਕਰਹਿ ਖ਼ੁਦਾਇ ਵੇ ਲਾਲੋ। ਜਾਤਿ ਸਨਾਤੀ ਹੋਰ ਹਿਦਵਾਣੀਆਂ ਏਹਿ ਭੀ ਲੇਖੇ ਲਾਇ ਵੇ ਲਾਲੋ (ਤਿਲੰਗ)। ਇਨ੍ਹਾਂ ਤੁਕਾਂ ਵਿਚ ਭੀ ਪਹਿਲਾਂ ਮੁਸਲਮਾਨੀਆਂ ਉਤੇ ਹੋਏ ਜ਼ੁਲਮਾਂ ਦਾ ਜ਼ਿਕਰ ਹੈ ਤੇ ਉਪਰੰਤ ਹਿੰਦਵਾਣੀਆਂ ਦਾ। ਇਸ ਤੋਂ ਜ਼ਾਹਿਰ ਹੁੰਦਾ ਹੈ ਕਿ ਗੁਰੂ ਜੀ ਜਿਥੇ

ਹਿੰਦੂਆਂ ਦਾ ਦੁਖ ਮਹਿਸੂਸ ਕਰਦੇ ਸਨ, ਉਥੇ ਮੁਸਲਮਾਨਾਂ ਦਾ ਭੀ ਕਰਦੇ ਸਨ। ਇਹ ਸਾਂਝੀ ਹਮਦਰਦੀ ਹੀ ਸੱਚੀ ਦੇਸ਼-ਭਗਤੀ ਦੀ ਨਿਸ਼ਾਨੀ ਹੈ।

ਸੱਚਾ ਦੇਸ਼-ਭਗਤ ਆਪਣੇ ਦੇਸ਼ ਦੀ ਬੇਪਤੀ ਕਰਨ ਵਾਲੇ ਤੋਂ ਡਰਦਾ ਨਹੀਂ, ਅਤੇ ਨਾ ਹੀ ਉਸ ਦੇ ਸਾਹਮਣੇ ਝੁਕਦਾ ਅਤੇ ਪਿਠ ਪਿਛੇ ਕਾਇਰਾਂ ਵਾਕਰ ਗਾਲ੍ਹਾਂ ਕਢਦਾ ਹੈ। ਗੁਰੂ ਜੀ ਬਾਬਰ-ਵਾਣੀ ਦੇ ਸਮੇਂ ਬਾਬਰ ਦੇ ਸਾਹਮਣੇ ਉਸ ਦੇ ਜਬਰ ਦਾ ਗਿਲਾ ਕਰਦੇ ਹਨ :

'ਜਿਨਿ ਉਪਾਈ ਰੰਗਿ ਰਵਾਈ ਬੈਠਾ ਵੇਖੈ ਵਖਿ ਇਕੇਲਾ ॥
ਸਚਾ ਸੋ ਸਾਹਿਬੁ ਸਚੁ ਤਪਾਵਸੁ ਸਚੜਾ ਨਿਆਉ ਕਰੇਗੁ ਮਸੋਲਾ ॥
ਕਾਇਆ ਕਪੜੁ ਟੁਕੁ ਟੁਕੁ ਹੋਸੀ ਹਿੰਦੁਸਤਾਨੁ ਸਮਾਲਸੀ ਬੋਲਾ ॥
ਆਵਨਿ ਅਠਤਰੈ ਜਾਨਿ ਸਤਾਨਵੈ ਹੋਰ ਵੀ ਉਠਸੀ ਮਰਦ ਕਾ ਚੇਲਾ ॥
ਸਚ ਕੀ ਬਾਣੀ ਨਾਨਕੁ ਆਖੈ ਸਚੁ ਸੁਣਾਇਸੀ ਸਚ ਕੀ ਬੇਲਾ' ॥ (ਤਿਲੰਗ)

ਉਹ ਕਹਿੰਦੇ ਹਨ ਕਿ ਮੁਗ਼ਲੋ! ਜਿਸ ਵਾਹਿਗੁਰੂ ਨੇ ਇਹ ਲੁਕਾਈ ਵਖੋ-ਵੱਖ ਹਾਲਤਾਂ ਵਿਚ ਲਾ ਰਖੀ ਹੈ, ਉਹ ਆਪ ਬੈਠ ਕੇ ਇਹ ਖੇਡ ਦੇਖ ਰਿਹਾ ਹੈ। ਉਹ ਸੱਚਾ ਮਾਲਕ ਹੈ ਤੇ ਉਸ ਦਾ ਫੈਸਲਾ ਸੱਚਾ ਹੁੰਦਾ ਹੈ। ਇਸ ਲਈ ਉਹ ਸੱਚੇ ਨਿਆਂ ਵਾਲਾ ਹੁਕਮ ਕਰੇਗਾ। ਤੁਹਾਡੇ ਸਰੀਰ ਕਪੜੇ ਵਾਂਗੂ ਲੀਰਾਂ ਲੀਰਾਂ ਕੀਤੇ ਜਾਣਗੇ ਅਤੇ ਹਿੰਦੁਸਤਾਨ ਮੇਰੇ ਇਸ ਅਗੰਮੀ ਵਾਕ ਨੂੰ ਯਾਦ ਕਰੇਗਾ। ਮੁਗ਼ਲ ਸੰਮਤ ੧੫੭੮ ਵਿਚ ਆਉਂਦੇ ਹਨ ਅਤੇ ੧੫੯੭ ਵਿਚ ਚਲੇ ਜਾਣਗੇ, ਜਦ ਸ਼ੇਰ ਸ਼ਾਹ ਸੂਰੀ ਵਰਗਾ ਬਹਾਦਰ ਆਦਮੀ, ਦੇਸ਼ ਵਿਚ ਆ ਧਮਕੇਗਾ। ਮੈਂ ਸੱਚੀ ਗੱਲ ਆਖ ਰਿਹਾ ਹਾਂ ਅਤੇ ਸੱਚ ਜ਼ਰੂਰ ਆਖਾਂਗਾ, ਕਿਉਂਕਿ ਸੱਚ ਸੁਨਾਉਣ ਦਾ ਇਹੋ ਵੇਲਾ ਹੈ। (ਪਿਛੋਂ ਜਦ ਬਾਬਰ ਚਲਾ ਗਿਆ ਤਾਂ ਇਹ ਗੱਲਾਂ ਕਹਿਣ ਦਾ ਕੀ ਲਾਭ ਹੋਵੇਗਾ ?)

ਸੱਚਾ ਦੇਸ਼-ਭਗਤ ਜਿਥੇ ਦੇਸ਼ ਦੇ ਵੈਰੀ ਨੂੰ ਸੱਚ ਆਖਣ ਵਿਚ ਦਲੇਰੀ ਕਰਦਾ ਹੈ, ਉਥੇ ਆਪਣੇ ਦੇਸ਼ ਵਾਸੀਆਂ ਦੀਆਂ ਭੁਲਾਂ ਜਾਂ ਕਮਜ਼ੋਰੀਆਂ ਦੱਸਣ ਤੋਂ ਭੀ ਨਹੀਂ ਝਿਜਕਦਾ। ਜਦ ਭਾਈ ਮਰਦਾਨੇ ਮੁਗ਼ਲਾਂ ਦੇ ਹਥੋਂ ਹਿੰਦੁਸਤਾਨੀਆਂ ਨੂੰ ਹਾਰ ਖਾਂਦਿਆਂ ਦੇਖਿਆ ਤਾਂ ਪੁੱਛਣ ਲੱਗਾ, "ਗੁਰੂ ਜੀ! ਸਾਡੇ ਦੇਸ਼ਵਾਸੀ ਇਤਨੀ ਗਿਣਤੀ ਦੇ ਹੁੰਦਿਆਂ ਕਿਉਂ ਹਾਰ ਗਏ ?" ਇਹ ਸਵਾਲ ਸਾਡੇ ਇਤਿਹਾਸ ਵਿਚ ਕਈ ਵੇਰ ਪੁਛਿਆ ਗਿਆ ਅਤੇ ਪੁਛਿਆ ਜਾਏਗਾ, ਪਰ ਇਸ ਦਾ ਉੱਤਰ ਵੱਖੋ-

ਵੱਖ ਲੋਕ ਕਈ ਤਰੀਕਿਆਂ ਨਾਲ ਦਿੰਦੇ ਹਨ । ਕਈ ਕਹਿੰਦੇ ਹਨ ਕਿ ਹਿੰਦਵਾਸੀ ਨੇਕ ਸਨ, ਪਵਿੱਤਰ ਸਨ, ਪਰ ਜਥੇਬੰਦ ਨਹੀਂ ਸਨ, ਇਸ ਲਈ ਹਾਰ ਗਏ । (ਦੇਖੋ ਭਾਈ ਪਰਮਾਨੰਦ ਜੀ ਲਿਖਿਆ ਪੰਜਾਬ ਦਾ ਇਤਿਹਾਸ ।) ਪਰ ਗੁਰੂ ਨਾਨਕ ਦੇਵ ਜੀ, ਜੋ ਸਾਕੇ ਦੇ ਸਮਕਾਲੀ ਸਨ ਅਤੇ ਸਾਡੀ ਕਮਜ਼ੋਰੀ ਨੂੰ ਸਾਹਮਣੇ ਦੇਖ ਰਹੇ ਸਨ, ਇਉਂ ਫੁਰਮਾਉਂਦੇ ਹਨ :

'ਜਿਸ ਨੋ ਆਪਿ ਖੁਆਏ ਕਰਤਾ ਖੁਸਿ ਲਏ ਚੰਗਿਆਈ' ॥ (ਆਸਾ)

ਜਿਸ ਨੂੰ ਹਰੀ ਨੇ ਆਪ ਭੁਲਾਣਾ ਹੁੰਦਾ ਹੈ, ਉਸ ਤੋਂ ਨੇਕੀ ਖੋਹ ਲੈਂਦਾ ਹੈ । ਹਿੰਦ-ਵਾਸੀਆਂ ਦੇ ਹਾਰ ਜਾਣ ਦਾ ਕਾਰਨ ਇਹ ਸੀ ਕਿ ਉਨ੍ਹਾਂ ਵਿਚੋਂ ਨੇਕੀ ਨਿਕਲ ਗਈ ਸੀ । ਇਨ੍ਹਾ ਲੋਕਾਂ ਵਿਚੋਂ ਸਾਦਗੀ, ਪਵਿੱਤਰਤਾ, ਕੁਰਬਾਨੀ ਅਤੇ ਹਰੀ ਦਾ ਪਿਆਰ ਗੁੰਮ ਹੋ ਚੁਕਾ ਸੀ । ਜਿਹੜੇ ਲੋਧੀ ਸੁਲਤਾਨ ਇਨ੍ਹਾਂ ਉਤੇ ਰਾਜ ਕਰ ਰਹੇ ਸਨ ਉਹਨਾਂ ਨੂੰ ਹਿੰਦ ਜਹੇ ਕੀਮਤੀ ਰਤਨ ਦੀ ਕਦਰ ਨਹੀਂ ਸੀ :

'ਰਤਨ ਵਿਗਾੜਿ ਵਿਗੋਏ ਕੁਤੀਂ ਮੁਇਆਂ ਸਾਰ ਨ ਕਾਈ' ॥ (ਆਸਾ)

ਇਨ੍ਹਾਂ ਕਮੀਨੇ ਪਠਾਣਾਂ ਨੇ ਹੀਰੇ ਵਰਗੇ ਹਿੰਦੁਸਤਾਨ ਨੂੰ ਘਟੇ ਕੌਡੀ ਰੋਲ ਦਿੱਤਾ ਹੈ (ਭਾਵ ਮੁਗ਼ਲਾਂ ਦੇ ਸਾਹਮਣੇ ਬਹੁਤ ਅੜੇ ਨਹੀਂ ਤੇ ਇਹੋ ਜਿਹਾ ਕੀਮਤੀ ਦੇਸ਼ ਐਵੇਂ ਹੀ ਖੁਹਾ ਬੈਠੇ ਹਨ) ਮਰਨ ਪਿਛੋਂ ਇਨ੍ਹਾਂ ਨੂੰ ਕਿਸੇ ਚੇਤੇ ਵੀ ਨਹੀਂ ਕਰਨਾ ।

ਜਿਥੇ ਰਾਜਿਆਂ ਨੂੰ 'ਕਲ ਕਾਤੀ ਰਾਜੇ ਕਾਸਾਈ' ਜਾਂ 'ਲਬੁ ਪਾਪੁ ਦੁਇ ਰਾਜਾ ਮਹਿਤਾ' ਕਿਹਾ ਹੈ, ਉਥੇ ਪਰਜਾ ਦੀ ਕਮਜ਼ੋਰੀ ਦੱਸਣ ਵਿਚ ਸੰਕੋਚ ਨਹੀਂ ਕੀਤਾ । 'ਅੰਧੀ ਰਈਯਤਿ ਗਿਆਨ ਵਿਹੂਣੀ ਭਾਹਿ ਭਰਿਹਿ ਮੁਰਦਾਰ' (ਵਾਰ ਆਸਾ) । ਭਾਵ ਰਈਯਤਿ ਬੇਸਮਝੀ ਦੇ ਕਾਰਨ ਅੰਨ੍ਹੀ ਹੋਈ ਪਈ ਹੈ ਅਤੇ ਮੁਰਦਿਆਂ ਵਾਂਗਰ ਵਫ਼ਾਦਾਰੀ ਦਾ ਦਮ ਭਰਦੀ ਹੈ ! ਇਹੋ ਜਹੀ ਕਮਜ਼ੋਰੀ ਕਰਕੇ ਸਾਰੀ ਦੀ ਸਾਰੀ ਕੌਮ ਪ੍ਰਦੇਸੀ ਹਮਲਾਵਰਾਂ ਦੇ ਅੱਗੇ ਭੇਡਾਂ ਬਕਰੀਆਂ ਵਾਕਰ ਹੀਣੀ ਹੋ ਕੇ ਚਲਦੀ ਹੈ । ਜਦ ਮੁਗ਼ਲਾਂ ਨੇ ਸ਼ੇਰਾਂ ਵਾਕਰ ਇਨ੍ਹਾਂ ਉਤੇ ਹੱਲਾ ਬੋਲ ਦਿੱਤਾ ਤਾਂ ਹਿੰਦ-ਵਾਸੀ ਗਾਈਆਂ ਵਾਕਰ ਕੱਟੇ ਵੱਢੇ ਗਏ । ਗੁਰੂ ਜੀ ਉਸ ਨਜ਼ਾਰੇ ਨੂੰ ਅੱਖੀਂ ਵੇਖ ਕੇ ਵਿਸਮਾਦ ਵਿਚ ਆਏ ਅਤੇ ਇਹ ਸ਼ਬਦ ਉਚਾਰਿਆ :

ਖੁਰਾਸਾਨ ਖਸਮਾਨਾ ਕੀਆ ਹਿੰਦੁਸਤਾਨੁ ਡਰਾਇਆ ॥
ਆਪੈ ਦੋਸੁ ਨ ਦੇਈ ਕਰਤਾ ਜਮੁ ਕਰਿ ਮੁਗਲੁ ਚੜਾਇਆ ॥
ਏਤੀ ਮਾਰ ਪਈ ਕੁਰਲਾਣੇ ਤੈਂ ਕੀ ਦਰਦੁ ਨ ਆਇਆ ॥੧॥

ਕਰਤਾ ਤੂੰ ਸਭਨਾ ਕਾ ਸੋਈ ॥
ਜੇ ਸਕਤਾ ਸਕਤੇ ਕਉ ਮਾਰੇ ਤਾਂ ਮਨਿ ਰੋਸੁ ਨਾ ਹੋਈ ॥੧॥ ਰਹਾਉ ॥
ਸਕਤਾ ਸੀਹੁ ਮਾਰੇ ਪੈ ਵਗੈ ਖਸਮੈ ਸਾ ਪੁਰਸਾਈ' ॥ (ਆਸਾ)

ਇਸ ਸ਼ਬਦ ਵਿਚ ਰੱਬ ਕੋਲੋਂ ਪੁਛਦੇ ਹਨ ਕਿ ਹੇ ਸਭ ਦੇ ਸਾਂਝੇ ਕਰਤਾਰ ! ਕੀ ਐਸੀ ਮਾਰ ਪੈਂਦੀ ਵੇਖ ਕੇ ਤੈਨੂੰ ਦਰਦ ਨਾ ਆਇਆ ? ਤੂੰ ਨਿਰਾ ਮੁਗ਼ਲਾਂ ਦਾ ਨਹੀਂ ਸੈਂ । ਤੂੰ ਤਾਂ ਹਿੰਦ-ਵਾਸੀਆਂ ਦਾ ਭੀ ਸੈਂ । ਫੇਰ ਕਿਉਂ ਐਸਾ ਹੋਣ ਦਿਤੋਈ ? ਜੇਕਰ ਇਕ ਬਲਵਾਨ ਕਿਸੇ ਦੂਜੇ ਬਲਵਾਨ ਨੂੰ ਮਾਰੇ ਤਾਂ ਦਿਲ ਵਿਚ ਰੋਸ ਨਹੀਂ ਹੁੰਦਾ, ਭਾਵ ਜਿਸ ਤਰ੍ਹਾਂ ਬਾਬਰ ਦੇ ਆਦਮੀ ਤਾਕਤਵਰ ਸਨ, ਜੇ ਸਾਡੇ ਪਾਸੇ ਦੇ ਲੋਕ ਭੀ ਤਾਕਤ ਰੱਖਦੇ ਤੇ ਚੰਗੀ ਤਰ੍ਹਾਂ ਲੜ ਕੇ ਹਾਰ ਖਾ ਜਾਂਦੇ, ਤਾਂ ਮੈਨੂੰ ਅਫ਼ਸੋਸ ਨਾ ਹੁੰਦਾ, ਪਰ ਜੇ ਇਕ ਪਾਸੇ ਸ਼ੇਰ ਹੋਵੇ ਤੇ ਦੂਜੇ ਪਾਸੇ ਨਿਰਾ ਗਾਈਆਂ ਦਾ ਵੱਗ ਹੋਵੇ ਤਾਂ ਭੇੜ ਇਕ-ਪਾਸਾ ਜਿਹਾ ਹੁੰਦਾ ਹੈ । ਐਸੀ ਹਾਲਤ ਵਿਚ ਉਸ ਵੱਗ ਦੇ ਮਾਲਕ ਤੋਂ ਪੁਛ ਹੁੰਦੀ ਹੈ ਕਿ ਤੂੰ ਕਿਥੇ ਸੈਂ ?

ਉਸ ਸਮੇਂ ਹਿੰਦ-ਵਾਸੀ ਇਕ ਗਾਈਆਂ ਦੇ ਵੱਗ ਵਾਂਗ ਨਿਹੱਥੇ ਤੇ ਨਿਤਾਣੇ ਸਨ ਅਤੇ ਉਨ੍ਹਾਂ ਉਤੇ ਕੋਈ ਨਾ ਕੋਈ ਸ਼ੇਰ ਆ ਹੀ ਪੈਂਦਾ ਸੀ । ਇਨ੍ਹਾਂ ਦੇ ਬਚਾਉ ਲਈ ਕਈਆਂ ਨੇ ਜਤਨ ਕੀਤੇ । ਕਈਆਂ ਨੇ ਜਿਨ੍ਹਾਂ ਦੇ ਦੁਆਲੇ ਜਾਤਿ-ਪਾਤਿ ਤੇ ਛੂਤ-ਛਾਤ ਦੀਆਂ ਕੰਧਾਂ ਉਸਾਰ ਕੇ ਵਰਣ-ਆਸ਼ਰਮ ਦੀ ਕਿਲ੍ਹਾ-ਬੰਦੀ ਕਰ ਦਿੱਤੀ । ਇਹ ਸਾਧਨ ਮੁਦਤਾਂ ਤੀਕ ਹਿੰਦੀਆਂ ਨੂੰ ਖੇਰੂ ਖੇਰੂ ਹੋਣ ਤੋਂ ਬਚਾਂਦੇ ਰਹੇ ਪਰ ਜਦ ਭੀ ਇਹ ਗਊਆਂ ਕਿਲ੍ਹੇ ਤੋਂ ਬਾਹਰ ਮਦਾਨ ਵਿਚ ਆਉਂਦੀਆਂ ਕਿਸੇ ਸ਼ੇਰ ਦਾ ਸ਼ਿਕਾਰ ਬਣ ਜਾਂਦੀਆਂ । ਗੁਰੂ ਨਾਨਕ ਦੇਵ ਨੇ ਇਕ ਸੱਚੇ ਆਗੂ ਦੀ ਤਰ੍ਹਾਂ ਇਨ੍ਹਾਂ ਦੇ ਬਚਾਉ ਦਾ ਪੱਕਾ ਤੇ ਸਦੀਵੀ ਪ੍ਰਬੰਧ ਦਾ ਖਿਆਲ ਕੀਤਾ, ਤਾਕਿ ਅੰਦਰਲੀਆਂ ਬਾਹਰਲੀਆਂ ਕਮਜ਼ੋਰੀਆਂ ਦੂਰ ਹੋ ਕੇ ਹਰ ਤਰ੍ਹਾਂ ਦੇ ਹਮਲਾ-ਆਵਰਾਂ ਤੋਂ ਬਚ ਕੇ ਰਹਿਣ ਦਾ ਹੀਆ ਕਰ ਸਕਣ । ਸਿੱਖ ਇਤਿਹਾਸ ਵਿਚ ਇਸੇ ਕੌਮੀ ਉਸਾਰੀ ਦਾ ਜ਼ਿਕਰ ਹੈ ਕਿ ਕਿਸ ਤਰ੍ਹਾਂ ਨਿਮਾਣੀਆਂ ਗਊਆਂ ਵਰਗੇ ਲੋਕ ਓਪਰੋਥਲੀ ਦੇਸ਼ ਦੇ ਆਗੂਆਂ ਦੀ ਅਮਲੀ ਸਿੱਖਿਆ ਤੇ ਅਗਵਾਈ ਨਾਲ ਤਕੜੇ ਹੁੰਦੇ ਗਏ ਅਤੇ ਅੰਤ ਸੰਨ ੧੬੯੯ ਵਿਚ ਗੁਰੂ ਗੋਬਿੰਦ ਸਿੰਘ ਜੀ ਦੇ ਹਥੋਂ ਅੰਮ੍ਰਿਤ ਛਕ ਕੇ 'ਸਿੰਘ' ਸਜ ਗਏ, ਭਾਵ ਗਊਆਂ ਸ਼ੇਰ ਬਣ ਗਈਆਂ ।

---

# ਸ਼ਹਿਰ ਦਾ ਨਲਕਾ

(ਨਲਕੇ ਦੀ ਆਪਣੀ ਜ਼ਬਾਨੀ)

ਮਿਤਰੋ ! ਸ਼ਹਿਰ ਦੇ ਵਿਚਕਾਰ ਇਕ ਕੰਧ ਦੀ ਛਾਵੇਂ ਮੇਰਾ ਟਿਕਾਣਾ ਹੈ । ਮੈਂ ਸ਼ਹਿਰ ਵਿਚਾਲੇ ਹੁੰਦਾ ਹੋਇਆ ਵੀ ਇਕ ਨੁੱਕਰੇ ਲੱਗਾ ਰਹਿੰਦਾ ਹਾਂ । ਇਕ ਟੰਗ ਦੇ ਭਾਰ ਸੂਰਜ ਚੜ੍ਹਦੇ ਤੋਂ ਸੂਰਜ ਡੁਬਦੇ ਤੀਕ ਅਤੇ ਸੂਰਜ ਡੁੱਬਣ ਤੋਂ ਸੂਰਜ ਚੜ੍ਹਨ ਤੀਕ ਖੜੋਤਾ ਹੋਇਆ ਰਾਹੀਆਂ ਦੀਆਂ ਮੌਜਾਂ ਵੇਖਦਾ ਹਾਂ । ਮੈਂ ਇਕੱਲਾ ਨਹੀਂ । ਇਕੱਲਾ ਤਾਂ ਰੱਬ ਕਰਕੇ ਕੋਈ ਰੁੱਖ ਵੀ ਨਾ ਹੋਵੇ ! ਮੇਰੇ ਨਾਲ ਕਈ ਮੇਰੇ ਦਰਦੀ ਤੇ ਸਹਾਈ ਹਨ । ਕਈ ਬੁਰੇ ਹਾਲ ਤੇ ਬੌਂਕੇ ਦਿਹਾੜਿਆਂ ਵਾਲੇ ਮੇਰੇ ਸਰ੍ਹਾਣੇ ਆ ਕੇ ਸਾਹ ਲੈਂਦੇ ਹਨ । ਕਿਸਮਤ ਦੇ ਧਿਕਾਰੇ ਤੇ ਕਰਮਾਂ ਦੇ ਮਾਰੇ ਮੇਰੇ ਨਾਲ ਮਿਲ ਕੇ ਆਪਣੇ ਦੁਖੀ ਦਿਲ ਦਾ ਭਾਰ ਹੌਲਾ ਕਰਦੇ ਹਨ । ਮੈਂ ਉਨ੍ਹਾਂ ਨੂੰ ਵੀ ਪਨਾਹ ਦੇਣੋਂ ਸੰਕੋਚ ਨਹੀਂ ਕਰਦਾ ।

ਇਥੇ ਹੀ ਬਸ ਨਹੀਂ । ਕਈ ਵੱਡਭਾਗੇ ਲਾਹੌਰ ਦੇ ਸ਼ੁਕੀਨ ਤੇ ਬੋਝੇ ਵਿਚ ਗਾਜਰਾਂ, ਮੇਰੇ ਕੋਲੋਂ ਦੀ ਕਿਸਮਤ ਉਤੇ ਝੂਰਦੇ ਕਰਮਾਂ ਨੂੰ ਕੋਸਦੇ ਲੰਘਦੇ ਹਨ । ਤੁਰੇ ਜਾਂਦੇ ਉਹ ਚੋਰ-ਅੱਖੀਂ ਮੇਰੇ ਲੋਹੇ ਦੇ ਸਰੀਰ, ਪਰ ਪਾਣੀ ਵਰਗੇ ਦਿਲ ਵਾਲੇ ਸ਼ਰੀਰ ਵਲ ਤਕਦੇ ਹਨ । ਉਨ੍ਹਾਂ ਦੀ ਇਹ ਹਾਲਤ ਵੇਖ ਕੇ ਮੇਰੇ ਦਿਲ ਵਿਚ ਤਰਸ ਦਾ ਸੋਮਾ ਫੁਟ ਪੈਂਦਾ ਹੈ । ਮੇਰੀ ਹਮਦਰਦੀ ਦੇ ਹੰਝੂਆਂ ਵੱਲ ਵੇਖ ਕੇ ਉਨ੍ਹਾਂ ਨੂੰ ਮੇਰੇ ਕੋਲ ਆਉਣ ਦਾ ਹੀਆ ਪੈ ਜਾਂਦਾ ਹੈ । ਉਨ੍ਹਾਂ ਵਿਚੋਂ ਕੋਈ ਆਉਂਦਾ ਹੈ ਅਤੇ ਪ੍ਰੇਮ ਪਿਆਲਾ ਪੀ ਘੜੀ ਦੋ ਘੜੀਆਂ ਲਈ ਮੇਰੇ ਪਿਆਰ ਦੇ ਰੰਗ ਵਿਚ ਰੰਗਿਆ ਜਾਂਦਾ ਹੈ । ਫਿਰ ਉਹ ਬੇਹੋਸ਼ ਕਰਨ ਵਾਲੇ ਪਾਣੀ ਤੋਂ (ਜੋ ਔਹ ਸਾਹਮਣੇ ਵਿਕਦਾ ਹੈ) ਤੌਬਾ ਕਰਦਾ ਹੈ ਤੇ ਕੰਨਾਂ ਨੂੰ ਹੱਥ ਲਾਉਂਦਾ ਦੂਰ ਪਰੇ ਚਲਾ ਜਾਂਦਾ ਹੈ । ਹੇ ਫ਼ਰਿਸ਼ਤਿਆਂ ਦੇ ਮੱਥਾ ਟੇਕਣ ਦੀ ਥਾਂ ਇਨਸਾਨ ! ਬਸ ਤੇਰੇ ਵਿਚ ਇਕੋ ਘਾਟਾ ਹੈ

ਤੇ ਉਹ ਹੈ ਇਕਰਾਰ ਤੋੜਨਾ । ਸ੍ਰਿਸ਼ਟੀ ਦੇ ਮੁਢ ਤੋਂ ਹੀ ਤੇਰੇ ਵਡੇਰੇ ਹਜ਼ਰਤ ਆਦਮ ਨੇ ਇਕਰਾਰ ਤੋੜਿਆ ਅਤੇ ਪਰਮਾਤਮਾ ਦੀਆਂ ਦਾਤਾਂ ਨੂੰ ਮਿੱਟੀ ਘੱਟੇ ਰੋਲਿਆ । ਹੇ ਮਨੁੱਖ ! ਜੇ ਤੂੰ ਵਜਾ ਦਾ ਗੁਣ ਕਾਇਮ ਰਖਦੋਂ ਤਾਂ ਤੂੰ ਪੂਰਣ ਹਸਤੀ ਹੋਂਦੋਂ ।

ਆਹ ! ਮੇਰੇ ਉੱਚਾ ਸਿੱਧਾ ਚੱਲਣ ਵਾਲੇ ਦੋਸਤ ! ਹੇ ਦੋ ਅੱਖਾਂ ਵਾਲੇ ਅੰਨ੍ਹੇ ਪੰਧਾਊ ! ਕੀ ਤੂੰ ਏਦਾਂ ਹੀ ਗੁਮਰਾਹੀ ਦਾ ਪੁਜਾਰੀ ਰਹੇਂਗਾ ? ਤੇਰੀਆਂ ਹੋਰ ਭੁੱਲਾਂ ਤੈਨੂੰ ਮੁਬਾਰਕ ! ਜਿਹੜੀਆਂ ਭੁੱਲਾਂ ਤੇਥੋਂ ਅਭੋਲ ਹੀ ਹੋ ਜਾਣ ਉਨ੍ਹਾਂ ਦੀ ਖਿਮਾਂ ਦਾ ਤੂੰ ਹੱਕਦਾਰ ਹੈਂ ਪਰ ਜਿਹੜੀ ਬੇਹੋਸ਼ੀ ਤੂੰ ਆਪ ਖਰੀਦਦਾ ਹੈਂ, ਜਿਹੜੀਆਂ ਭੁੱਲਾਂ ਤੂੰ ਜਾਣ ਬੁਝ ਕੇ ਕਰਦਾ ਹੈਂ, ਅਤੇ ਜੋ ਤੇਰੀ ਇਸ ਦੋ ਘੜੀਆਂ ਦੀ ਖੁਸ਼ੀ ਬਦਲੇ ਸਹੇੜੀਆਂ ਹਈਆਂ ਹਨ, ਯਾਦ ਰੱਖ ਉਹ ਤੈਨੂੰ ਨਰਕਾਂ ਦਾ ਭਾਗੀ ਬਣਾਉਣਗੀਆਂ। ਇਨ੍ਹਾਂ ਹੀ ਭੁੱਲਾਂ ਦੇ ਕਾਰਨ ਤੂੰ ਅੱਗ ਵਿਚ ਸੜੇਂਗਾ ।

ਮੈਨੂੰ ਪਤਾ ਹੈ ਮੇਰਾ ਲੰਮਾ ਚੋੜਾ ਉਪਦੇਸ਼ ਤੈਨੂੰ ਨਹੀਂ ਭਾਉਂਦਾ । ਕੀ ਕਰਾਂ ? ਮਿੱਤਰੋ ! ਇਹ ਗੁਣਗੁਣੇ ਬੜੀ ਵਿਸ ਘੋਲਦੇ ਹੁੰਦੇ ਹਨ । ਮੈਂ ਵੀ ਨੱਕ ਵਿਚ ਬੋਲਦਾ ਹਾਂ ਅਤੇ ਮਿੱਠੇ ਮਿਠੇ ਬਚਨਾਂ ਰਾਹੀਂ ਲੋਕਾਂ ਦੀ ਪਿਆਸ ਮਿਟਾਉਂਦਾ ਹਾਂ ।

ਮੇਰੀਆਂ ਸਿਫ਼ਤਾਂ ਲਈ ਇਕ ਵਡੇ ਦਫਤਰ ਦੀ ਲੋੜ ਹੈ । ਮੈਨੂੰ ਨਿਰਾ-ਪੁਰਾ ਗਾਲੜੀ ਹੀ ਨਾ ਸਮਝਣਾ । ਰਤਾ ਮੇਰੀਆਂ ਖੂਬੀਆਂ ਵੀ ਸੁਣੋ । ਮੇਰੇ ਵਰਗਾ ਹੁਸ਼ਿਆਰ ਚੋਂਕੀਦਾਰ ਜੇ ਦੀਵਾ ਲੈ ਕੇ ਢੂੰਡਣ ਚੜ੍ਹੋ ਤਾਂ ਭੀ ਨਾ ਲਭੇ । ਮੈਂ ਸਭ ਤੋਂ ਵਧੇਰੇ ਲੋਕਾਂ ਦੇ ਕੰਮ ਆਉਣ ਵਾਲਾ ਸੇਵਾਦਾਰ ਜੇ । ਹਰ ਇਕ ਮਹਿਕਮੇ ਦਾ ਸਭ ਤੋਂ ਵੱਡਾ ਸਰਦਾਰ ਹਾਂ । ਸਭ ਨਾਲੋਂ ਵੱਡਾ ਹੁੰਦਿਆਂ ਹੋਇਆਂ ਵੀ ਸਭ ਤੋਂ ਨੀਵਾਂ ਹਾਂ । ਰਾਤ ਦਿਨ ਲੋਕਾਂ ਦੇ ਕੰਮ ਆਉਂਦਾ ਹਾਂ । ਮਜ਼ਹਬੀ ਝਗੜਿਆਂ ਤੋਂ ਦੂਰ ਰਹਿ ਕੇ ਮੈਂ ਹਰ ਇਕ ਦੀ ਸੇਵਾ ਲਈ ਮੱਥੇ ਵੱਟ ਪਾਉਣ ਤੋਂ ਬਿਨਾਂ ਹੀ ਤਿਆਰ ਬਰ-ਤਿਆਰ ਰਹਿੰਦਾ ਹਾਂ ।

ਹਰ ਰੁੱਤ ਵਿਚ ਮੇਰੀ ਦੁਕਾਨ ਖੁਲ੍ਹੀ ਰਹਿੰਦੀ ਹੈ । ਸੌਣਾ ਮੇਰੇ ਲਈ ਸੁਪਨਾ ਹੈ । ਪੁਰਾਣੇ ਸਮੇਂ ਦੇ ਰਿਸ਼ੀਆਂ ਮੁਨੀਆਂ ਵਾਂਗ ਇਕ ਲੱਤ ਦੇ ਭਾਰ ਆਪਣੇ ਕੰਮ ਵਿਚ ਅਥੱਕ ਤੇ ਸੁਚੇਤ ਖੜਾ ਰਹਿੰਦਾ ਹਾਂ । ਦਿਨੇ ਆਪਣੇ ਸਖੀ ਹੱਥਾਂ ਨਾਲ ਅੰਮ੍ਰਿਤ ਦੀ ਦਾਤ ਲੁਟਾਉਂਦਾ ਹਾਂ । ਰਾਤ ਨੂੰ ਭੁਲੇ ਭਟਕਿਆਂ ਲਈ ਰੋ ਰੋ ਕੇ

ਪਰਮਾਤਮਾ ਦੀ ਦਰਗਾਹੇ ਬੇਨਤੀ ਕਰਦਾ ਹਾਂ, "ਹੇ ਸੱਚੇ ਮਾਲਕ ! ਆਪਣੇ ਨਿਤਾਣੇ ਬੰਦੇ ਦੀ ਜਿਸ ਨੂੰ ਤੂੰ ਲੋਕਾਂ ਦੀ ਤੇਹ ਨੂੰ ਕੁਦਰਤੀ ਤਰੀਕੇ ਨਾਲ ਮਿਟਾਉਣ ਲਈ ਇਸ ਸੰਸਾਰ ਤੇ ਭੇਜਿਆ ਹੈ, ਸੁਣ ! ਉਨ੍ਹਾਂ ਨੂੰ ਕੌੜੇ ਪਾਣੀ ਦੇ ਪਿਅ ਲੇ ਭਰ-ਭਰ ਪੀਣ ਤੋਂ ਹਟਾ।"

ਮੈਂ ਇਕ ਹੱਥ ਵਾਲਾ ਹਾਂ, ਪਰ ਮੇਰੀ ਬੇਨਤੀ ਧੁਰ ਦਰਗਾਹ ਅਪੜ ਕੇ ਕਬੂਲ ਪੈ ਜਾਂਦੀ ਹੈ। ਪਰਮਾਤਮਾ ਨੂੰ ਮੇਰੇ ਹੰਝੂ ਦੇਖ ਕੇ ਤਰਸ ਆਉਂਦਾ ਹੈ ਤੇ ਉਹ ਇਸ ਨਿਮਾਣੇ ਦੇ ਕੀਰਨਿਆਂ ਦੀ ਕਦਰ ਕਰਦਾ ਹੈ। ਸ਼ੋਕ ! ਆਦਮੀ ਦੋ ਹੱਥਾਂ ਦਾ ਮਾਲਕ ਹੈ। ਜੇ ਇਹ ਦੋਵੇਂ ਹੱਥ ਜੋੜ ਕੇ ਬੇਨਤੀ ਕਰੇ ਤਾਂ ਕੀ ਉਹ ਕਬੂਲ ਨਾ ਹੋਵੇ ? ਜ਼ਰੂਰ ਹੋਵੇਗੀ, ਪਰ ਉਦੋਂ ਜਦੋਂ ਇਸ ਦੇ ਪੱਲੇ ਵਿਚੋਂ ਸ਼ਰਾਬ ਦੀ ਬੋ ਦੀ ਥਾਂ ਹਲੀਮੀ ਤੇ ਅਧੀਨਗੀ ਦੀ ਖੁਸ਼ਬੋ ਆਏਗੀ। ਉਸ ਵੇਲੇ ਇਸ ਦੀ ਆਤਮਕ ਸ਼ਕਤੀ ਵੇਖ ਕੇ ਸਾਰੀ ਦੁਨੀਆਂ ਦੇ ਗੁਨਾਹ ਇਸ ਤੋਂ ਭਜ ਜਾਣਗੇ। ਇਹ ਤਦ ਹੀ ਹੋ ਸਕਦਾ ਹੈ ਜੇ ਇਹ ਹੋਸ਼ ਦੀ ਦਵਾਈ ਕਰਾਏ। ਮਾਫ਼ ਕਰਨਾ, ਮੈਂ ਫਿਰ ਉਪਦੇਸ਼ ਵਿਚ ਵਹਿ ਤੁਰਿਆ ਹਾਂ। ਇਹ ਮੇਰੇ ਵਸ ਦੀ ਗੱਲ ਨਹੀਂ। ਮੈਨੂੰ ਮਨੁੱਖ ਦੀ ਹਾਲਤ ਉਤੇ ਤਰਸ ਆਉਂਦਾ ਹੈ।

ਪੁਲਸ ਦਾ ਸਿਪਾਹੀ, ਸਫਾਈ ਦਾ ਦਰੋਗਾ, ਨਗਰ ਸਭਾ ਦਾ ਮੈਂਬਰ, ਲੋਕਾਂ ਦੀ ਸਿਹਤ ਦਾ ਰਾਖਾ ਮੈਂ ਹੀ ਹਾਂ। ਜੇ ਕਮੇਟੀ ਦੀ ਚੋਣ ਵਿਚ ਮੇਰਾ ਵੀ ਨਾਂ ਰਦੀ ਦੀ ਟੋਕਰੀ ਵਿਚ ਸੁਟਿਆ ਜਾਏ ਤਾਂ ਇਨਸਾਫ ਕਾਹਦਾ ? ਕਿਉਂਕਿ (ਇਹ ਇਕ ਭੇਦ ਹੈ) ਅਗਲੀ ਚੋਣ ਵਿਚ ਮੈਂ ਵੀ ਉਮੀਦਵਾਰ ਹਾਂ। ਦੂਜੇ ਤੁਰਨ ਫਿਰਨ ਵਾਲੇ ਬੰਦੇ ਤਾਂ ਵੋਟਾਂ ਲਈ ਮਰਦੇ ਫਿਰਦੇ ਹਨ। ਵੋਟਾਂ ਲੈਣ ਲਈ ਸ਼ਰਾਬ ਦੀ ਵਰਤੋਂ ਕਰਦੇ ਹਨ, ਪਰ ਖ਼ਬਰੇ ਉਨ੍ਹਾਂ ਮੇਰੇ ਮਿਠੇ ਪ੍ਰੇਮ ਪਿਆਲੇ ਨੂੰ ਚੱਖਿਆ ਨਹੀਂ। ਮੈਂ ਆਪਣੀ ਜਾਨ, ਆਪਣੀ ਪਿਆਰੀ ਜਾਨ ਵੋਟਰਾਂ ਤੋਂ ਵਾਰਨ ਲਈ ਤਿਆਰ ਹਾਂ। ਮੈਨੂੰ ਆਪਣੇ ਦੁਸ਼ਮਨ ਦੀ ਐਵੇਂ ਕਦਰ ਹੁੰਦਿਆਂ ਵੇਖ ਡਰ ਲਗਦਾ ਹੈ, ਪਰ ਫੇਰ ਭੀ ਹੀਲਾ ਜ਼ਰੂਰੀ ਹੈ।

ਆਹ ਵੇਖ, ਮੇਰਾ ਪ ਣੀ ਕਿੰਨਾ ਠੰਢਾ ਅਤੇ ਚੰਗਾ ਹੈ ! ਅਜੇਹੀ ਧੁੱਪ ਅਤੇ ਗਰਮੀ ਤੋਂ ਲੋਕ ਪਨਾਹ ਚਾਹੁੰਦੇ ਹਨ। ਵੇਖੋ ਲੋਕ ਕੜਾਕੇ ਦੀ ਧੁੱਪ ਤੋਂ ਕਿਸ ਤਰ੍ਹਾਂ ਤੰਗ ਹਨ ! ਔਹ ਵੇਖੋ ਇਕ ਆਦਮੀ ਸਿਰ ਨਿਵਾਈ, ਪਾਟੇ ਕਪੜੇ ਪਾਈ ਮੇਰੀ ਵਲ

ਆ ਰਿਹਾ ਹੈ। ਵੇਖੋ ਜੁੱਤੀ ਦਾ ਤਲਾ ਛੱਪਰ ਨਾਲੋਂ ਵੱਖਰਾ ਹੋ ਰਿਹਾ ਹੈ ! ਕਿੰਨਾ ਘੱਟਾ ਉਸ ਦੀ ਜੁੱਤੀ ਨਾਲ ਉਡ ਰਿਹਾ ਹੈ ! ਉਹ ਕੁਝ ਬੁੜ-ਬੁੜ ਕਰਦਾ ਹੈ। ਖ਼ਬਰੇ ਉਹ ਆਪਣੇ ਸਮੇਂ ਨੂੰ ਕੋਸਦਾ ਹੈ ਜਾਂ ਆਪਣੀ ਕਿਸਮਤ ਉਤੇ ਝੂਰ ਰਿਹਾ ਹੈ। ਕਿੰਨੇ ਆਦਮੀ ਇਸ ਆਦਮੀ ਵਾਂਗ ਨਹੀਂ ਕਰਦੇ ? ਉਹ ਆਪਣੀਆਂ ਬਦ-ਪਰਹੇਜ਼ੀਆਂ ਦੇ ਕਾਰਨ ਆਪਣੇ ਪੈਰੀਂ ਆਪ ਕੁਹਾੜਾ ਮਾਰਦੇ ਹਨ। ਆਪਣੀਆਂ ਕੁਚਾਲਾਂ ਨਾਲ ਆਪਣੇ ਰਾਹ ਵਿਚ ਕੰਡੇ ਬੀਜਦੇ ਹਨ ਅਤੇ ਫ਼ੇਰ ਦੋਸ਼ ਦੂਜਿਆਂ ਦੇ ਸਿਰ ਮੜ੍ਹਦੇ ਤੇ ਪਰਮਾਤਮਾ ਨੂੰ ਭੀ ਭੰਡਣ ਲੱਗ ਪੈਂਦੇ ਹਨ। ਉਹ ਕਈ ਭੁੱਲਾਂ ਕਰਕੇ ਆਪਣੀ ਜੜ੍ਹੀਂ ਆਪ ਤੇਲ ਦੇਂਦੇ ਹਨ। ਉਹ ਆਪਣਾ ਝੁੱਗਾ ਆਪ ਉਜਾੜਦੇ ਹਨ ਤੇ ਫਿਰ ਆਪੇ ਦੋ-ਹੱਥੜਾ ਮਾਰ ਮਾਰ ਪਿਟਦੇ ਹਨ।

ਆ ਮਿੱਤਰਾ ! ਕਚਹਿਰੀਓਂ ਵਿਹਲਾ ਹੋ ਆਇਆ ਏਂ ? ਗਵਾਹ ਚੰਗੇ ਭੁਗਤੇ ? ਖੀਸਾ ਹੌਲਾ ਹੌਲਾ ਕਿਉਂ ਜਾਪਦਾ ਹੈ ? (ਸਬਰ ਕਰ ਗੱਲ ਤਾਂ ਪੁਛਣ ਦਿਹ) ਕੀ ਵੱਡੀ ਦੁਕਾਨ ਬੰਦ ਸੀ ਜੋ ਏਧਰ ਆ ਨਿਕਲਿਓਂ ? ਉਫ ! ਨਿਰਾਸਤਾ ! ਰਕਮ ਵੀ ਭੰਗ ਦੇ ਭਾੜੇ ਗਈ, ਗਵਾਹ ਵੀ ਉਲਟੇ ਲੱਗੇ। ਇਕ ਜ਼ਮੀਨ ਦੇ ਇੰਤਕਾਲ ਨੇ ਤੇਰੀ ਮਹੀਨਿਆਂ ਦੀ ਕਮਾਈ ਰੋੜ੍ਹ ਦਿੱਤੀ ਹੈ ਤੇ ਅਜੇ ਪਤਾ ਨਹੀਂ ਇਹ ਬੋਤਲ ਕੀ ਕੀ ਚੰਨ ਚਾੜ੍ਹੇ। ਕਿੰਨੇ ਆਦਮੀ ਇਸ ਬੋਤਲ ਵਿਚ ਡੁੱਬ ਗਏ। ਕਿੰਨੇ ਇਸ ਅਥਾਹ ਸਾਗਰ ਵਿਚ ਗੋਤਾ ਖਾ ਕੇ ਗਰਕ ਹੋ ਗਏ ! ਕਿੰਨੇ ਇਸ ਘੁੰਮਣ-ਘੇਰੀ ਵਿਚ ਫਸ ਕੇ ਮੁੜ ਪਾਰ ਨਾ ਲਗੇ ! ਇਸ ਦਾ ਜ਼ੁੰਮੇਂਵਾਰ ਕੌਣ ਹੈ ? ਤੂੰ... ਤੂੰ......ਤੂੰ।

ਜਿਸ ਵੇਲੇ ਤੇਰੇ ਬੱਚਿਆਂ ਤੇ ਤੇਰੀ ਵਿਚਾਰੀ ਘਰ ਵਾਲੀ ਦਾ ਮੈਨੂੰ ਚੇਤਾ ਆਉਂਦਾ ਹੈ ਤਾਂ ਮੇਰੀਆਂ ਅੱਖਾਂ ਸਾਉਣ ਭਾਦੋਂ ਦੇ ਬਦਲਾਂ ਵਾਂਗ ਝੜੀਆਂ ਲਾ ਦੇਂਦੀਆਂ ਹਨ। ਜੇ ਤੂੰ ਮੇਰੇ ਅੰਦਰ ਝਾਤੀ ਪਾ ਕੇ ਵੇਖਣ ਦੀ ਹਿੰਮਤ ਰਖਦਾ ਹੈਂ ਤਾਂ ਵੇਖ, ਦਿਲ ਤੋਂ ਅੱਖਾਂ ਤੀਕ ਕਿਸ ਤਰ੍ਹਾਂ ਹੰਝੂਆਂ ਦਾ ਸਾਗਰ ਠਾਠਾਂ ਮਾਰ ਰਿਹਾ ਹੈ !

ਆ ਮਿੱਤਰਾ ! ਆਪਣੀ ਤ੍ਰੇਹ ਨੂੰ ਦੂਰ ਕਰ। ਵੇਖ, ਕਿੰਨਾ ਮਿੱਠਾ ਤੇ ਸਾਫ ਪਾਣੀ ਹੈ। ਇਹਤੋਂ ਚੰਗਾ ਤੂੰ ਅੱਗੇ ਕਿੱਥੇ ਡਿੱਠਾ ? ਜੋੜਾ ਲਾਹ, ਬਾਹਵਾਂ ਉਤਾਂਹ ਟੁੰਗ ਅਤੇ ਮੂੰਹ ਹੱਥ ਧੋ। ਪਾਣੀ ਪੀ ਤੇ ਆਨੰਦ ਮਾਣ। ਵੇਖ ਪਾਣੀ ਪੀਂਦਿਆਂ ਥਕੇਵਾਂ ਕੋਹਾਂ ਦੂਰ ਨਸਦਾ ਹੈ ਕਿ ਨਹੀਂ ? ਹੁਣ ਰਤਾ ਅਰਾਮ ਕਰ ਤੇ ਸ਼ਰਾਬ ਦੇ

ਆਉਗੁਣਾਂ ਦੇ ਟਾਕਰੇ ਉਤੇ ਮੇਰੇ ਗੁਣਾਂ ਨੂੰ ਗਹੁ ਨਾਲ ਵਿਚਾਰ। ਰਤਾ ਇਕ ਪਾਸੇ ਹੋਣ ਦੀ ਖੇਚਲ ਕਰੀਂ, ਵਿਚਾਰੇ ਖੋਤੇ ਨੂੰ ਆਪਣੇ ਦਿਲ ਦੀ ਲਗੀ ਬੁਝਾ ਲੈਣ ਦਿਹ।

ਵੇਖ, ਔਲੂ ਵਿਚ ਪਾਣੀ ਕਿਸ ਤਰ੍ਹਾਂ ਥੱਲੇ ਲਹਿੰਦਾ ਜਾਂਦਾ ਹੈ। ਖੋਤਾ ਚਿਰਾਂ ਦਾ ਤਿਹਾਇਆ ਮਾਲੂਮ ਹੁੰਦਾ ਹੈ। ਹੁਣ ਪਾਣੀ ਪੀ ਕੇ ਮੇਰੀ ਵੱਲ ਤਕਦਾ ਹੈ ਅਤੇ ਪਰਮਾਤਮਾ ਦਾ ਸ਼ੁਕਰ ਕਰਦਾ ਹੈ। ਹਾਂ ਭਾਈ ਤੂੰ ਪਸ਼ੂ ਹੈਂ। ਸ਼ੁਕਰ ਕਰ ਕਿ ਤੂੰ ਬੰਦਾ ਨਹੀਂ। ਆਪਣੇ ਮਾਲਕ ਦਾ ਭਾਰ ਢੋਅ ਕੇ ਕੇਵਲ ਆਪਣੇ ਚਾਰੇ ਅਤੇ ਪਾਣੀ ਉਤੇ ਸਬਰ ਕਰਦਾ ਹੈਂ। ਤੈਨੂੰ ਖੋਤਾ ਕਹਿੰਦਿਆਂ ਮੈਨੂੰ ਤਾਂ ਸ਼ਰਮ ਆਉਂਦੀ ਹੈ। ਹੁਣ ਜਦੋਂ ਪਾਣੀ ਪੀ ਕੇ ਤੂੰ ਸਿਰ ਉੱਚਾ ਕਰਕੇ ਉਸ ਅਰਸ਼ੀ ਪ੍ਰੀਤਮ ਦਾ ਸ਼ੁਕਰ ਕਰਦਾ ਹੈਂ ਅਤੇ ਆਪਣੇ ਮਾਲਕ ਵੱਲ ਪਾਰਖੂ ਸਿਰ ਨਾਲ ਸਿਜਦੇ ਕਰਦਾ ਹੈਂ ਤਾਂ ਮੈਨੂੰ ਦੇਖ ਕੇ ਬੜੀ ਖੁਸ਼ੀ ਹੁੰਦੀ ਹੈ ਕਿ ਇਸ ਸੰਸਾਰ ਵਿਚ ਮੈਨੂੰ ਇਕ ਤਾਂ ਰੱਬ ਨੂੰ ਪਛਾਨਣ ਵਾਲਾ ਲੱਭਾ ਹੈ। ਜਦ ਤੂੰ ਆਪਣੇ ਸਿਆਣੇ ਕੰਨਾਂ ਨੂੰ ਇਧਰ ਉਧਰ ਹਿਲਾਉਂਦਾ ਹੈਂ, ਤਾਂ ਪ੍ਰਤੀਤ ਹੁੰਦਾ ਹੈ ਕਿ ਜਿਵੇਂ ਤੂੰ ਅਕਲ ਦੇ ਦਫ਼ਤਰ ਦੀਆਂ ਫ਼ਾਈਲਾਂ ਫੋਲਦਾ ਮੇਰੇ ਪਾਣੀ, ਮੇਰੇ ਠੰਢੇ ਤੇ ਮਿੱਠੇ ਪਾਣੀ ਦੇ ਗੁਣਾਂ ਉਤੇ ਵਿਚਾਰ ਕਰਦਾ ਹੈਂ। ਉਸ ਵੇਲੇ ਮੈਂ ਖੁਸ਼ੀ ਵਿਚ ਮੌਲਦਾ ਹਾਂ। ਹੁਣ ਜ਼ਰਾ ਲੱਕ ਸਿੱਧਾ ਕਰਨ ਵਾਸਤੇ ਪਰੇ ਹੋ ਕੇ ਲੇਟ ਜਾ।

ਔਹ ਵੇਖੋ, ਮੇਰਾ ਨਿੱਕਾ ਜਿਹਾ ਦੋਸਤ ਸਕੂਲੋਂ ਛੁੱਟੀ ਹੋਣ ਤੇ ਆ ਰਿਹਾ ਹੈ। ਕਿਡਾ ਹਸੂੰ-ਹਸੂੰ ਕਰਦਾ ਚਿਹਰਾ ਹੈ! ਬਸਤਾ ਕੱਛ ਵਿਚ ਹੈ। ਏਧਰ ਆ ਮਿੱਤਰਾ, ਬਸਤਾ ਮੇਰੇ ਮੋਢੇ ਤੇ ਰੱਖ ਦੇ। ਸ਼ਾਲਾ ਮੇਰੇ ਹੱਥ ਹੁੰਦੇ ਤਾਂ ਮੈਂ ਆਪਣੇ ਹੱਥਾਂ ਨਾਲ ਇਸ ਚੰਨ ਵਰਗੇ ਮੁਖੜੇ ਨੂੰ ਧੋਂਦਾ। ਤੇਰੇ ਨਿੱਕੇ ਬੁਕ ਵਿਚ ਕਿੰਨਾ ਕੁ ਪਾਣੀ ਆ ਜਾਊ ਅਤੇ ਕਿੰਨਾ ਚਿਰ ਤੂੰ ਪਾਣੀ ਪੀਂਦਾ ਰਹੇਂਗਾ! ਇਉਂ ਨਾ ਕਰ। ਮੇਰੇ ਢਿਡ ਤੋਂ ਲੋਹੇ ਦਾ ਪਿਆਲਾ ਲਾਹ, ਸੰਗਲੀ ਖੋਲ੍ਹ ਤੇ ਪਿਆਲੇ ਨੂੰ ਮੇਰੇ ਨੱਕ ਥਲੇ ਕਰ। ਲੈ ਹੁਣ ਆਉਂਦਾ ਹੈ ਪਾਣੀ। ਚੰਗੀ ਤਰ੍ਹਾਂ ਮੂੰਹ ਧੋ ਕੇ ਰੱਜ ਕੇ ਪੀ। ਕਿਸ ਤਰ੍ਹਾਂ ਦਾ ਸਾਫ ਪਾਣੀ ਹੈ। ਤੇਰੇ ਭੋਲੇ ਭਾਲੇ ਚਿਹਰੇ ਤੇ ਰੱਬੀ ਨੂਰ ਲਿਸ਼ਕਦਾ ਹੈ। ਜੇ ਕਿਤੇ ਮੇਰੀਆਂ ਬਾਹਾਂ ਹੁੰਦੀਆਂ ਤਾਂ ਮੈਂ ਤੈਨੂੰ ਘੁਟ ਕੇ ਗਲਵਕੜੀ ਪਾਉਂਦਾ। ਮੌਜਾਂ ਮਾਣ, ਬੁੱਲ੍ਹੇ ਲੁੱਟ, ਆਦਮੀ ਦੇ ਬੱਚੇ! ਤੇਰਾ ਖਿੜਿਆ ਹੋਇਆ ਚਿਹਰਾ ਦੱਸਦਾ ਹੈ ਕਿ ਤੇਰਾ ਮੂੰਹ ਸ਼ਰਾਬ ਪੀਣ ਜੋਗਾ ਨਹੀਂ ਬਣਿਆ। ਤੈਨੂੰ ਇਸ ਸਾਫ ਪਾਣੀ ਦੀ ਸਹੁੰ,

ਹੁਣ ਬਚਨ ਦਿਹ ਕਿ ਕਦੇ ਵੀ ਇਨ੍ਹਾਂ ਮਾਸੂਮ ਬੁਲ੍ਹਾਂ ਨੂੰ ਅੰਗੂਰੀ ਸ਼ਰਾਬ ਨਾਲ ਪਲੀਤ ਨਾ ਕਰੇਂਗਾ। ਤੇਰੀ "ਹਾਂ" ਉਤੇ ਅਰਸ਼ਾਂ ਵਿਚੋਂ ਵੀ "ਇਸੇ ਤਰ੍ਹਾਂ ਹੋਵੇ" ਦੀ ਆਵਾਜ਼ ਆਉਂਦੀ ਹੈ। ਤੈਨੂੰ ਕੀ ਪਤਾ, ਤੇਰੇ ਰਾਹ ਵਿਚ ਕਿੰਨੀਆਂ ਕੁ ਫਾਹੀਆਂ ਹਨ। ਕੀ ਇਹ ਸ਼ਰਾਬ ਖਾਨਾ-ਖਰਾਬ ਤੈਨੂੰ ਭੀ ਆਪਣੀ ਘੁੰਮਣ ਘੇਰੀ ਵਿਚ ਫਸਾ ਕੇ ਕਲਪਾਏਗੀ? ਨਹੀਂ ਨਹੀਂ। ਚੰਗਾ ਸਤਿ ਸ੍ਰੀ ਅਕਾਲ! ਮੇਰੀਆਂ ਆਸਾਂ ਦੇ ਨਿੱਕੇ ਜਿਹੇ ਬੂਟੇ! ਜਾਹ, ਸੰਸਾਰ ਵਿਚ ਵਧ ਤੇ ਫੁੱਲ।

ਔਹ ਇਕ ਸਿੰਘ ਸਰਦਾਰ ਹੁਰੀਂ ਆ ਰਹੇ ਹਨ! ਦਾੜ੍ਹੀ ਸਫ਼ਾ-ਚੱਟ ਅਤੇ ਨਾਂ ਦੇ ਸਿੰਘ! (ਉਸ ਦੀਆਂ ਲਾਲ ਅੱਖਾਂ ਵਿਚੋਂ ਸ਼ਰਾਬ ਦੀ ਝਲਕ ਪੈ ਰਹੀ ਹੈ)। ਜੀ ਆਇਆਂ ਨੂੰ! ਭਰਾਵਾ! ਆ, ਵੇਖ ਅੱਗ ਪਈ ਵਰ੍ਹਦੀ ਹੈ, ਕੋਈ ਜਨੌਰ ਤੀਕ ਵੀ ਨਹੀਂ ਦਿਸਦਾ। ਏਨੇ ਚਿਰਾਕੇ ਦਰਸ਼ਨ? ਕਦੇ ਕਦੇ ਭੁਲ ਚੁਕ ਕੇ ਹੀ ਫੇਰਾ ਪਾ ਜਾਇਆ ਕਰ। ਆਹ! ਇਹ ਜਵਾਨੀ ਤੇ ਸੁਹੱਪਣ! ਤੇ ਉਸ ਉਤੇ ਸ਼ਰਾਬ ਦਾ ਰੰਗ! ਹੇ ਭਾਰਤ! ਮੇਰੇ ਵਰਗੇ ਸੇਵਾਦਾਰਾਂ ਨੂੰ ਠੁਕਰਾਉਣ ਵਾਲੇ ਭਾਰਤ! ਪੁਰਾਣੇ ਕਾਰਨਾਮਿਆਂ ਦੀ ਪੱਟੀ ਮੇਸ ਦੇਣ ਵਾਲੇ ਭਾਰਤ! ਤੈਨੂੰ ਕੀ ਖ਼ਬਰ ਹੈ ਕਿ ਕਿੰਨ੍ਹਾਂ-ਕਿੰਨ੍ਹਾਂ ਸੂਰਬੀਰਾਂ ਦੀਆਂ ਹੱਡੀਆਂ ਤੇਰੀ ਛਾਤੀ ਉਤੇ ਖਿਲਰੀਆਂ ਪਈਆਂ ਹਨ? ਕਿੰਨ੍ਹਾਂ ਕਿੰਨ੍ਹਾਂ ਦੀ ਸੁਆਹ ਤੇਰੇ ਮੱਥੇ ਦੀ ਸ਼ਾਨ ਹੈ? ਤੇਰੇ ਇਸ ਅਨਪੜ੍ਹ ਬੇਸਮਝ ਵਾਸੀ ਦੀ ਇਸ ਕਰਤੂਤ ਦੇ ਕਾਰਣ ਉਹਨਾਂ ਹੱਡੀਆਂ ਅਤੇ ਸੁਆਹ ਨੂੰ ਕਿੰਨਾ ਦੁਖ ਹੋ ਰਿਹਾ ਹੋਣਾ ਹੈ? ਗੰਗਾ ਜੀ ਦੇ ਪੇਟ ਵਿਚ ਰਿਸ਼ੀਆਂ ਮੁਨੀਆਂ ਦੀਆਂ ਪਾਕ ਤੇ ਪਵਿੱਤਰ ਹੱਡੀਆਂ ਦੇ ਢੇਰ ਸ਼ਰਮ ਦੀ ਅੱਗ ਵਿਚ ਸੜਦੇ ਹੋਣਗੇ।

ਆ ਭਲਿਆ ਜਵਾਨਾ ਆ। ਤੇਰਾ ਆਉਣਾ ਸਿਰ ਮੱਥੇ ਉਤੇ! ਜੇ ਆਪਣਾ ਅੰਤ ਜਾਣਦੋਂ ਕਿ ਕਿਸ ਤਰ੍ਹਾਂ ਤੂੰ ਆਪਣੇ ਦੇਸ਼ ਦੇ ਨੱਕ ਨਮੂਜ ਅਤੇ ਆਚਰਣ ਨੂੰ ਇਕ ਪਿਆਲੇ ਦੇ ਬਦਲੇ ਵੇਚ ਰਿਹਾ ਹੈਂ, ਤਾਂ ਤੂੰ ਸ਼ਰਮ ਦਾ ਮਾਰਿਆ ਜ਼ਮੀਨ ਵਿਚ ਗਰਕ ਹੋ ਜਾਂਦੋਂ। ਕੀ ਪਿਆ ਹੈ ਸ਼ਰਾਬ ਵਿਚ? ਇਹ ਨਸ਼ਾ ਜਿਸ ਵਿਚ ਹਜ਼ਾਰ ਬਕੜਵਾਹ ਦੇ ਬਦਲੇ ਲੋਕਾਂ ਦੀ ਘਿਰਣਾ ਮੁਲ ਲੈਂਦਾ ਹੈਂ, ਕੀ ਨਫ਼ਾ ਦੇਵੇਗੀ? ਇਹ ਜ਼ਹਿਰੀਲੀ ਖੁਸ਼ੀ ਜੋ ਕਈ ਦਿਲ ਸਾੜੂ ਹੌਕਿਆਂ ਪਿਛੋਂ ਮਿਲਦੀ ਹੈ, ਇਸ ਦਾ ਕੀ ਲਾਭ? ਆਪਣੇ ਗਾੜ੍ਹੇ ਪਸੀਨੇ ਦੀ ਕਮਾਈ ਮੂਰਖਪੁਣੇ ਅਤੇ ਬੇਸਮਝੀ ਦੇ ਕ਼ਾਰਨ ਗੁਆਂਦਾ ਹੈਂ, ਇਸ ਵਿਚ ਕਿਹੜਾ ਲਾਭ ਵੇਖਦਾ ਹੈਂ? ਆ! ਬਾਜ਼ ਆ! ਇਸ ਰਸਤੇ ਵਿਚ ਤੈਨੂੰ ਨਿਤ ਦੀ ਭਿਛਿਆ ਮੰਗਣ ਲਈ ਵੀ ਮਾਇਆ ਦੀ ਲੋੜ ਹੈ,

ਗ਼ਰੀਬੀ ਤੇ ਦੂਰੇ ਦੂਰੇ ਹਾਸਲ ਕਰਨ ਵਾਸਤੇ ਭੀ ਲੱਖਾਂ ਖ਼ੁਸ਼ਾਮਦਾਂ ਕਰਨੀਆਂ ਪੈਂਦੀਆਂ ਹਨ ।

'ਸ਼ਰਾਬ' ! ਇਸ ਦਾ ਨਾਂ ਲੈਂਦਿਆਂ ਮੇਰਾ ਲੋਹੇ ਦਾ ਜੁੱਸਾ ਵੀ ਕੰਬ ਉਠਦਾ ਹੈ । ਮੈਂ ਬੜੇ ਸਾਲਾਂ ਤੋਂ ਇਸ ਥਾਂ ਇਕ ਲੱਤ ਦੇ ਭਾਰ ਖੜਾ ਹਾਂ । ਪਹਿਲਾਂ ਕਦੇ ਵੀ ਮੈਂ ਅੱਜਕੱਲ ਜਿੰਨੀ ਸ਼ਰਾਬ ਵਿਕਦੀ ਨਹੀਂ ਸੀ ਡਿਠੀ । ਕਿਉਂ ਸੰਗਦਾ ਹੈਂ ? ਆ, ਠੰਡਾ ਤੇ ਮਿੱਠਾ ਪਾਣੀ ਪੀ ਕੇ ਆਪਣੇ ਤਪੇ ਹੋਏ ਦਿਲ ਨੂੰ ਠਾਰ । ਇਥੇ ਸ਼ਰਮ ਦੀ ਕਿਹੜੀ ਗੱਲ ? ਇਸ ਦਰ ਤੋਂ ਕੋਈ ਖਾਲੀ ਨਹੀਂ ਜਾਂਦਾ । ਇਥੇ ਕਿਸੇ ਭੜੂਏ ਦਾ ਡਰ ਨਹੀਂ । ਬਿਨਾਂ ਪੈਸਿਆਂ ਤੇ ਸੌਦਾ ਤੇ ਫੇਰ ਏਨਾ ਸੰਕੋਚ ! ਰੱਬਾ ! ਮੁਫ਼ਤ ਚੀਜ਼ ਦੀ ਏਨੀ ਬੇਕਦਰੀ ! ਪਰਮਾਤਮਾ ! ਜੇ ਹਰ ਰੁਤੇ ਚੰਬੇ ਮੋਤੀਏ ਜਾਂ ਗੁਲਾਬ ਦੇ ਖਿੜਨ ਤੋਂ ਪਹਿਲਾਂ ਤੂੰ ਢੰਡੋਰਾ ਪਿਟ ਦਿਆ ਕਰੇਂ ਕਿ ਫਲਾਣੇ ਵੇਲੇ ਫ਼ਲਾਣੀ ਕਿਸਮ ਦੇ ਫੁੱਲ ਪੈਦਾ ਹੋਣਗੇ ਤਾਂ ਆਸ ਹੈ ਕਿ ਸਾਰੀ ਲੁਕਾਈ ਹਸਦੀ ਖੇਡਦੀ ਸ਼ਹਿਰ ਨੂੰ ਛੱਡ ਬਾਗਾਂ ਵਿਚ ਜਾ ਡੇਰੇ ਲਾਵੇ ਅਤੇ ਕੁਦਰਤੀ ਨਜ਼ਾਰਿਆਂ ਪਿਛੇ ਹਰ ਜੰਗਲ ਅਤੇ ਬਾਗ ਨੂੰ ਗਾਹ ਛੱਡੇ । ਜੇ ਤੂੰ ਪਾਣੀ ਦੀ ਕੀਮਤ ਰਖਦੋਂ ਤਾਂ ਇਸ ਦੀ ਕਦਰ ਵੀ ਸ਼ਰਾਬ ਵਾਂਗ ਹੁੰਦੀ । ਸੁਨਣ ਵਿਚ ਆਇਆ ਹੈ ਕਿ ਪੈਰਸ਼ ਵਿਚ, ਜਿਥੇ ਸ਼ਰਾਬ ਵਧੇਰੇ ਵਿਕਦੀ ਹੈ ਪਾਣੀ ਉਪਰ ਵੀ ਟੈਕਸ ਲਾਇਆ ਗਿਆ ਹੈ ਤਾਂ ਜੋ ਐਸ਼ ਲੁਟਣ ਵਾਲੇ ਇਸ ਦਾਤ ਦੀ ਕਦਰ ਕਰਨ ।

ਹੇ ਨਸ਼ੇ ਵਿਚ ਖੀਵੇ ਲੋਕੋ ! ਹੋਸ਼ ਕਰੋ, ਸੰਭਲੋ । ਹਾਲਾਂ ਵੀ ਡੁਲ੍ਹੇ ਬੇਰਾਂ ਦਾ ਕੁਝ ਨਹੀਂ ਵਿਗੜਿਆ । ਉਸ ਮਾਲਕ ਦੇ ਕਰੜੇ ਡੰਨ ਤੋਂ ਪਹਿਲਾਂ ਹੀ ਇਸ ਕੁਦਰਤੀ ਲਹਿਰ ਦੇ ਅੱਗੇ ਸਿਰ ਨਿਵਾਓ ਅਤੇ ਮੇਰੀ ਜਿਨਸ ਦੀ ਕਦਰ ਕਰੋ ।

# ਪ੍ਰੀਤਮ ਸਿੰਘ ਦਾ ਸੁਭਾਅ

ਮੇਰਾ ਸੁਭਾਅ ਪ੍ਰਮਾਤਮਾ ਨੇ ਕੁਝ ਅਜੇਹਾ ਬਣਾਇਆ ਹੈ ਕਿ ਜਿਸ ਲਾਈ ਗੱਲੀਂ ਉਸੇ ਨਾਲ ਉਠ ਚੱਲੀ। ਮੈਂ ਜਣੇ ਖਣੇ ਨਾਲ ਜਾਣ ਪਛਾਣ ਕਰ ਲੈਂਦਾ ਹਾਂ। ਬਹੁਤ ਕਰਕੇ ਇਹ ਦੇਖਿਆ ਜਾਂਦਾ ਹੈ ਕਿ ਜਿਹੜੇ ਬਹੁਤਿਆਂ ਨੂੰ ਪਿਆਰ ਕਰਦੇ ਹੋਣ, ਉਹ ਕਿਸੇ ਇਕ ਨੂੰ ਸੱਚੇ ਦਿਲੋਂ ਪਿਆਰ ਨਹੀਂ ਕਰ ਸਕਦੇ। ਅੰਗਰੇਜ਼ੀ ਦਾ ਇਕ ਉੱਘਾ ਲਿਖਾਰੀ ਲਿਖਦਾ ਹੈ, 'ਬਹੁਤਿਆਂ ਦਾ ਜਾਣੂ ਕਿਸੇ ਇਕ ਨਾਲ ਗੂੜ੍ਹਾ ਪਿਆਰ ਨਹੀਂ ਕਰ ਸਕਦਾ।' ਮੇਰੇ ਇਨ੍ਹਾਂ ਜਾਣੂਆਂ ਵਿਚੋਂ ਇਕ ਸਰਦਾਰ ਪ੍ਰੀਤਮ ਸਿੰਘ ਸੀ। ਉਸ ਦਾ ਸੁਭਾਅ ਮਾਲਕ ਨੇ ਕੁਝ ਅਨੋਖਾ ਜਿਹਾ ਬਣਾਇਆ ਸੀ। ਸੱਚੀ ਗੱਲ ਤਾਂ ਇਹ ਹੈ ਕਿ ਉਹ ਸਦਾ ਆਪਣਾ ਆਪ ਲੁਕਾਉਂਦਾ ਹੀ ਰਹਿੰਦਾ ਸੀ। ਕੋਈ ਦੁਖੀ ਉਸ ਕੋਲ ਆਵੇ ਤਾਂ ਲੋਕਾਂ ਸਾਹਮਣੇ ਉਸ ਨੂੰ ਗਾਲ੍ਹਾਂ ਕੱਢਦਾ, ਬੁਰਾ ਭਲਾ ਕਹਿੰਦਾ, ਪਰ ਉਸ ਦੀ ਮਦਦ ਭੀ ਜ਼ਰੂਰ ਕਰਦਾ, ਉਸ ਨਾਲ ਦੁੱਖ ਵੰਡਾਉਂਦਾ, ਪਰ ਚੋਰੀ ਚੋਰੀ। ਦਿਲ ਵਿਚ ਭਾਵੇਂ ਉਹਨੂੰ ਤਰਸ ਆ ਰਿਹਾ ਹੋਵੇ, ਪਰ ਮੂੰਹੋਂ ਦੁਖੀਏ ਨੂੰ ਗਾਲ੍ਹਾਂ ਕੱਢਣੋਂ ਭੀ ਨਾ ਟਲਦਾ। ਦਾਨੀ ਬੜਾ ਸੀ, ਪਰ ਲੁਕਵਾਂ। ਜਿਸ ਸੁਸਾਇਟੀ, ਸਭਾ ਜਾਂ ਆਸ਼ਰਮ ਨੂੰ ਦਾਨ ਦੇਂਦਾ, ਪਹਿਲਾਂ ਇਹ ਸ਼ਰਤ ਮਨਾ ਲੈਂਦਾ ਕਿ ਉਸ ਦਾ ਨਾਂ ਅਖ਼ਬਾਰ ਵਿਚ ਨਹੀਂ ਦਿੱਤਾ ਜਾਵੇਗਾ। ਜਿਥੇ ਲੋਕ ਉਸ ਨੂੰ ਜਾਣਦੇ ਨਾ, ਉਥੇ ਉਹ ਆਪਣਾ ਨਾਂ ਵੀ ਨਾ ਦੱਸਦਾ।

ਉਸ ਨੂੰ ਵੀਣੀ ਨਾਲ ਘੜੀ ਰੱਖਣ ਦਾ ਬੜਾ ਚਾਉ ਸੀ। ਉਸ ਦੀ ਘੜੀ ਵੀਣੀ ਤੋਂ ਚਾਰ ਉਂਗਲਾਂ ਦੀ ਵਿਥ ਤੇ ਹੁੰਦੀ, ਜੋ ਕੋਈ ਵੇਖ ਨਾ ਲਵੇ। ਵਕਤ ਵੇਖਣ ਲਈ ਉਹ ਚੋਰੀ ਚੋਰੀ ਘੜੀ ਨੰਗੀ ਕਰਦਾ ਤੇ ਵਕਤ ਵੇਖ ਕੇ ਮੁੜ ਕੱਜ ਲੈਂਦਾ। ਜੇ ਘੜੀ ਉਸ ਦੀ ਜੇਬ ਵਿਚ ਹੁੰਦੀ, ਤਾਂ ਉਹ ਕਦੇ ਘੜੀ ਬਾਹਰ ਨਾ ਕੱਢਦਾ, ਸਗੋਂ ਆਪਣਾ ਮੂੰਹ ਜੇਬ ਵਿਚ ਪਾ ਵਕਤ ਵੇਖ ਲੈਂਦਾ। ਅੱਜ ਕਲ੍ਹ ਦੇ ਲੋਕੀਂ ਘੜੀਆਂ ਵਿਖਾਣ ਲਈ ਕੁੜਤਿਆਂ ਦੀਆਂ ਬਾਹਾਂ ਟੰਗੀ ਫਿਰਦੇ ਹਨ। ਸਿਰ

ਵਿਚ ਦੰਦ ਦਾ ਕੰਘਾ ਹੋਵੇ ਤਾਂ ਪੱਗੋਂ ਬਾਹਰ ਨੰਗਾ ਰੱਖਦੇ ਹਨ। ਹੋਰ ਤਾਂ ਹੋਰ, ਦੁਆਨੀ ਦੁਆਨੀ ਦੇ ਨਾਲੇ ਵਿਖੌਣ ਲਈ ਪਤਲੇ ਕੁੜਤੇ ਪਾਉਂਦੇ ਹਨ ਜਾਂ ਨਾਲਾ ਥੱਲੇ ਲਮਕਾ ਛੱਡਦੇ ਹਨ ਤਾਂ ਜੋ ਬਾਹਰੋਂ ਇਹੋ ਦਿਸੇ ਕਿ ਨਾਲਾ ਜੰਮੂ ਜਾਂ ਪਟਿਆਲੇ ਦਾ ਹੀ ਹੈ। ਇਥੇ ਹਾਂ ਬੱਸ ਨਹੀਂ ਕਿਤੇ ਚੀਚੀ ਵਿਚ ਮੁੰਦਰੀ ਹੋਵੇ ਸਹੀ, ਬਸ ਹਰ ਗਲੇ ਉਹ ਚੀਚੀ ਅੱਗੇ ਕਰ ਕਰ ਵਿਖਾਣਗੇ। ਲੋਕੀਂ ਕਿਸੇ ਸਭਾ ਨੂੰ ਚੰਦਾ ਭੇਜਦੇ ਹਨ ਤਾਂ ਨਾਲ ਹੀ ਲਿਖ ਦੇਂਦੇ ਹਨ ਅਖ਼ਬਾਰ ਵਿਚ ਛੇਤੀ ਛਪਵਾ ਦੇਣਾ। ਪਰ ਇਕ ਪ੍ਰੀਤਮ ਸਿੰਘ ਹੀ ਅਜੇਹਾ ਡਿੱਠਾ ਜੋ ਕਦੇ ਆਪਣਾ ਆਪ ਵਿਖਾ ਕੇ ਰਾਜ਼ੀ ਨਾ ਹੁੰਦਾ। ਅਜੇਹੀਆਂ ਸ਼ੁਕੀਨੀਆਂ ਵਿਖਾਣ ਤੋਂ ਉਸ ਨੂੰ ਸਦਾ ਸੰਗ ਆਉਂਦੀ। ਦਾਨ ਦੇਣ ਲੱਗਿਆਂ ਉਹ ਵੇਖ ਲੈਂਦਾ ਕਿ ਕਿਤੇ ਕੋਈ ਉਸ ਦਾ ਜਾਣੂੰ ਉਸ ਨੂੰ ਵੇਖਦਾ ਨਾ ਹੋਵੇ। ਜਿਸ ਦਾ ਭਲਾ ਕਰਨਾ ਚਾਹੁੰਦਾ ਉਸ ਨਾਲ ਉਹ ਲੋਕਾਂ ਸਾਹਮਣੇ ਸਿੱਧੇ ਮੱਥੇ ਕੂੰਦਾ ਵੀ ਨਾ। ਲੋਕੀਂ ਇਕ ਪੈਸਾ ਦੇ ਕੇ ਸੌ ਸੁਣਾਉਂਦੇ ਹਨ, ਪਰ ਪ੍ਰੀਤਮ ਸਿੰਘ ਆਪਣੇ ਆਪ ਨੂੰ ਇੰਨਾ ਲੁਕਾਉਂਦਾ ਕਿ ਉਸ ਨਾਲ ਘੜੀ ਭਰ ਬੋਲ ਚਾਲ ਕੇ ਜੇ ਕੋਈ ਉਸ ਦੇ ਸੁਭਾਅ ਤੇ ਚਾਨਣਾ ਪਾਣ ਦਾ ਯਤਨ ਕਰੇ ਤਾਂ ਉਹ ਜ਼ਰੂਰ ਦਿਨ ਨੂੰ ਰਾਤ ਹੀ ਦੱਸੇ। ਭਾਵ ਇਹ ਹੈ ਕਿ ਉਹ ਉਸ ਨੂੰ ਇਕ 'ਸੜਿਆ ਬਲਿਆ ਤੇ ਕੰਜੂਸ ਆਦਮੀ' ਕਹੇ।

ਉਸ ਦੀ ਇਹ ਭੀ ਇਕ ਵਾਦੀ ਸੀ ਕਿ ਜੋ ਕੁਝ ਉਸ ਕਰਨਾ ਹੁੰਦਾ, ਉਸ ਤੋਂ ਉਹ ਉਲਟ ਹੀ ਕਹਿੰਦਾ: ਜਦ ਕਦੇ ਉਹ ਵਪਾਰ ਦੇ ਉਲਟ ਬੋਲ ਰਿਹਾ ਹੁੰਦਾ ਤਾਂ ਮੈਂ ਜਾਣ ਜਾਂਦਾ ਕਿ ਇਹ ਕਿਸੇ ਨਾ ਕਿਸੇ ਦੁਕਾਨ ਵਿਚ ਹਿੱਸਾ ਪਾਣ ਨੂੰ ਤਿਆਰ ਹੈ। ਜਦ ਉਹ ਪੜ੍ਹਾਈ ਦੇ ਉਲਟ ਬੋਲਦਾ ਤਾਂ ਮੈਨੂੰ ਸੁਝ ਜਾਂਦੀ ਕਿ ਇਹ ਆਪਣੇ ਕਿਸੇ ਪੁੱਤਰ ਧੀ ਨੂੰ ਪੜ੍ਹਨੇ ਪਾਉਣ ਵਾਲਾ ਹੈ। ਜਦ ਉਹ ਕਿਸੇ ਨੂੰ ਗੁੱਸੇ ਹੋ ਰਿਹਾ ਹੁੰਦਾ ਤਾਂ ਮੈਂ ਸਮਝਦਾ ਜੋ ਉਸ ਤੇ ਇਸ ਦੀ ਡਾਢੀ ਕਿਰਪਾ ਦੀ ਨਜ਼ਰ ਹੈ।

ਇਕ ਦਿਨ ਮੈਂ ਅੰਮ੍ਰਿਤਸਰ ਤੋਂ ਤਰਨਤਾਰਨ ਨੂੰ ਮੱਸਿਆ ਵੇਖਣ ਲਈ ਤੁਰਿਆ। ਗੱਡੀ ਤੇ ਪ੍ਰੀਤਮ ਸਿੰਘ ਮਿਲ ਪਿਆ। ਉਹ ਭੀ ਮੱਸਿਆ ਤੇ ਜਾ ਰਿਹਾ ਸੀ। ਉਸ ਮੇਲਿਆਂ ਤੇ ਜਾਣ ਦੇ ਉਲਟ ਲੈਕਚਰ ਦੇਣਾ ਸ਼ੁਰੂ ਕਰ ਦਿੱਤਾ। ਉਹ ਕਹਿਣ ਲੱਗਾ, "ਖ਼ਬਰੇ ਲੋਕਾਂ ਨੂੰ ਭੀੜ ਭੜੱਕੇ ਵਿਚ ਜਾਣ ਕੇ ਧੱਕੇ ਖਾਣ ਦਾ ਕੀ

ਸੁਆਦ ਆਉਂਦਾ ਹੈ। ਖਬਰੇ ਲੋਕੀਂ ਕਿਉਂ ਐਨੇ ਪੈਸੇ ਖ਼ਰਚ ਕੇ ਐਡੀ ਐਡੀ ਦੂਰੋਂ ਭੱਜੇ ਆਉਂਦੇ ਹਨ। ਕਈਆਂ ਨੂੰ ਆ ਕੇ ਮੱਥਾ ਟੇਕਣਾ ਵੀ ਨਸੀਬ ਨਹੀਂ ਹੁੰਦਾ। ਕਈ ਭਲੇਮਾਣਸ ਇਨ੍ਹਾਂ ਪਵਿੱਤਰ ਥਾਵਾਂ ਤੇ ਆ ਕੇ ਸ਼ਰਾਬਾਂ ਪੀਂਦੇ ਹਨ, ਬਦਮਾਸ਼ੀਆਂ ਕਰਦੇ ਹਨ। ਚੋਰਾਂ ਲਈ ਵੀ ਨਾਦਰਸ਼ਾਹੀ ਲੁੱਟ ਦਾ ਸਮਾਂ ਇਹੋ ਹੁੰਦਾ ਹੈ। ਇਹਦੇ ਨਾਲੋਂ ਉਹ ਅੱਗੇ ਪਿੱਛੇ ਕਿਉਂ ਨਹੀਂ ਆਉਂਦੇ ਕਿ ਸੁਖ ਅਰਾਮ ਨਾਲ ਦਰਸ਼ਨ ਕਰਨ, ਭੀੜ ਭੜੱਕੇ ਤੇ ਧੱਕੇ ਧੋੜੇ ਤੋਂ ਬਚਣ, ਇਸ਼ਨਾਨ ਕਰ ਖੁਸ਼ੀ ਖੁਸ਼ੀ ਘਰ ਜਾਣ। ਨਾ ਕੋਈ ਚੋਰੀ ਹੋਵੇ ਨਾ ਖੀਸੇ ਕੱਟੇ ਜਾਣ ਤੇ ਨਾ ਭੀੜ ਭੜੱਕੇ ਵਿਚ ਬਾਲ ਬੱਚੇ ਮਰਨ ਜਾਂ ਗੁੰਮ ਹੋ ਜਾਣ। ਸੱਚੀ ਗੱਲ ਤਾਂ ਇਹ ਹੈ ਕਿ ਆਪਾਂ ਤੇ ਭੀੜ ਹਟੀ ਤਾਂ ਮੱਥਾ ਟੇਕਣ ਜਾਣਾ ਏ, ਭਾਵੇਂ ਰਾਤ ਹੀ ਪੈ ਜਾਵੇ।" ਪਲ ਕੁ ਚੁੱਪ ਕਰ ਕੇ ਉਹ ਫੇਰ ਬੋਲਿਆ, 'ਹੋਰ ਦੇਖੋ: ਇਹ ਲੋਕੀਂ ਬਾਲ ਬੱਚੇ ਤੇ ਜ਼ਨਾਨੀਆਂ ਨੂੰ ਭੀ ਨਾਲ ਲੈ ਜਾਂਦੇ ਹਨ। ਉਹ ਉਥੇ ਕਿੱਡੇ ਕੁ ਔਖੇ ਹੁੰਦੇ ਹੋਣਗੇ! ਗੱਡੀ ਵਿਚ ਕਿੰਨੀ ਭੀੜ ਹੈ!"

ਮੈਨੂੰ ਇਹ ਗੱਲ ਸੁਣਦਿਆਂ ਹੀ ਖੁੜਕ ਗਈ। ਉਹ ਗੋਹਲਵੜ ਵਰਪਾਲ ਦੇ ਸਟੇਸ਼ਨ ਤੇ ਉਤਰਿਆ। ਮੈਂ ਦੇਖਦਾ ਰਿਹਾ। ਉਹ ਪਿੱਛੇ ਇਕ ਜ਼ਨਾਨਾ ਡੱਬੇ ਵੱਲ ਗਿਆ ਤੇ ਉਥੇ ਆਪਣੇ ਇਕ ਬੱਚੇ ਨੂੰ ਕੁਝ ਫਲ ਮੁੱਲ ਲੈ ਕੇ ਦੇ ਆਇਆ। ਉਸ ਦੇ ਮੁੜ ਕੇ ਪੁੱਜਣ ਤੋਂ ਪਹਿਲਾਂ ਹੀ ਮੈਂ ਆਪਣੀ ਥਾਂ ਤੇ ਮੋਕਲਾ ਹੋ ਕੇ ਬਹਿ ਗਿਆ, ਜਿਵੇਂ ਕਿ ਮੈਂ ਉਹਨੂੰ ਦੇਖਿਆ ਹੀ ਨਹੀਂ ਹੁੰਦਾ। ਆਉਂਦਿਆਂ ਉਸ ਫੇਰ ਉਹੋ ਚੱਕੀ ਝੋ ਦਿੱਤੀ—"ਹੇ ਰੱਬਾ ਦੇਖੋ ਜੀ ਕਿੰਨੀ ਭੀੜ ਹੈ! ਕਿਤੇ ਤਿਲ ਸਿੱਟਿਆਂ ਭੁੰਜੇ ਨਹੀਂ ਪੈਂਦਾ। ਲੋਕੀਂ ਬਾਹਰ ਲਮਕੇ ਪਏ ਹਨ ਤੇ ਕਈ ਉਤਾਂਹ ਗੱਡੀ ਦੀ ਛੱਤ ਤੇ ਚੜ੍ਹੇ ਬੈਠੇ ਹਨ। ਮੈਂ ਸਾਰੀ ਗੱਡੀ ਫਿਰ ਆਇਆ ਹਾਂ। ਤੀਜੇ ਦਰਜੇ ਵਿਚ ਤਾਂ ਬੜਾ ਭੈੜਾ ਹਾਲ ਹੈ; ਅਜੇਹੀ ਭੀੜ ਵੇਲੇ ਜ਼ਨਾਨੀਆਂ ਨੂੰ ਨਾਲ ਲਿਆਉਣਾ ਕਿਧਰ ਦੀ ਸਿਆਣਪ ਹੈ?"

ਗੱਡੀ ਤੁਰ ਪਈ। ਪਤਾ ਨਹੀਂ ਇਹ ਦਰਚਾ ਅਜੇ ਕਦੋਂ ਕੁ ਮੁਕਣੀ ਸੀ ਕਿ ਸਾਡੇ ਵਾਲੇ ਡੱਬੇ ਵਿਚ ਚਿਮਟਾ ਵੱਜਣਾ ਸ਼ੁਰੂ ਹੋ ਗਿਆ। ਇਹ ਇਕ ਫ਼ਕੀਰ ਮੁੰਡਾ ਸੀ, ਜੋ ਗਾ ਕੇ ਪੈਸੇ ਮੰਗਦਾ ਸੀ। ਉਸ ਗੀਤ ਮੁਕਾਇਆ, ਤੇ ਪੈਸਿਆਂ ਲਈ ਹੱਥ ਅੱਡੇ। ਪ੍ਰੀਤਮ ਸਿੰਘ ਕਦੀ ਮੇਰੇ ਵੱਲ ਤੇ ਕਦੀ ਉਸ ਵੱਲ ਤੱਕੇ। ਮੈਂ ਜਾਣ ਬੁਝ ਕੇ ਉਠਿਆ ਤੇ ਬਾਰੀ ਥਾਣੀਂ ਬਾਹਰ ਝਾਕਣ ਲੱਗ ਪਿਆ। ਮੈਂ ਚੋਰ-ਅੱਖੀਂ

ਉਸ ਵੱਲ ਧਿਆਨ ਰੱਖਿਆ। ਪ੍ਰੀਤਮ ਸਿੰਘ ਨੇ ਮੇਰਾ ਧਿਆਨ ਬਾਹਰ ਜਾਣ ਕੇ ਉਸ ਨੂੰ ਇਕ ਚੁਆਨੀ ਦੇ ਦਿੱਤੀ ਤੇ ਫਿਰ ਅੱਗੇ ਵਾਂਗੂੰ ਗੁਸੈਲਾ ਮੂੰਹ ਬਣਾ ਕੇ ਬਹਿ ਗਿਆ। ਉਹ ਮੁੰਡਾ ਦੁੱਖ ਨਿਵਾਰਨ ਦੇ ਸਟੇਸ਼ਨ ਤੇ ਉਤਰ ਗਿਆ।

ਪ੍ਰੀਤਮ ਸਿੰਘ—ਇਨ੍ਹਾਂ ਮੁੰਡਿਆਂ ਨੂੰ ਕਦੇ ਕੁਝ ਨਹੀਂ ਦੇਣਾ ਚਾਹੀਦਾ। ਇਹ ਇੱਦਾਂ ਪੈਸੇ ਕੱਠੇ ਕਰ ਮਾਪਿਆਂ ਨੂੰ ਭੇਜਦੇ ਹਨ।

ਮੈਂ—ਤੇ ਜੇਹੜੇ ਯਤੀਮ ਹੋਣ ?

ਪ੍ਰੀਤਮ ਸਿੰਘ—ਉਹ ਯਤੀਮਖਾਨੇ ਜਾਣ। ਉਥੇ ਰੋਟੀ ਕੱਪੜਾ ਮਿਲ ਜਾਂਦਾ ਏ। ਨਾਲੇ ਪੜ੍ਹਾਈ ਲਿਖਾਈ ਦਾ ਪ੍ਰਬੰਧ ਹੈ। ਇਹ ਮੁੰਡੇ ਗਿਲਤੀਆਂ ਬੰਨ੍ਹ ਕੇ ਆਪਣੇ ਆਪ ਨੂੰ ਸੰਤ ਤੇ ਯਤੀਮ ਦੱਸਦੇ ਹਨ। ਇਹ ਭਲੇਮਾਣਸ ਨਹੀਂ ਹੁੰਦੇ। ਇਨ੍ਹਾਂ ਕੋਲ ਪੈਸੇ ਚੋਖੇ ਆ ਜਾਂਦੇ ਹਨ। ਸਿਆਣਿਆਂ ਦੇ ਕਹਿਣ ਵਾਂਗੂੰ "ਸਿਰ ਤੇ ਨਹੀਂ ਕੁੰਡਾ ਤੇ ਹਾਥੀ ਫਿਰੇ ਲੁੰਡਾ", ਮਾਪੇ ਸਿਰ ਤੇ ਨਾ ਹੋਣ ਕਰਕੇ ਬੇਮੁਹਾਰੇ ਪਏ ਫਿਰਦੇ ਹਨ, ਤੇ ਕਈ ਖ਼ਰਾਬੀਆਂ ਕਰਦੇ ਹਨ। ਤਮਾਕੂ ਤੇ ਸਿਗਰਟ ਪੀਂਦੇ ਹਨ। ਜੂਆ ਖੇਡਦੇ ਤੇ ਸੱਟੇਬਾਜ਼ੀ ਕਰਦੇ ਹਨ। ਸ਼ਰਾਬ ਤੱਕ ਤੋਂ ਭੀ ਨਹੀਂ ਟਲਦੇ। ਇਹੋ ਜੇਹੇ ਕਈ ਖੀਸੇ ਕੱਟਦੇ ਫੜੇ ਗਏ ਹਨ।

ਇੰਨੇ ਨੂੰ ਗੱਡੀ ਤਰਨਤਾਰਨ ਪੁੱਜ ਗਈ। ਉਹ ਛੇਤੀ ਛੇਤੀ ਮੈਥੋਂ ਨਿਖੜ ਗਿਆ ਤੇ ਕਹਿਣ ਲੱਗਾ, "ਲੌਢੇ ਵੇਲੇ ਦੀ ਗੱਡੀ ਮੁੜ ਮਿਲਾਂਗੇ।" ਮੈਂ ਉਹਦਾ ਖਹਿੜਾ ਛੱਡਣ ਵਾਲਾ ਕਿੱਥੋਂ ਸਾਂ! ਉਸ ਦੀ ਅੱਖ ਬਚਾ ਮੈਂ ਉਹਨਾਂ ਦੇ ਪਿੱਛੇ ਤੁਰ ਪਿਆ। ਉਸ ਆਪਣੀ ਇਸਤਰੀ ਤੇ ਲੜਕਿਆਂ ਸਣੇ ਦਰਬਾਰ ਸਾਹਿਬ ਦਾ ਰਾਹ ਲਿਆ। ਮੈਂ ਭੀ ਪਿੱਛੇ ਸਾਂ। ਰਾਹ ਵਿਚ ਜੋ ਮੰਗਤਾ ਆਇਆ ਉਸ ਨੂੰ ਉਹ ਆਨਾ, ਦੁਆਨੀ, ਪੈਸਾ ਪੈਸਾ ਜ਼ਰੂਰ ਦੇਈ ਗਿਆ। ਜਿੱਥੇ ਉਹ ਇਸ਼ਨਾਨ ਕਰਨ ਬੈਠਾ, ਮੈਂ ਵੀ ਰਤਾ ਪਰੇਡੇ ਨਹਾਉਣ ਲੱਗ ਪਿਆ। ਉਸ ਦਾ ਟੱਬਰ ਪੌਣੇ ਵਿਚੋਂ ਇਸ਼ਨਾਨ ਕਰ ਆਇਆ ਤੇ ਉਹ ਭੀ ਨਹਾ ਬੈਠਾ। ਪ੍ਰਕਰਮਾ ਵਿਚ ਮੋਢੇ ਨਾਲ ਮੋਢਾ ਠਹਿਕਦਾ ਸੀ। ਉਹ ਸਣੇ ਟੱਬਰ ਭੀੜ ਵਿਚ ਗਿਆ ਤੇ ਦਰਸ਼ਨ ਕਰਨ ਨੂੰ ਅੰਦਰ ਜਾਣ ਲਈ ਧੱਕਮਧੱਕਾ ਕਰਨ ਲੱਗ ਪਿਆ। ਮੈਂ ਇਕ ਪਵਿੱਤਰ ਤੇ ਪੂਜਨੀਕ ਥਾਂ ਤੇ ਬੈਠਾ ਸਾਂ, ਪਰ ਹੱਸਣੋਂ ਰਹਿ ਨਾ ਸਕਿਆ, ਕਿ ਹੁਣੇ ਉਹ ਭੀੜ ਭੀੜ ਕਹਿ ਕੇ ਮੇਰੇ ਕੰਨ ਪਿਆ ਖਾਂਦਾ ਸੀ ਤੇ ਕਹਿੰਦਾ ਸੀ ਕਿ "ਭਾਵੇਂ ਰਾਤ ਪੈ ਜਾਏ ਭੀੜ ਹਟੀ

ਤੇ ਅੰਦਰ ਜਾਣਾ ਏ'' ਪਰ ਹੁਣ ਤੇ ਇਕ ਪਲ ਵੀ ਨਹੀਂ ਸੂ ਉਡੀਕਿਆ ਤੇ ਧੁਸ ਦੇਈ ਅੰਦਰ ਜਾ ਰਿਹਾ ਹੈ। ਦਰਸ਼ਨ ਕਰ ਅਸੀਂ ਲੌਂਦੇ ਵੇਲੇ ਫੇਰ ਸਟੇਸ਼ਨ ਤੇ ਆ ਮਿਲੇ।

ਸਟੇਸ਼ਨ ਤੇ ਇਕ ਲੂਲ੍ਹਾ ਮੰਗ ਰਿਹਾ ਸੀ। ਉਸ ਸਾਡੇ ਅੱਗੇ ਵੀ ਆ ਸੁਆਲ ਕੀਤਾ। ਮੈਂ ਧਿਆਨ ਪਰਲੇ ਪਾਸੇ ਕਰ ਲਿਆ। ਪ੍ਰੀਤਮ ਸਿੰਘ ਉਸ ਨੂੰ ਆਨਾ ਦੇ ਕੇ ਸੁਣਾਉਣ ਮਾਰਿਆ ਕਹਿਣ ਲੱਗਾ, "ਜਾਹ, ਭਾਈ ਜਾਹ, ਐਵੇਂ ਕੰਨ ਨਾ ਖਾਹ। ਕੁਝ ਹੱਥੀਂ ਕਾਰ ਕਰਿਆ ਕਰ। ਤੇਰੇ ਵਰਗੇ ਕਈ ਦਰਜ਼ੀ ਬਣ ਕੇ ਅੱਜ ਤਿੰਨ ਚਾਰ ਰੁਪਏ ਦਿਹਾੜੀ ਕਮਾ ਲੈਂਦੇ ਹਨ।" ਉਹ ਵਿਚਾਰਾ ਤੁਰਦਾ ਹੋਇਆ।

ਗੱਡੀ ਆਈ। ਚੜ੍ਹੇ। ਇਕ ਬੰਦਾ ਕਿਸੇ ਯਤੀਮਖ਼ਾਨੇ ਲਈ ਪੈਸੇ ਮੰਗਣ ਆ ਗਿਆ। ਉਹ ਯਤੀਮਾਂ ਦੇ ਦੁਖੜੇ ਫੋਲ ਫੋਲ ਸੁਣਾਵੇ। ਉਸ ਦੇ ਨਾਲ ਦੇ ਯਤੀਮ ਸਨ। ਉਹ ਕਰੁਣਾ-ਰਸ-ਭਰੇ ਗੀਤ ਗਾਣ। ਇਧਰ ਪ੍ਰੀਤਮ ਸਿੰਘ ਦਾ ਚਿਹਰਾ ਕੁਮਲਾਉਂਦਾ ਜਾਵੇ। ਅੱਖਾਂ ਉਹਦੀਆਂ ਭਰ ਆਈਆਂ। ਆਪਣੀ ਇਹ ਕਮਜ਼ੋਰੀ ਮੈਥੋਂ ਲੁਕਾਣ ਲਈ ਉਠਿਆ ਤੇ ਬਾਰੀ ਵੱਲ ਗਿਆ, ਮੂੰਹ ਪੂੰਝੀ ਆਉਂਦਾ ਹੋਇਆ ਉਨ੍ਹਾਂ ਦੀ ਸੰਦੂਕੜੀ ਵਿਚ ਪੰਜਾਂ ਦਾ ਨੋਟ ਪਾ ਆਇਆ। ਫਿਰ ਮੇਰੇ ਕੋਲ ਆ ਕੇ ਬਹਿ ਗਿਆ। ਉਨ੍ਹਾਂ ਦੇ ਚਲੇ ਜਾਣ ਪਿੱਛੋਂ ਕਹਿਣ ਲੱਗਾ "ਦੇਖੋ ਜੀ, ਇਹ ਆਪ ਕੇਹੇ ਸੋਹਣੇ ਕੱਪੜੇ ਪਾਈ ਫਿਰਦੇ ਹਨ ਤੇ ਮੁੰਡਿਆਂ ਦਾ ਕੀ ਹਾਲ ਹੈ? ਇਨ੍ਹਾਂ ਦਾ ਚੋਖਾ ਰੁਪਿਆ ਬੈਂਕ ਵਿਚ ਜਮ੍ਹਾਂ ਹੈ। ਫੇਰ ਭੀ ਮੰਗਦੇ ਫਿਰਦੇ ਨੇ। ਸਟੇਸ਼ਨ ਦੇ ਲਾਗੇ ਯਤੀਮਖ਼ਾਨਾ ਹੈ। ਇਨ੍ਹਾਂ ਦੀ ਆਪਣੀ ਜ਼ਮੀਨ ਹੈ। ਉਥੇ ਖਾਣ ਜੋਗੀ ਕਣਕ ਹੋ ਪੈਂਦੀ ਹੈ। ਖੱਡੀਆਂ ਆਪਣੀਆਂ ਹਨ। ਉਥੇ ਬਣ ਕੇ ਕੱਪੜਾ ਵਿਕਦਾ ਹੈ। ਹੋਰ ਇਨ੍ਹਾਂ ਕੀ ਲੈਣਾ ਹੈ? ਇਨ੍ਹਾਂ ਨੂੰ ਕੁਝ ਨਹੀਂ ਦੇਣਾ ਚਾਹੀਦਾ।"

ਅੰਮ੍ਰਿਤਸਰ ਉਤਰੇ ਤਾਂ ਜੀ ਆਈ, ਪਈ ਚਲੋ ਯਤੀਮਖ਼ਾਨੇ ਹੀ ਹੋ ਆਈਏ। ਪ੍ਰੀਤਮ ਸਿੰਘ ਘਰ ਨੂੰ ਗਿਆ। ਮੈਂ ਯਤੀਮਖ਼ਾਨੇ ਵੱਲ ਤੁਰਿਆ। ਜਾਂਦਿਆਂ ਹੀ ਵੇਖਿਆ ਕਿ ਪ੍ਰੀਤਮ ਸਿੰਘ ਦਾ ਨੌਕਰ ਲੱਡੂ ਲੈ ਕੇ ਆਇਆ ਹੈ। ਪੁੱਛਿਆ ਤਾਂ ਕਹਿਣ ਲੱਗਾ, "ਜੀ ਸਵੇਰੇ ਸਰਦਾਰ ਸਾਹਿਬ ਹੁਕਮ ਕਰ ਗਏ ਸਨ। ਹਲਵਾਈ ਨੇ ਹੁਣੇ ਬਣਾਏ ਨੇ। ਇਥੇ ਵੰਡਣ ਆਇਆ ਹਾਂ।" ਮੈਂ ਜਾਣ ਬੁੱਝ ਕੇ ਹੈਰਾਨ ਹੋ ਕੇ ਕਿਹਾ, "ਹੈਂ! ਸਰਦਾਰ ਪ੍ਰੀਤਮ ਸਿੰਘ ਹੋਰੀਂ ਵੀ ਇਥੇ ਦਾਨ ਦੇਂਦੇ ਹਨ?" ਨੌਕਰ ਬੋਲਿਆ, "ਜੀ ਆਹ ਦੋਵੇਂ ਕਮਰੇ ਉਨ੍ਹਾਂ ਹੀ ੧੦੦੦) ਖ਼ਰਚ ਕੇ ਪੁਆਏ

ਹਨ। ਹਰ ਦਿਨ ਦਿਹਾਰ ਨੂੰ ਕੁਝ ਨਾ ਕੁਝ ਭੇਜਦੇ ਹਨ। ਫਿਰ ਹਰ ਸਾਲ ੧੦੦) ਵੱਖ ਦੇਂਦੇ ਹਨ।"

ਮੇਰੀ ਹੈਰਾਨੀ ਦੀ ਕੋਈ ਹੱਦ ਨਾ ਰਹੀ। ਹੋਰ ਸਾਰਿਆਂ ਕਮਰਿਆਂ ਉਤੇ ਦਾਤਿਆਂ ਦੇ ਨਾਂ ਲਿਖੇ ਹੋਏ ਸਨ, ਪਰ ਇਹੀ ਦੋ ਖਾਲੀ ਸਨ। ਪ੍ਰਬੰਧਕਾਂ ਨੂੰ ਪੁੱਛਣ ਤੋਂ ਪਤਾ ਲੱਗਾ ਕਿ ਉਹ ਸਰਦਾਰ ਪ੍ਰੀਤਮ ਸਿੰਘ ਦੇ ਬਣਾਏ ਹੋਏ ਹਨ, ਤੇ ਉਹ ਆਪਣਾ ਨਾਮ ਨਹੀਂ ਲਿਖਾਉਣਾ ਚਾਹੁੰਦੇ।

ਮੈਂ ਇਨ੍ਹਾਂ ਗੱਲਾਂ ਕਰਕੇ ਕਦੇ ਉਸ ਨਾਲ ਗੁੱਸੇ ਨਹੀਂ ਹੁੰਦਾ, ਸਗੋਂ ਉਸ ਦੀਆਂ ਗੱਲਾਂ ਸੁਣਕੇ ਹੈਰਾਨ ਤੇ ਖੁਸ਼ ਹੁੰਦਾ ਹਾਂ।

# ਸੱਭਿਆਚਾਰਾਂ ਦਾ ਮੇਲ

ਹਿੰਦੁਸਤਾਨ ਵਿਚ ਜਾਤੀਆਂ ਦੀ ਪਰਸਪਰ ਸਾਂਝ-ਸੰਭਾਲੀ ਦਾ ਮਸਲਾ ਅਤਿਅੰਤ ਜ਼ਰੂਰੀ ਹੈ। ਬਤੌਰ ਕੌਮ ਦੇ ਅਸੀਂ ਓਨਾ ਚਿਰ ਅੱਗੇ ਨਹੀਂ ਵਧ ਸਕਦੇ ਨਹੀਂ ਨਹੀਂ, ਅਸੀਂ ਇਕ ਕੌਮ ਹੀ ਨਹੀਂ ਅਖਵਾ ਸਕਦੇ—ਜਿੰਨਾ ਚਿਰ ਇਥੋਂ ਦੀਆਂ ਮਜ਼੍ਹਬੀ ਬਰਾਦਰੀਆਂ ਵਿਚ ਦਿਲੀ ਮੇਲ ਨਹੀਂ ਹੋ ਜਾਂਦਾ। ਅਚਨਚੇਤ ਲੋੜ ਜਾਂ ਭੀੜ ਸਮੇਂ ਨਿਰੇ ਝਟ ਟਪਾਊ ਨੀਤਕ ਸਿਰਜੋੜ ਜਾਂ ਕਿਸੇ ਤੀਜੀ ਧਿਰ ਦੇ ਵਿਰੁੱਧ ਨਿਰੀਆਂ ਆਰਜ਼ੀ ਸੰਧੀਆਂ ਕਾਫ਼ੀ ਨਹੀਂ ਹਨ। ਦੁਵੱਲੀ ਸੁਭਾਵਾਂ ਦੇ ਪੇਉਂਦ ਦੀ ਲੋੜ ਹੈ, ਜਿਸ ਵਿਚੋਂ ਇਕੋ ਸਾਂਝੀ ਕੌਮੀਅਤ ਦਾ ਬੂਟਾ ਨਿਸਰੇ ਅਤੇ ਇਕੋ ਤਰ੍ਹਾਂ ਦਾ ਫਲ ਦੇਵੇ।

ਹੁਣ ਤਕ ਇਸ ਮਨੋਰਥ ਦੀ ਸਿਧੀ ਲਈ ਜਿਤਨੀਆਂ ਕੋਸ਼ਿਸ਼ਾਂ ਕੀਤੀਆਂ ਗਈਆਂ ਹਨ, ਸਾਰੀਆਂ ਨਿਸਫਲ ਰਹੀਆਂ ਹਨ। ਇਹ ਤਿੰਨ ਤਰ੍ਹਾਂ ਦੀਆਂ ਕੋਸ਼ਿਸ਼ਾਂ ਸਨ। ਇਕ ਤਾਂ ਮਹਾਤਮਾ ਗਾਂਧੀ ਦਾ ਜਤਨ ਸੀ, ਜੋ 'ਖਿਲਾਫ਼ਤ ਲਹਿਰ' ਦੇ ਸਮੇਂ ਤਜਵੀਜ਼ ਕੀਤਾ ਗਿਆ। ਉਹ ਇਹ ਸੀ ਕਿ ਹਿੰਦੂ ਆਪਣੇ ਮੁਸਲਮਾਨ ਭਰਾਵਾਂ ਦਾ ਦਰਦ ਵੰਡਾਣ ਤੇ ਮੁਸਲਮਾਨ ਹਿੰਦੂਆਂ ਲਈ ਕਸ਼ਟ ਸਹਿਣ ਸਾਂਝੇ ਕਸ਼ਟ ਦੀ ਕੁਠਾਲੀ ਵਿਚ ਪੈ ਕੇ ਦੋਵੇਂ ਧਿਰਾਂ ਢਲ ਕੇ ਇਕ ਹੋ ਜਾਣਗੀਆਂ। ਇਸ ਤਜਰਬੇ ਲਈ ਇਕ ਦੋ ਗੱਲਾਂ ਦਾ ਹੋਣਾ ਜ਼ਰੂਰੀ ਹੈ ਜੋ ਏਸ ਵੇਲੇ ਮੌਜੂਦ ਨਹੀਂ। ਇਕ ਤਾਂ ਅਤਿਅੰਤ ਤੀਬਰ ਇੱਛਾ ਹੋਵੇ ਇਕ ਦੂਜੇ ਨਾਲ ਭਲਾ ਕਰਨ ਦੀ, ਅਤੇ ਦੂਜੀ ਇਕ ਆਦਰਸ਼ਕ ਬ੍ਰਿਤੀ ਹੋਵੇ ਜਿਸ ਨਾਲ ਦੂਜੇ ਧਿਰ ਦੇ ਹੱਕ ਆਪਣੇ ਹੱਕਾਂ ਦੇ ਬਰਾਬਰ ਦਿਸਣ। ਨਾਲੇ ਇਸ ਤਜਰਬੇ ਲਈ ਕਸ਼ਟ ਝਲਣ ਦੇ ਮੌਕੇ ਮਿਲਦੇ ਰਹਿਣ। ਪਰ ਹੋ ਸਕਦਾ ਹੈ ਕਿ ਹਾਲਾਤ ਹੀ ਐਸੇ ਹੋਣ ਕਿ ਇਹ ਮੌਕੇ ਮਿਲਣ ਹੀ ਨਾ, ਕਿਉਂਕਿ ਇਹ ਮੌਕੇ ਬਣਾਨਾ ਕਿਸੇ ਤੀਜੀ ਧਿਰ ਦੇ ਵਸ ਹੈ, ਜੋ ਸਿਆਣੀ ਤੇ ਚੇਤੰਨ ਹੋ ਸਕਦੀ ਹੈ। ਇਹ ਇਕ ਜਜ਼ਬਾਤੀ ਇਲਾਜ ਹੈ ਤੇ ਸਿਰਫ ਭੀੜਾਂ ਤੇ ਅਚਨਚੇਤੀ ਲੋੜਾਂ ਸਮੇਂ ਕੰਮ

ਆ ਸਕਦਾ ਹੈ। ਇਹ ਕੌਮੀ ਉਸਾਰੀ ਦੇ ਪ੍ਰੋਗਰਾਮ ਦਾ ਪੱਕਾ ਤੇ ਸਥਾਈ ਅੰਗ ਨਹੀਂ ਬਣ ਸਕਦਾ, ਤੇ ਨਾ ਹੀ ਮਨੁੱਖੀ ਸੁਭਾਅ ਇਕੋ ਸਾਹੇ ਇਸ ਵਿਚ ਜੁੱਟਿਆ ਰਹਿ ਸਕਦਾ ਹੈ।

ਲਾਲਾ ਲਾਜਪਤ ਰਾਇ ਵਰਗੇ ਲੀਡਰਾਂ ਨੇ ਇਕ ਹੋਰ ਉਪਾਅ ਭੀ ਦਸਿਆ ਹੈ ਜਿਸ ਦੀ ਪ੍ਰੋੜ੍ਹਤਾ ਅੱਜ ਕੱਲ੍ਹ ਦੇ ਖੁੱਲ੍ਹੇ ਜ਼ਮਾਨੇ ਵਿਚ ਬਹੁਤ ਹੋ ਰਹੀ ਹੈ। ਉਹ ਇਹ ਹੈ ਕਿ ਹਿੰਦੂ ਤੇ ਮੁਸਲਮਾਨ ਆਪਣੀਆਂ ਧਾਰਮਕ ਰਹੁ-ਰੀਤਾਂ ਵਿਚ ਘਟ ਸ਼ਿਡਈ ਹੋ ਜਾਣ, ਅਤੇ ਇਨ੍ਹਾਂ ਨੂੰ ਕੌਮੀ ਏਕਤਾ ਉਤੇ ਕੁਰਬਾਨ ਕਰ ਦੇਣ। ਇਹ ਮੰਗ ਉਤੋਂ ਬਹੁਤ ਵਾਜਬੀ ਦਿਸਦੀ ਹੈ ਪਰ ਅਸਲ ਵਿਚ ਇਹ ਮੰਨਣੀ ਬਹੁਤ ਔਖੀ ਹੈ। ਜਿਵੇਂ ਮਜ਼੍ਹਬ ਦੀ ਬਣਤਰ ਹੈ ਜਾਂ ਅਸਾਂ ਹਿੰਦੁਸਤਾਨੀਆਂ ਨੇ ਇਹਨੂੰ ਸਮਝ ਰਖਿਆ ਹੈ, ਜਿਸ ਵਿਚ ਜਾਣ ਬੁਝਕੇ ਤਬਦੀਲੀ ਕਰਨ ਦੀ ਗੁੰਜਾਇਸ਼ ਨਹੀਂ। ਇਕ ਹਿੰਦੂ ਭਾਵੇਂ ਘਰ ਵਿਚ ਹਵਨ ਕਰੇ ਜਾਂ ਨਾ ਕਰੇ, ਪਰ ਜਿਸ ਵੇਲੇ ਅਨਮਤੀ ਲੋਕ ਉਸ ਦੇ ਇਸ ਹੱਕ ਵਿਚ ਦਖ਼ਲ ਦੇਣ ਤਾਂ ਉਹ ਹਰ ਇਕ ਨੁਕਸਾਨ ਸਹਾਰ ਕੇ ਇਸ ਦੀ ਰਖਵਾਲੀ ਲਈ ਉਠ ਖੜਾ ਹੋਵੇਗਾ। ਹਿੰਦੂ ਗਊ ਨੂੰ ਪਵਿੱਤਰ ਮੰਨਦੇ ਹਨ ਪਰ ਮੁਸਲਮਾਨਾਂ ਵਿਚ ਗਊ ਦੀ ਕੁਰਬਾਨੀ ਧਾਰਮਕ ਅਸੂਲ ਹੈ। ਉਨ੍ਹਾਂ ਦਾ ਇਹ ਇਕ ਪਵਿੱਤਰ ਹੱਕ ਹੈ। ਜੇ ਓਹ ਚਾਹੁਣ ਤਾਂ ਇਸ ਹੱਕ ਨੂੰ ਭਾਵੇਂ ਕਦੇ ਭੀ ਨਾ ਵਰਤਣ, ਪਰ ਜੇ ਇਸ ਵਿਚ ਕੋਈ ਅਨਮਤੀ ਜਾਣ ਬੁਝ ਕੇ ਅੜਿੱਕਾ ਡਾਹੇ, ਤਦ ਓਹ ਮੂਤਾਣੇ ਹੋ ਖੜੋਣਗੇ। ਕਈਆਂ ਹਾਲਤਾਂ ਵਿਚ ਇਨ੍ਹਾਂ ਹੱਕਾਂ ਤੇ ਡੱਟ ਖਲੋਣਾ ਮਨੁੱਖ ਦੇ ਧਰਮ ਦੀ ਜ਼ਰੂਰੀ ਸ਼ਰਤ ਹੋ ਜਾਂਦੀ ਹੈ। ਇਨ੍ਹਾਂ ਧਾਰਮਕ ਹੱਕਾਂ ਦੀ ਖਿੱਚੋ ਖਿੱਚੀ ਦਾ ਇਲਾਜ ਇਹ ਨਹੀਂ ਕਿ ਇਕ ਧਿਰ ਨੂੰ ਆਪਣੇ ਹੱਕ ਛੱਡ ਦੇਣ ਉਤੇ ਮਜਬੂਰ ਕੀਤਾ ਜਾਵੇ, ਬਲਕਿ ਦੋਹਾਂ ਧਿਰਾਂ ਦੀ ਇਕ ਦੂਜੇ ਵਲ ਬ੍ਰਿਤੀ ਬਦਲਣੀ ਚਾਹੀਦੀ ਹੈ। ਕਿਸੇ ਇਕ ਨੂੰ ਦੂਜੇ ਦੇ ਰਸਮ ਰਿਵਾਜ ਪੂਰਾ ਕਰਨ ਵਿਚ ਉਜ਼ਰ ਨਹੀਂ ਹੋਣਾ ਚਾਹੀਦਾ। ਜੇ ਹਿੰਦੂ ਹਵਨ ਕਰਨ, ਤਾਂ ਮੁਸਲਮਾਨਾਂ ਨੂੰ ਖੁਸ਼ੀ ਹੋਣੀ ਚਾਹੀਦੀ ਹੈ, ਅਤੇ ਜੇ ਮੁਸਲਮਾਨ ਗਊ ਬੱਧ ਕਰਨ ਤਾਂ ਹਿੰਦੂਆਂ ਨੂੰ ਨੱਕ ਨਹੀਂ ਚੜ੍ਹਾਣਾ ਚਾਹੀਦਾ! (ਇਉਂ ਕਰਨ ਨਾਲ ਖਵਰੇ ਗਊਆਂ ਘਟ ਮਰਨਗੀਆਂ, ਜਿਵੇਂ ਕਿ ਨਿਰੋਲ ਮੁਸਲ-ਮਾਨੀ ਮੁਲਕਾਂ ਵਿਚ ਹੁੰਦਾ ਹੈ)। ਮੁਸਲਮਾਨਾਂ ਨੂੰ ਮਸੀਤ ਦੇ ਸਾਹਮਣੇ ਵਾਜਾ ਵਜਣ ਤੇ ਰੋਸ ਨਹੀਂ ਹੋਣਾ ਚਾਹੀਦਾ। ਹਿੰਦੂਆਂ ਤੇ ਸਿੱਖਾਂ ਨੂੰ ਭੀ ਚਾਹੀਦਾ ਹੈ ਜਦ ਮਸੀਤ ਵਿਚ ਨਮਾਜ਼ ਪੜ੍ਹੀਂਣੀ ਹੋਵੇ ਤਾਂ ਅਦਬ ਵਜੋਂ ਆਪੇ ਵਾਜਾ ਬੰਦ ਕਰ ਦੇਣ ਜਾਂ ਵਾਜੇ

ਵਾਲੇ ਜਲੂਸ ਦਾ ਵਕਤ ਹੀ ਐਸਾ ਰਖਣ ਕਿ ਉਸ ਵਕਤ ਨਮਾਜ਼ ਨਾ ਪੜ੍ਹੀ ਦੀ ਹੋਵੇ। ਮੈਂ ਤਾਂ ਜਦ ਮੁਸਲਮਾਨਾਂ ਨੂੰ ਹਜ਼ਾਰਾਂ ਦੀ ਗਿਣਤੀ ਵਿਚ ਨਮਾਜ਼ ਪੜ੍ਹਦੇ ਦੇਖਦਾ ਹਾਂ ਤਾਂ ਮੇਰਾ ਦਿਲ ਧਾਰਮਕ ਹੁਲਾਰੇ ਵਿਚ ਆ ਜਾਂਦਾ ਹੈ ਅਤੇ ਸਿਰ ਅਦਬ ਨਾਲ ਝੁਕ ਜਾਂਦਾ ਹੈ। ਉਥੇ ਮੇਰੇ ਸੋਹਣੇ ਭਰਾ ਮੇਰੇ ਆਪਣੇ ਰੱਬ ਦੀਆਂ ਸੋਹਣੀਆਂ ਸਿਫਤਾਂ ਕਰ ਰਹੇ ਹੁੰਦੇ ਹਨ! ਉਥੇ ਮੇਰੇ ਦਿਲ ਨੂੰ ਖੁਲ੍ਹਾ ਕਰਨ ਲਈ ਦਸਮੇਸ਼ ਜੀ ਦੀ ਵੰਗਾਰ ਪੈਂਦੀ ਹੈ: "ਦੇਹਰਾ ਮਸੀਤ ਸੋਈ, ਪੂਜਾ ਔ ਨਿਵਾਜ ਓਹੀ, ਮਾਨਸ ਸਬੈ ਏਕ ਪੈ ਅਨੇਕ ਕੋ ਪ੍ਰਮਾਉ ਹੈ।"

ਤੀਜਾ ਇਕ ਹੋਰ ਉਪਾਅ ਹੈ ਜੋ ਬਾਕੀ ਉਪਾਵਾਂ ਤੋਂ ਨਿਰਾਸ ਹੋ ਕੇ ਪੇਸ਼ ਕੀਤਾ ਗਿਆ ਹੈ। ਉਹ ਇਹ ਹੈ ਕਿ ਭਿੰਨ ਭਿੰਨ ਜਾਤੀਆਂ ਨੂੰ ਮਜ਼੍ਹਬੀ ਬਿਨ੍ਹਾ ਤੇ ਵੱਖੋ ਵੱਖ ਸੰਗਠਨ ਜਾਂ ਤਨਜ਼ੀਮ ਵਿਚ ਪਰੋਕੇ ਆਪੋ ਆਪਣਾ ਬਚਾਉ ਕਰਨ ਦੇ ਲਾਇਕ ਬਣਾਇਆ ਜਾਵੇ ਤਾਂ ਕਿ ਇਕ ਦੂਜੇ ਉਤੇ ਹਮਲਾ ਕਰਨ ਦਾ ਹੀਆ ਹੀ ਨਾ ਪਏ, ਤੇ ਇਕ ਦੂਜੇ ਦੀ ਇਜ਼ਤ ਕਰਨ ਦੀ ਪ੍ਰੇਰਨਾ ਹੋਵੇ। ਇਸ ਦਾ ਸਿੱਟਾ ਇਹ ਤਾਂ ਹੋ ਸਕਦਾ ਹੈ ਕਿ ਹਰ ਇਕ ਫ਼ਿਰਕਾ ਆਪੋ ਆਪਣੀ ਸੁਰਤ ਸੰਭਾਲ ਕੇ ਦੂਜੇ ਦੇ ਵਾਰਾਂ ਤੋਂ ਬਚਣ ਲਈ ਕਾਫ਼ੀ ਤਕੜਾ ਹੋ ਜਾਵੇ, ਪਰ ਇਸ ਦਾ ਇਹ ਨਤੀਜਾ ਕਦੇ ਨਹੀਂ ਹੋ ਸਕਦਾ ਕਿ ਇਹ ਫ਼ਿਰਕੇ ਢਲ ਢੁਲ ਕੇ ਇਕ ਕੌਮ ਬਣ ਜਾਣ। ਬਲਕਿ ਤੁਸਾਂ ਵੇਖਿਆ ਹੋਣਾ ਹੈ ਕਿ ਇਸ ਲਹਿਰ ਦੇ ਸਿਟੇ ਵਜੋਂ ਇਕ ਧਿਰ ਨੂੰ ਏਲਾਨੀਆ ਤੌਰ ਤੇ ਇਹ ਆਖਣ ਦਾ ਹੀਆ ਪੈ ਗਿਆ ਹੈ ਕਿ ਹਿੰਦੁਸਤਾਨ ਹਿੰਦੂਆਂ ਦਾ ਹੈ, ਤੇ ਦੂਜੀ ਧਿਰ ਇਹ ਰਾਇ ਬਣਾਣ ਤੇ ਮਜਬੂਰ ਹੋ ਗਈ ਕਿ ਮੁਸਲਮਾਨਾਂ ਦੀ ਇਕ ਵੱਖਰੀ ਕੌਮ ਹੈ, ਜਿਸ ਦਾ ਵਤਨ ਹਿੰਦ ਹੀ ਨਹੀਂ ਬਲਕਿ ਚੀਨ, ਤੁਰਕਿਸਤਾਨ, ਈਰਾਨ, ਅਰਬ ਆਦਿ ਸਾਰੇ ਮੁਲਕ ਹਨ। ਹਿੰਦ ਵਿਚ ਭੀ ਉਹ ਆਪਣੇ ਲਈ ਵੱਖਰੇ ਇਲਾਕੇ ਮੰਗਣ ਲੱਗ ਪਏ, ਜਿਨ੍ਹਾਂ ਵਿਚ ਉਹ ਆਪਣੀ ਸਭਿਅਤਾ ਤੇ ਆਪਣੀ ਰਹਿਣੀ-ਬਹਿਣੀ ਸੰਭਾਲ ਕੇ ਵੱਖਰੀ ਤੇ ਨਿਰੋਲ ਰੱਖ ਸਕਣ। ਸਚ ਹੈ ਜੇ ਹਿੰਦ ਹਿੰਦੂਆਂ ਦਾ ਹੈ, ਤਾਂ ਮੁਸਲਮਾਨਾਂ ਲਈ ਵੱਖਰਾ ਦੇਸ਼ ਹੋਣਾ ਚਾਹੀਦਾ ਹੈ। ਇਹ ਦੋਵੇਂ ਖ਼ਿਆਲ ਰੋਗੀ ਮਨ ਤੋਂ ਪੈਦਾ ਹੋਏ ਤੇ ਇਹ ਰੋਗ ਸੰਗਠਨ ਤੇ ਤਨਜ਼ੀਮ ਦੇ ਪ੍ਰਚਾਰ ਨੇ ਪੈਦਾ ਕੀਤਾ, ਜਿਸ ਦਾ ਅੰਤਮ ਸਿੱਟਾ ਪਾਕਿਸਤਾਨ ਅਤੇ ਹਿੰਦੂ-ਮੁਸਲਮ ਫ਼ਸਾਦ ਨਿਕਲਿਆ। ਹਿੰਦੁਸਤਾਨੀ ਕੌਮ ਇਕ ਹੈ, ਜਿਸ ਦੇ ਅੰਗ ਹਿੰਦੂ ਭੀ ਹਨ ਤੇ ਮੁਸਲਮਾਨ ਭੀ, ਜਾਂ ਇਉਂ ਕਹੋ, ਜਿਵੇਂ ਸਰ ਸਈਅਦ ਅਹਿਮਦ

ਕਿਹਾ ਕਰਦੇ ਸਨ, ਕਿ ਹਿੰਦ ਇਕ ਸੁੰਦਰੀ ਹੈ ਜਿਸ ਦੀ ਇਕ ਅੱਖ ਹਿੰਦੂ ਹਨ ਤੇ ਦੂਜੀ ਅੱਖ ਮੁਸਲਮਾਨ। ਇਕ ਅੱਖ ਦੇ ਵਿਗੜਨ ਨਾਲ ਸਾਰੇ ਸਰੀਰ ਦੀ ਸੁੰਦਰਤਾ ਮਾਰੀ ਜਾਂਦੀ ਹੈ। ਇਹ ਕੌਮੀ ਏਕਤਾ ਦਾ ਖ਼ਿਆਲ ਤਦ ਸਫ਼ਲ ਹੋ ਸਕਦਾ ਹੈ ਜੇਕਰ ਦੋਵੇਂ ਧਿਰਾਂ ਆਪਣੇ ਆਪ ਨੂੰ ਅਤੇ ਇਕ ਦੂਜੇ ਨੂੰ ਇਕ ਕੌਮ ਦਾ ਅੰਗ ਸਮਝਣ, ਅਤੇ ਨਿਰੇ ਆਪਣੇ ਹੱਕਾਂ ਲਈ ਨਹੀਂ ਬਲਕਿ ਆਪਣੇ ਗੁਆਂਢੀਆਂ ਲਈ ਭੀ ਲੜਨਾ ਤੇ ਕਸ਼ਟ ਸਹਿਣਾ ਸਿਖਣ।

੨

ਇਹ ਸਚ ਹੈ ਕਿ ਹਿੰਦੁਸਤਾਨ ਅਜੇ ਤੀਕਣ ਇਸ ਔਕੜ ਦਾ ਹੱਲ ਨਹੀਂ ਲੱਭ ਸਕਿਆ। ਪਰ ਕੀ ਕਿਸੇ ਹੋਰ ਕੌਮ ਨੇ ਲੱਭਾ ਹੈ ? ਤੁਸੀਂ ਕਹੋਗੇ ਯੂਰਪ ਵਿਚ ਰੋਮਨ-ਕੈਥੋਲਿਕ ਤੇ ਪ੍ਰਾਟੈਸਟੈਂਟ ਜਾਂ ਹੋਰ ਕਈ ਫਿਰਕੇ ਕੋਲ ਕੋਲ ਵਸਦੇ ਰਸਦੇ ਹਨ ਅਤੇ ਉਨ੍ਹਾਂ ਦੀਆਂ ਆਪਸ ਵਿਚ ਦੀਆਂ ਤੇੜਾਂ ਆਪੋ ਆਪਣੀ ਕੌਮੀਅਤ ਦਾ ਹਿੱਸਾ ਬਣਕੇ ਰਹਿਣ 'ਚ ਕੋਈ ਫ਼ਰਕ ਨਹੀਂ ਪਾਂਦੀਆਂ। ਇਹ ਮਿਸਾਲ ਸਾਨੂੰ ਮਦਦ ਨਹੀਂ ਦੇ ਸਕਦੀ, ਕਿਉਂਕਿ ਉਨ੍ਹਾਂ ਦੀਆਂ ਆਪਸ ਦੀਆਂ ਤੇੜਾਂ ਸਭਿਆਚਾਰੀ ਤੇੜਾਂ ਨਹੀਂ। ਓਹ ਲੋਕ ਕੇਵਲ ਧਾਰਮਕ ਯਕੀਨ ਵਿਚ ਜਾਂ ਪੂਜਾ ਪਾਠ ਦੀ ਰੀਤ ਵਿਚ ਵੱਖ-ਵੱਖ ਦਿਸਦੇ ਹਨ, ਪਰ ਆਮ ਰਹਿਣ ਬਹਿਣ, ਕਿਰਤ ਵਿਰਤ ਸੋਚਣ ਵਿਚਾਰਣ ਜਾਂ ਮਹਿਸੂਸਣ ਦੇ ਢੰਗਾਂ ਵਿਚ ਇਕੋ ਜਿਹਾ ਵਰਤਦੇ ਹਨ। ਇਸ ਲਈ ਉਨ੍ਹਾਂ ਦੇ ਵਖੇਵੇਂ ਮੇਟਣੇ ਔਖੇ ਨਹੀਂ। ਪੱਛਮੀ ਦੇਸ਼ਾਂ ਵਿਚ ਅੱਡ-ਅੱਡ ਸਭਿਆਚਾਰਾਂ ਵਿਚ ਪਲੇ ਲੋਕਾਂ ਨੂੰ ਜੋੜਕੇ ਇਕ ਕਰਨ ਦਾ ਤਜਰਬਾ ਕਦੇ ਸਫਲ ਨਹੀਂ ਹੋਇਆ। ਉਥੇ ਸਮੇਂ-ਸਮੇਂ ਇਹ ਔਕੜ ਕਈਆਂ ਦੇਸ਼ਾਂ ਨੂੰ ਵਾਪਰਦੀ ਰਹੀ ਹੈ, ਪਰ ਇਸ ਦਾ ਹਲ ਹਮੇਸ਼ਾ ਮਾੜੇ ਧੜੇ ਨੂੰ ਮੈਦਾਨੋਂ ਹੀ ਕੱਢ ਦੇਣ ਵਿਚ ਸਮਝਿਆ ਗਿਆ ਹੈ, ਭਾਵ ਇਹ ਕਿ ਅਜੇਹੀ ਗੁੰਝਲ ਨੂੰ ਖਿੜੇ-ਮੱਥੇ ਸੁਲਝਾਉਣ ਦੀ ਥਾਂ ਮੂਲੋਂ ਕੱਟ ਹੀ ਦੇਂਦੇ ਰਹੇ ਹਨ।

ਅੱਠਵੀਂ ਤੋਂ ਪੰਦਰਵੀਂ ਸਦੀ ਦੇ ਅੰਤ ਤਕ ਸਪੇਨ ਮੁਸਲਮਾਨਾਂ ਦੇ ਹੱਥ ਰਿਹਾ ਪਰ ਜਦ ੧੯੪੨ ਵਿਚ ਇਨ੍ਹਾਂ ਦਾ ਰਾਜ ਖ਼ਤਮ ਹੋ ਗਿਆ, ਤਾਂ ਭੀ ਦੇਸ਼ ਵਿਚ ਚੋਖਾ ਤੇ ਕਾਰਵਦਾ ਹਿਸਾ ਇਨ੍ਹਾਂ ਦੀ ਵਸੋਂ ਦਾ ਸੀ। ਉਸ ਵੇਲੇ ਈਸਾਈਆਂ ਦੀ ਨਵੀਂ ਹਕੂਮਤ ਅੱਗੇ ਉਹੋ ਸਵਾਲ ਪੇਸ਼ ਆਇਆ ਜੋ ਸਾਡੇ ਸਾਹਮਣੇ ਹੈ ਕਿ ਇਨ੍ਹਾਂ

ਅਡਰੀ ਸਭਿੱਤਾ ਵਾਲੇ ਲੋਕਾਂ ਨੂੰ ਆਪਣੇ ਅੰਦਰ ਕਿਵੇਂ ਸਮੇਟਿਆ ਜਾਏ । ਈਸਾਈ ਹਾਕਮ ਆਪਣੀ ਪਾਲਿਸੀ ਐਸੀ ਬਣਾ ਸਕਦੇ ਸਨ ਜਿਸ ਦੇ ਨਾਲ ਮੁਸਲਮਾਨ ਈਸਾਈਆਂ ਵਿਚ ਰਚ ਮਿਚ ਕੇ ਇਕ ਰਲਵੀਂ ਕੌਮ ਦਾ ਹਿਸਾ ਬਣ ਜਾਂਦੇ । ਇਸ ਨਾਲ ਸਪੇਨ ਨੂੰ ਬਹੁਤ ਲਾਭ ਪੁਜਦਾ ਕਿਉਂਕਿ ਮੁਸਲਮਾਨ ਲੋਕ ਕਾਰੀਗਰੀ ਅਤੇ ਸਭਿਆਚਾਰ ਵਿਚ ਈਸਾਈਆਂ ਪਾਸੋਂ ਬਹੁਤ ਅਗਾਹਾਂ ਲੰਘੇ ਹੋਏ ਸਨ ਪਰ ਐਸਾ ਨਾ ਕੀਤਾ ਗਿਆ । ਪਹਿਲੋਂ ਤਾਂ ਮੁਸਲਮਾਨਾਂ ਨੂੰ ਕਿਹਾ ਗਿਆ ਕਿ ਆਪਣੇ ਨਾਂ ਈਸਾਈਆਂ ਵਾਲੇ ਰੱਖ ਲਓ, ਭਾਵੇਂ ਧਰਮ ਨਾ ਬਦਲੋ । ਫਿਰ ਸਭ ਨੂੰ ਹਕਮ ਹੋ ਗਿਆ ਕਿ ਜਾਂ ਈਸਾਈ ਮਤ ਧਾਰਣ ਕਰ ਲਓ, ਜਾਂ ਬਿਸਤਰਾ ਬੋਰੀਆ ਚੁੱਕ ਕੇ ਮੁਲਕ ਤੋਂ ਬਾਹਰ ਹੋ ਜਾਓ । ਕੇਹਾ ਸੌਖਾ ਤਰੀਕਾ ਸੀ ਏਕਤਾ ਵਰਤਾਉਣ ਦਾ ! ਸਪੇਨ ਤੇ ਪੁਰਤਗਾਲ ਵਿਚ ਏਹ ਤਰੀਕਾ ਯਹੂਦੀਆਂ ਨਾਲ ਵਰਤਿਆ ਗਿਆ । ਇੰਗਲੈਂਡ ਵਾਲਿਆਂ ਨੇ ਯਹੂਦੀਆਂ ਨੂੰ ੧੨੯੦ ਵਿਚ ਦੇਸ਼ ਨਿਕਾਲਾ ਦੇ ਦਿਤਾ, ਅਤੇ ਉਹ ਕਈ ਸਦੀਆਂ ਤੀਕ ਇਸ ਦੇਸ਼ ਤੋਂ ਬਾਹਰ ਰਹੇ । ਫੇਰ ਆਏ ਭੀ, ਤਾਂ ਚਿਰਾਂ ਤੀਕ ਪੂਰਾ ਹਕ ਨਾ ਲੈ ਸਕੇ । ਅੰਤ ੧੮੫੮ ਵਿਚ ਪਾਰਲੀਮੈਂਟ ਦੀ ਮੈਂਬਰੀ ਦਾ ਹੱਕ ਮਿਲਿਆ । ਫਰਾਂਸ਼ ਵਾਲਿਆਂ ਨੇ ਉਨ੍ਹਾਂ ਨੂੰ ਬਰਾਬਰੀ ਦਾ ਹੱਕ ੧੭੯੦ ਵਿਚ ਦਿੱਤਾ ਤੇ ਜਰਮਨੀ ਵਾਲਿਆਂ ਨੇ ੧੮੯੧ ਵਿਚ. ਪਰ ਇਹ ਹਕ ਮੁੜ ਹਿਟਲਰ ਦੀ ਹਕੂਮਤ ਨੇ ਖੋਹ ਲਏ। ਇਹ ਵਿਚਾਰੇ ਹੁਣ ਦਰ-ਬ-ਦਰ ਧੱਕੇ ਖਾ ਰਹੇ ਹਨ । ਯੂਰਪ ਅਤੇ ਅਮਰੀਕਾ ਵਾਲੇ ਈਸਾਈ ਆਪਣੇ ਸਦੀਆਂ ਦੇ ਧੋਣ ਇਉਂ ਧੋਣਾ ਚਾਹੁੰਦੇ ਹਨ ਕਿ ਯਹੂਦੀਆਂ ਨੂੰ ਅਰਬਾਂ ਦੇ ਖ਼ਰਚ ਤੇ ਫਲਸਤੀਨ ਵਿਚ ਵਸਾਇਆ ਜਾਵੇ । ਪਰਾਏ ਹੰਡੇ ਅੰਮਾ ਦਾਤੀ ! ਇਨ੍ਹਾਂ ਵਿਚਾਰਿਆਂ ਨੇ ਜੋ ਦੁਖੜੇ ਰੂਸ ਪੋਲੈਂਡ, ਆਸਟਰੀਆ, ਹੰਗਰੀ 'ਚ ਸਹੇ ਹਨ ਉਨ੍ਹਾਂ ਦੀ ਕਹਾਣੀ ਲੂੰ ਕੰਡੇ ਖੜੇ ਕਰ ਦੇਣ ਵਾਲੀ ਹੈ । ਯੂਰਪ ਮੁਸਲਮਾਨਾਂ ਤੇ ਯਹੂਦੀਆਂ ਨੂੰ ਆਪਣੇ ਅੰਦਰ ਕਿਉਂ ਨਹੀਂ ਸਮਾ ਸਕਿਆ ? ਕੇਵਲ ਇਸ ਲਈ ਕਿ ਇਹ ਲੋਕੀਂ ਆਸ ਪਾਸ ਦੇ ਲੋਕਾਂ ਕੋਲੋਂ ਸਭਿਆਚਾਰ ਵਿਚ ਵੱਖਰੇ ਹਨ। ਇਨ੍ਹਾਂ ਨੂੰ ਸਮਾਜਿਕ ਅਰਾਮ ਉਤਨਾ ਕੁ ਹੀ ਮਿਲਿਆ ਹੋਇਆ ਹੈ ਜਿੰਨਾ ਕੁ ਇਹ ਲੋਕ ਆਪਣੇ ਸਭਿਆਚਾਰ ਨੂੰ ਛੱਡ ਕੇ ਪਰਾਇਆ ਸਭਿਆਚਾਰ ਗ੍ਰਹਿਣ ਕਰ ਸਕੇ ਹਨ । ਤੁਰਕ ਲੋਕ ਸਦੀਆਂ ਤੀਕ ਯੂਰਪੀਨ ਕੌਮਾਂ ਦੀ ਅੱਖ ਦਾ ਕੰਡਾ ਬਣੇ ਰਹੇ । ਅੰਤ ਉਨ੍ਹਾਂ ਨੂੰ ਪਤਾ ਲਗ ਗਿਆ ਕਿ ਯੂਰਪੀਨ ਕੌਮਾਂ ਨਾਲ ਇਕ-ਇਕ ਹੋਣ ਵਿਚ ਉਨ੍ਹਾਂ ਦਾ ਏਸ਼ੀਆਈ ਸਭਿਆਚਾਰ ਹੀ ਇਕ ਵੱਡੀ ਰੁਕਾਵਟ ਹੈ । ਸੋ ਉਹ ਛੇਤੀ

ਛੇਤੀ ਆਪਣੇ ਸਭਿਆਚਾਰ ਦਾ ਜੁੱਲਾ ਲਾਹ ਕੇ ਪਰ੍ਹਾਂ ਸੁਟ ਰਹੇ ਹਨ ਅਤੇ ਪੱਛਮੀ ਜੀਵਨ ਦਾ ਸਾਂਗ ਭਰ ਰਹੇ ਹਨ ਤਾਂ ਜੋ ਯੂਰਪ ਦੀ ਪਵਿੱਤਰ ਧਰਤੀ ਉਤੇ ਵਸਣ ਵਾਲੇ ਲੋਕਾਂ ਨੀ ਨਜ਼ਰ ਵਿਚ ਪ੍ਰਵਾਨ ਹੋ ਸਕਣ ! ਕਦੀ ਸਮਾਂ ਸੀ ਜਦੋਂ ਅਰਬੀ ਸਭਿਆਚਾਰ ਦਾ ਜ਼ੋਰ ਸੀ ਤੇ ਯੂਰਪੀਨ ਲੋਕ ਭੀ ਦੂਰੋਂ ਚਲ ਕੇ ਮਰਾਕੋ ਤੇ ਸਪੇਨ ਦੀਆਂ ਮੁਸਲਿਮ ਯੂਨੀਵਰਸਟੀਆਂ ਵਿਚ ਅਰਬੀ ਦੇ ਰਾਹੀਂ ਉੱਚੀ ਵਿਦਿਆ ਲੈਣ ਆਉਂਦੇ ਸਨ, ਇਨ੍ਹਾਂ ਲੋਕਾਂ ਦੀ ਰਹਿਣੀ ਬਹਿਣੀ ਦੀ ਨਕਲ ਕਰਦੇ ਅਤੇ ਪਾਤਸ਼ਾਹਾਂ ਤਕ ਇਨ੍ਹਾਂ ਦੇ ਸੋਫ਼ਿਆਂ, ਗਲੀਚਿਆਂ, ਪਰਦਿਆਂ, ਪਿਰਚਾਂ ਪਿਆਲੀਆਂ, ਚਾਹਾਂ ਤੇ ਕਾਹਵਿਆਂ ਦੀ ਵਰਤੋਂ ਕਰਨ ਵਿਚ ਫ਼ਖਰ ਸਮਝਦੇ ਸਨ। ਪਰ ਹੁਣ ਇਸੇ ਸਭਿੱਤਾ ਦੇ ਮੋਢੀਆਂ ਦੀ ਉਲਾਦ ਅਰਬੀ ਅੱਖਰਾਂ ਤੇ ਬੋਲੀ ਨੂੰ ਛੱਡ ਕੇ ਲਾਤੀਨੀ ਅੱਖਰਾਂ ਤੇ ਰੀਝ ਰਹੀ ਹੈ ਤੇ ਆਪਣੀ ਬੋਲੀ ਵਿਚੋਂ ਅਰਬੀ ਲਫ਼ਜ਼ਾਂ ਨੂੰ ਕੱਢ ਕੇ ਯੂਰਪੀਨ ਬੋਲੀਆਂ ਦੇ ਲਫ਼ਜ਼ ਭਰ ਰਹੀ ਹੈ। ਜਿਨ੍ਹਾਂ ਲੋਕਾਂ ਨੇ ਦਾੜ੍ਹੀ ਤੇ ਪਗੜੀ ਦਾ ਰਿਵਾਜ ਸਪੇਨ ਤੋਂ ਲੈ ਆਸਾਮ ਬੰਗਾਲ ਤਕ ਫੈਲਾਇਆ ਸੀ, ਅੱਜ ਉਹੀ ਇਨ੍ਹਾਂ ਚੀਜ਼ਾਂ ਨੂੰ ਸਭਿੱਤਾ ਦੇ ਨਿਸ਼ਾਨ ਮੰਨ ਕੇ ਮੂੰਹ ਸਿਰ ਦਾ ਫੈਸ਼ਨ ਕੁਝ ਹੋਰ ਹੀ ਬਣਾ ਰਹੇ ਹਨ। ਇਸ ਵਿਚ ਦੋਹਾਂ ਸਭਿੱਤਾ ਦਾ ਮੇਲ ਨਹੀਂ, ਬਲਕਿ ਇਕ ਸਭਿੱਤਾ ਦੀ ਭਾਂਜ ਤੇ ਦੂਜੀ ਦਾ ਦਾਬਾ ਮੰਨਿਆ ਗਿਆ ਹੈ। ਇਹ ਉਹ ਸੁਲਾਹ ਹੈ ਜਿਸ ਵਿਚ ਇਕ ਧਿਰ ਦੂਜੀ ਦੀਆਂ ਸ਼ਰਤਾਂ ਮੰਨ ਕੇ ਆਪਣੇ ਹਥਿਆਰ ਸੁੱਟ ਦੇਵੇ।

ਇਹ ਗੱਲ ਸਾਫ਼ ਹੈ ਕਿ ਯੂਰਪ ਦੇ ਇਤਿਹਾਸ ਵਿਚੋਂ ਇਕ ਮਿਸਾਲ ਵੀ ਨਹੀਂ ਮਿਲਦੀ ਜਿਥੇ ਭਿੰਨ-ਭਿੰਨ ਸਭਿਆਚਾਰਾਂ ਵਾਲੇ ਫ਼ਿਰਕਿਆਂ ਜਾਂ ਕੌਮਾਂ ਨੂੰ ਜੋੜ ਕੇ ਇਕਮਈ ਕੀਤਾ ਗਿਆ ਹੋਵੇ। ਅਮਰੀਕਾ ਤੇ ਦੱਖਣੀ ਅਫ਼ਰੀਕਾ ਵਿਚ ਦੀ ਪੱਛਮੀ ਸਭਿੱਤਾ ਵਾਲੇ ਲੋਕ ਅਡਰੀ ਸਭਿੱਤਾ ਵਾਲੇ ਏਸ਼ੀਆਈਆਂ ਨਾਲ ਇਕਮਿਕ ਨਹੀਂ ਹੋ ਸਕਦੇ। ਉਥੇ ਭੀ ਇਹੋ ਜਹੀ ਔਕੜ ਨੂੰ ਹੱਲ ਕਰਨ ਵਾਸਤੇ ਉਹੋ ਪੁਰਾਣਾ ਹਥਿਆਰ ਵਰਤਿਆ ਜਾਂਦਾ ਹੈ ਕਿ ਓਪਰੇ ਨੂੰ ਨਾਲ ਮੇਲਣ ਦੀ ਥਾਂ ਘਰੋਂ ਹੀ ਕੱਢ ਦਿਓ।

## ੩

ਹੱਛਾ, ਤਾਂ ਫਿਰ ਇਸ ਔਕੜ ਦਾ ਕੋਈ ਹੱਲ ਨਹੀਂ ? ਜੇ ਹੋਰਨਾਂ ਲੋਕਾਂ ਦਾ ਇਤਿਹਾਸ ਇਸ ਗੱਲ ਵਿਚ ਸਾਡੀ ਬਹੁੜੀ ਨਹੀਂ ਕਰਦਾ, ਤਾਂ ਕੀ ਸਾਡਾ ਆਪਣਾ

ਇਤਿਹਾਸ ਭੀ ਕੋਈ ਰਾਹ ਨਹੀਂ ਦੱਸਦਾ ? ਮੇਰਾ ਆਪਣਾ ਖ਼ਿਆਲ ਹੈ ਕਿ ਸਾਡੇ ਇਤਿਹਾਸ ਵਿਚ ਇਕ ਅਜੇਹਾ ਸਮਾਂ ਆਇਆ ਸੀ ਭਾਵੇਂ ਇਹ ਜਤਨ ਭੀ ਰੁਕ ਸਕਣ ਵਾਲੇ ਕਾਰਨਾਂ ਕਰਕੇ ਨਿਸਫਲ ਹੀ ਰਿਹਾ। ਮੇਰਾ ਇਸ਼ਾਰਾ ਸ਼ਹਿਨਸ਼ਾਹ ਅਕਬਰ ਦੀ ਉਸ ਪਾਲਿਸੀ ਵੱਲ ਹੈ ਜੋ ਉਸ ਨੇ ਹਿੰਦੂ ਮੁਸਲਮਾਨਾਂ ਨੂੰ ਸਭਿਆਚਾਰੀ ਤੌਰ ਤੇ ਇਕ ਕਰ ਦੇਣ ਲਈ ਵਰਤੀ। ਇਸ ਆਸ਼ੇ ਵਿਚ ਉਹ ਇਕੱਲਾ ਨਹੀਂ ਸੀ। ਸਮੇਂ ਦੀ ਸਾਰੀ ਰੁਚੀ ਉਸ ਦੇ ਨਾਲ ਕੰਮ ਕਰ ਰਹੀ ਸੀ। ਜਦ ਮੁਸਲਮਾਨਾਂ ਨੂੰ ਹਿੰਦੁਸਤਾਨ ਵਿਚ ਰਹਿੰਦਿਆਂ ਚੋਖਾ ਚਿਰ ਹੋ ਗਿਆ ਅਤੇ ਬਹੁਤ ਸਾਰੇ ਹਿੰਦੂ ਇਸਲਾਮ ਦੇ ਦਾਇਰੇ ਵਿਚ ਆ ਗਏ ਤਾਂ ਉਨ੍ਹਾਂ ਲਈ ਇਹ ਦੇਸ਼ ਬਿਗਾਨਾ ਨਾ ਰਿਹਾ। ਉਸ ਵੇਲੇ ਕੁਦਰਤੀ ਸੀ ਕਿ ਕੋਈ ਐਸੇ ਵਿਚਾਰਵਾਨ ਸਜਣ ਨਿਕਲਦੇ ਜੋ ਉਨ੍ਹਾਂ ਦਾ ਇਸ਼ ਨਵੀਂ ਸਹੇੜੀ ਧਰਤੀ ਨਾਲ ਪਿਆਰ ਪਾਉਂਦੇ ਅਤੇ ਕੋਈ ਅਜੇਹਾ ਪੈਂਤੜਾ ਲੱਭਦੇ ਜਿਸ ਉਤੇ ਅਸਲੀ ਵਸਨੀਕਾਂ ਦੇ ਨਵੇਂ ਆਇਆਂ ਦੀ ਮਿਲੌਣੀ ਬਝ ਸਕਦੀ।

ਸ਼ੁਰੂ-ਸ਼ੁਰੂ ਵਿਚ ਇਹ ਜਤਨ ਹੋਇਆ ਕਿ ਲੋਕਾਂ ਦੇ ਧਾਰਮਕ ਜੀਵਨ ਨੂੰ ਇਕ ਕਰ ਦਈਏ। ਗੁਰੂਆਂ ਦੇ ਭਗਤਾਂ ਨੇ ਹਿੰਦੂਆਂ ਦੇ ਦਿਲਾਂ ਵਿਚੋਂ ਮੁਸਲਮਾਨਾਂ ਦੇ ਵਿਰੁੱਧ ਜੋ ਪੱਖਪਾਤ ਦੇ ਤੌਖ਼ਲੇ ਬਣੇ ਹੋਏ ਸਨ, ਕੱਢਣ ਦਾ ਜਤਨ ਕੀਤਾ ਅਤੇ ਐਸੀ ਸਾਂਝੀ ਸਿੱਖਿਆ ਦਿੱਤੀ ਕਿ ਹਿੰਦੂਆਂ ਤੇ ਮੁਸਲਮਾਨਾਂ ਦੋਹਾਂ ਧਿਰਾਂ ਲਈ ਇਕ ਸਾਂਝੇ ਰੱਬ ਦੀ ਪੂਜਾ ਸ਼ੁਰੂ ਕਰਾਈ ਜਿਸ ਦਾ ਨਾਂ 'ਸਤਿਆ ਪੀਰ' ਰਖਿਆ। ਸਾਧੂ ਪ੍ਰਾਣ ਨਾਥ ਨੇ ਵੇਦ ਤੇ ਕੁਰਾਨ ਵਿਚੋਂ ਸਾਂਝੀਆਂ ਤੁਕਾਂ ਕੱਢ ਕੇ ਇਕ ਨਵੀਂ ਪੁਸਤਕ ਤਿਆਰ ਕੀਤੀ ਅਤੇ ਹਿੰਦੂਆਂ ਤੇ ਮੁਸਲਮਾਨਾਂ ਲਈ ਇਕ ਸਾਂਝਾ ਮਤ ਬਣਾਇਆ, ਇਸ ਦੇ ਅਨੁਸਾਰੀ ਖਾਣ ਪੀਣ ਵਿਚ ਸਾਂਝ ਵਰਤਦੇ ਸਨ। ਪੰਜਾਬ ਦੇ ਦੱਖਣ ਪੱਛਮ ਵਿਚ ਸਖੀ ਸਰਵਰ ਨੇ ਇਹੋ ਜਹੀ ਸਾਂਝੀ ਲਹਿਰ ਚਲਾਈ। ਸਰਹਦੀ ਇਲਾਕੇ ਵਿਚ ਬਿਆਜ਼ੀਦ ਨੇ 'ਰੋਸ਼ਨੀਆਂ' ਨਾਂ ਦਾ ਇਕ ਮਲੰਗੀ ਫਿਰਕਾ ਚਲਾਇਆ। ਅਕਬਰ ਬਾਦਸ਼ਾਹ ਨੇ ਆਪ ਇਕ ਸਾਂਝੇ ਧਰਮ ਦੀ ਨੀਂਹ ਰੱਖੀ, ਜਿਸ ਦਾ ਨਾਂ 'ਦੀਨ-ਇਲਾਹੀ' ਸੀ। ਇਸ ਵਿਚ ਸਾਰੇ ਧਰਮਾਂ ਵਿਚੋਂ ਚੰਗੀਆਂ-ਚੰਗੀਆਂ ਗੱਲਾਂ ਚੁਣ ਕੇ ਸ਼ਾਮਲ ਕੀਤੀਆਂ। ਪਰ ਇਹ ਸਾਰੇ ਜਤਨ ਬਿਰਥੇ ਗਏ, ਕਿਉਂਕਿ ਧਰਮ ਕੋਈ ਹੁਨਰ ਜਾਂ ਫ਼ਲਸਫ਼ਾ ਨਹੀਂ ਜੋ ਚੰਗੀਆਂ-ਚੰਗੀਆਂ ਗੱਲਾਂ ਦੇ ਇਕੱਠੀਆਂ ਕਰਨ ਤੋਂ ਬਣ ਜਾਵੇ। ਇਹ ਤਾਂ ਇਕ ਜ਼ਿੰਦਗੀ ਹੈ ਜਿਸ ਦੀ ਰੌ ਚਲਾਣ ਵਾਲੀ ਕੋਈ

ਅਪਾਰ ਸ਼ਖ਼ਸੀਅਤ ਹੋ ਸਕਦੀ ਹੈ । ਇਹ ਸ਼ਖ਼ਸੀਅਤ ਅਕਬਰ ਦੇ ਅੰਦਰ ਨਹੀਂ ਸੀ ਇਸ ਲਈ ਉਹ ਹਿੰਦੂਆਂ ਤੇ ਮੁਸਲਮਾਨਾਂ ਦੇ ਧਾਰਮਕ ਜੀਵਨ-ਪ੍ਰਵਾਹ ਨੂੰ ਇਕੋ ਵਾਹੇ ਵਿਚ ਨਾ ਚਲਾ ਸਕਿਆ । ਕੌਮੀ ਏਕਤਾ ਲਈ ਜਿਹੜੇ ਹੋਰ ਉਪਰਾਲੇ ਉਸ ਨੇ ਕੀਤੇ ਉਹ ਠੀਕ ਸਨ ਅਤੇ ਉਹ ਜ਼ਰੂਰ ਕਾਮਯਾਬ ਹੋ ਜਾਂਦੇ ਜੇਕਰ ਉਸਦੇ ਪਿਛੋਂ ਆਉਣ ਵਾਲੇ ਬਾਦਸ਼ਾਹ ਉਸਦੇ ਕੰਮ ਨੂੰ ਅਧਵਾਟੇ ਨਾ ਵਿਚਲਾ ਦਿੰਦੇ ।

ਇਸ ਕੰਮ ਦਾ ਮਨੋਰਥ ਇਹ ਸੀ ਕਿ ਦੇਸ਼ ਵਿਚ ਪ੍ਰਚਲਤ ਭਿੰਨ-ਭਿੰਨ ਸਭਿਆਚਾਰਾਂ ਨੂੰ, ਜੋ ਵਖੇਵਿਆਂ ਤੇ ਵਿੱਥਾਂ ਦਾ ਮੂਲ ਕਾਰਨ ਸਨ, ਇਕ ਪੈਂਤੜੇ ਤੇ ਲਿਆ ਕੇ ਮੇਲ ਦਿੱਤਾ ਜਾਵੇ । ਲੋਕੀਂ ਧਰਮਾਂ ਨੂੰ ਇਕੱਠਾ ਨਹੀਂ ਹੋਣ ਦਿੰਦੇ, ਪਰ ਜੇ ਉਨ੍ਹਾਂ ਦੇ ਹੁਨਰੀ ਜਜ਼ਬਿਆਂ ਤੇ ਸੁਹਜ-ਸੁਆਦਾਂ ਨੂੰ ਸਿੱਧਾ ਅਪੜ ਕੇ ਪ੍ਰੇਰਿਆ ਜਾਵੇ ਤਾਂ ਉਹ ਅੱਗੋਂ ਇੰਨੇ ਤੜਿੰਗ ਨਹੀਂ ਹੁੰਦੇ । ਜੇ ਅਸੀਂ ਉਨ੍ਹਾਂ ਦੇ ਦਿਲਾਂ ਉਤੇ ਆਪਣੇ ਧਾਰਮਿਕ ਖ਼ਿਆਲਾਂ ਦਾ ਸਿੱਕਾ ਬਿਠਾਣ ਦਾ ਜਤਨ ਕਰੀਏ, ਤਾਂ ਉਹ ਝਟ ਕੰਨ ਖੜੇ ਕਰ ਲੈਂਦੇ ਹਨ ਅਤੇ ਇਉਂ ਦਿਲਾਂ ਦੇ ਬੂਹੇ ਮਾਰ ਕੇ ਅੰਦਰ ਵੜ ਬਹਿੰਦੇ ਹਨ ਕਿ ਚੰਗੇ ਤੋਂ ਚੰਗੇ ਕਹੇ ਦਾ ਕੋਈ ਅਸਰ ਨਹੀਂ ਹੁੰਦਾ । ਪਰ ਜਦ ਅਸੀਂ ਹੁਨਰ ਦੀਆਂ ਖ਼ੂਬਸੂਰਤੀਆਂ ਅਤੇ ਖਿਆਲ ਜਾਂ ਬੋਲੀ ਦੀਆਂ ਬਰੀਕੀਆਂ ਤੇ ਕੋਮਲਤਾਈਆਂ ਦੇ ਰਾਹੀਂ ਉਨ੍ਹਾਂ ਪਾਸ ਅਪੜਦੇ ਹਾਂ, ਤਾਂ ਉਹ ਬੜੇ ਬੀਬੇ ਤੇ ਸੁਲੱਗ ਬਣ ਜਾਂਦੇ ਹਨ । ਕੇਵਲ ਸਾਹਿਬ ਆਪਣੀ ਪੁਸਤਕ 'ਹਿੰਦ ਦਾ ਇਮਾਰਤੀ ਹੁਨਰ' ਵਿਚ ਲਿਖਦਾ ਹੈ : "ਮੁਸਲਮਾਨ ਬਾਦਸ਼ਾਹਾਂ ਨੇ ਹੁਨਰਾਂ ਅਤੇ ਵਿਦਿਆ ਨੂੰ ਬਿਨਾਂ ਪਖਪਾਤ ਦੇ ਅਪਣਾਕੇ ਫਿਰਕੂ ਵੱਟਾਂ ਬੰਨ੍ਹਿਆਂ ਨੂੰ ਦੂਰ ਕਰਨ ਦਾ ਸਭ ਤੋਂ ਚੰਗਾ ਸਾਧਨ ਬਣਾਇਆ ।" ਅਕਬਰ ਨੇ ਬਦੌਨੀ, ਫ਼ੈਜ਼ੀ, ਨਕੀਬ ਖ਼ਾਨ ਆਦਿ ਮੁਸਲਮਾਨ ਆਲਮਾਂ ਨੂੰ ਹਿੰਦੂ ਗ੍ਰੰਥ ਪੜ੍ਹਨ ਤੇ ਉਲਥਾਣ ਤੇ ਲਾਇਆ ਤੇ ਮੁਸਲਮਾਨਾਂ ਦੀਆਂ ਕਿਤਾਬਾਂ ਨੂੰ ਹਿੰਦੂਆਂ ਦੇ ਦ੍ਰਿਸ਼ਟੀਗੋਚਰੇ ਕੀਤਾ । ਨਵਾਜ਼, ਜੈਸੀ ਆਦਿ ਮੁਸਲਮਾਨ ਕਵੀ ਆਪਣੀ ਕਵਿਤਾ ਹਿੰਦੀ ਜਾਂ ਬ੍ਰਿਜ-ਭਾਸ਼ਾ ਵਿਚ ਲਿਖਣ ਲੱਗੇ, ਜਿਸ ਵਿਚ ਫ਼ਾਰਸੀ ਦੇ ਲਫ਼ਜ਼ ਢੁਕਵੇਂ ਬੱਧੇ ਜਾਂਦੇ ਸਨ । ਕਈ ਹਿੰਦੂ ਕਵੀ ਭੀ ਆਪਣੀ ਹਿੰਦੀ ਰਚਨਾ ਵਿਚ ਫ਼ਾਰਸੀ ਵਰਤਣ ਲੱਗ ਪਏ । ਸਿੱਟਾ ਇਹ ਹੋਇਆ ਕਿ ਹਿੰਦੂਆਂ ਤੇ ਮੁਸਲਮਾਨਾਂ ਦੀ ਇਕ ਸਾਂਝੀ ਬੋਲੀ ਤਿਆਰ ਹੋ ਗਈ, ਜਿਸ ਨੂੰ 'ਉਰਦੂ' ਆਖਣ ਲੱਗੇ । ਇਹ ਗੱਲ ਗਲਤ ਹੈ ਕਿ ਉਰਦੂ ਸ਼ਾਹ ਜਹਾਨ ਦੇ ਵੇਲੇ ਇਕਵਾਰਗੀ ਹੀ ਦੇਸ਼ ਵਿਚ ਪ੍ਰਚਲਤ ਹੋ ਗਈ । ਇਹ ਤਾਂ ਹਿੰਦੂਆਂ ਤੇ ਮੁਸਲਮਾਨਾਂ ਦੀਆਂ

ਬੋਲੀਆਂ ਦੇ ਰਚਣ ਮਿਚਣ ਤੋਂ ਸਹਿਜੇ-ਸਹਿਜੇ ਬਣੀ ਤੇ ਸ਼ਾਹ ਜਹਾਨ ਦੇ ਵੇਲੇ ਇਸ ਨੇ ਵ੍ਰਤਮਾਨ ਸ਼ਕਲ ਫੜੀ। ਇਸ ਦੀ ਉਸਰਗੀ ਦੇ ਸਬੂਤ ਚਾਂਦ (੧੧੯੩), ਅਮੀਰ ਖ਼ੁਸਰੋ (੧੩੨੫), ਕਬੀਰ (੧੪੪੦-੧੫੧੮), ਗੁਰੂ ਨਾਨਕ (੧੪੬੯-੧੫੩੮), ਤੁਲਸੀ ਦਾਸ (੧੬੨੩), ਆਦਿ ਦੀਆਂ ਰਚਨਾਵਾਂ ਵਿਚੋਂ ਮਿਲਦੇ ਹਨ। ਇਸ ਨੂੰ ਬ੍ਰਿਜ-ਭਾਸ਼ਾ ਤੇ ਅਰਬੀ ਫ਼ਾਰਸੀ ਦੀਆਂ ਖ਼ਾਸ ਖ਼ਾਸ ਖ਼ੂਬੀਆਂ ਗੁੜ੍ਹਤੀ ਵਿਚ ਮਿਲੀਆਂ। ਬ੍ਰਿਜ-ਭਾਸ਼ਾ ਵਿਚ ਜ਼ੋਰ ਬਿਆਨ ਤੇ ਹੁੰਦਾ ਹੈ, ਅਤੇ ਫ਼ਾਰਸੀ ਅਰਬੀ ਦਾ ਵਿਚਾਰ ਉਤੇ। ਮੁਹੰਮਦ ਹੁਸੈਨ 'ਆਜ਼ਾਦ' ਆਪਣੀ ਪੁਸਤਕ 'ਆਬਿ-ਹੱਯਾਤਿ' ਵਿਚ ਦਸਦੇ ਹਨ ਕਿ ਬ੍ਰਿਜ-ਭਾਸ਼ਾ ਵਿਚ ਲਿਖਾਰੀ ਦਾ ਆਸ਼ਾ ਇਹ ਹੁੰਦਾ ਹੈ ਕਿ ਪੜ੍ਹਨ ਵਾਲੇ ਨੂੰ ਕਿਸੇ ਗੱਲ ਦੇ ਸੋਹਣੇ-ਸੋਹਣੇ ਵੇਰਵੇ ਦਸਕੇ ਚਕ੍ਰਿਤ ਕੀਤਾ ਜਾਵੇ ਤੇ ਫ਼ਾਰਸੀ ਅਰਬੀ ਵਿਚ ਅਸਲ ਦੀ ਨਿਕੀ ਜਿਹੀ ਗਰੀ ਉਤੇ ਅਲੰਕਾਰਾਂ ਤੇ ਪ੍ਰਮਾਣਾਂ ਦਾ ਵੱਡਾ ਸਾਰਾ ਖੋਪਾ ਚਾੜ੍ਹਿਆ ਹੁੰਦਾ ਹੈ ਜਿਸ ਵਿਚੋਂ ਕਈ ਵੇਰ ਗਰੀ ਲੱਭਣੀ ਹੀ ਔਖੀ ਹੋ ਜਾਂਦੀ ਹੈ। ਇਕ ਬਾਹਲਾ ਕਰਕੇ ਬਣਾਉ ਤੇ ਨਿਭਾਉ 'ਚ ਮੂਰਤਕ **(Sculptural)** ਹੈ ਤੇ ਦੂਜੀ ਚਿਤਰਕਾਰੀ ਵਾਂਗੂ ਮੂਰਤਕ **(Picturesque)** ਜਿਸ ਵਿਚ ਸ਼ਿਅਰ ਤੇ ਸ਼ੇਅਰ (ਬਿਨਾਂ ਕਿਸੇ ਕੇਂਦਰੀ ਖ਼ਿਆਲ ਦੇ) ਇਉਂ ਜੁੜਿਆ ਹੁੰਦਾ ਹੈ ਜਿਵੇਂ ਪਚੱਰਕਾਰੀ ਵਿਚ ਵੱਖੋ-ਵੱਖ ਪਚਰਾਂ। ਉਰਦੂ ਵਿਚ ਇਹ ਦੋਵੇਂ ਗੁਣ ਆ ਗਏ। ਸਮਾਂ ਪਾ ਕੇ ਇਹ ਸਾਰੀ ਹਿੰਦ ਦੀ ਸਾਂਝੀ ਬੋਲੀ ਬਣ ਜਾਂਦੀ ਜੇਕਰ ਅਕਬਰ ਤੋਂ ਪਿਛੋਂ ਆਉਣ ਵਾਲੇ ਲੋਕ ਇਸ ਫ਼ਾਰਸੀ ਗ਼ਜ਼ਲ ਤੇ ਕਸ਼ੀਦੇ ਦੀ ਚੇਟਕ ਨਾ ਲਾ ਦਿੰਦੇ। ਫਿਰ ਭੀ ਮੁਹੰਮਦ ਮੀਰ ਤਕੀ ਮੀਰ ਦੀਆਂ ਮਸਨਵੀਆਂ ਅਤੇ ਆਜ਼ਾਦ, ਹਾਲੀ ਤੇ ਨਜ਼ੀਰ ਦੀਆਂ ਰਚਨਾਵਾਂ ਦਸ ਰਹੀਆਂ ਹਨ ਕਿ ਉਰਦੂ ਦੇ ਕੌਮੀ ਜ਼ਬਾਨ ਬਣ ਜਾਣ ਦਾ ਚੋਖਾ ਮੌਕਾ ਹੈ। ਇਹ ਮੌਕਾ ਉਦੋਂ ਬਹੁਤ ਜ਼ਿਆਦਾ ਸੀ ਜਦੋਂ ਹਿੰਦੁਸਤਾਨ ਦੀਆਂ ਸੂਬਕ ਬੋਲੀਆਂ ਇਕ ਦੂਜੇ ਦੇ ਬਹੁਤ ਨੇੜੇ ਸਨ। ਹੁਣ ਤਾਂ ਅੰਗਰੇਜ਼ੀ ਨੇ ਵਿਚ ਪੈ ਕੇ ਇਨ੍ਹਾਂ ਨੂੰ ਇਕ ਦੂਜੀ ਤੋਂ ਬਹੁਤ ਦੂਰ ਸਿਟ ਦਿਤਾ ਹੈ, ਕਿਉਂਕਿ ਅੰਗਰੇਜ਼ੀ ਦਾ ਮੂਲਿਕ ਸੰਬੰਧ ਕਿਸੇ ਸਥਾਨਕ ਬੋਲੀ ਨਾਲ ਨਹੀਂ। ਜੇ ਇਸ ਦੀ ਥਾਂ ਕੋਈ ਹਿੰਦ ਦੀ ਆਪਣੀ ਬੋਲੀ ਕੇਂਦਰੀ ਥਾਂ ਮਲਦੀ, ਤਾਂ ਆਸ-ਪਾਸ ਦੀਆਂ ਸਥਾਨਕ ਬੋਲੀਆਂ ਨਾਲ ਜੋੜੀ ਰੱਖਦੀ। ਪਰ ਅੰਗਰੇਜ਼ੀ ਓਪਰੀ ਹੋਣ ਕਰਕੇ ਸਾਰੀਆਂ ਪ੍ਰਾਂਤਿਕ ਬੋਲੀਆਂ ਨੂੰ ਨਖੇੜ ਰੱਖਦੀ ਰਹੀ ਹੈ। ਇਸੇ ਲਈ ਨਾਮਦੇਵ ਦੀ ਬੋਲੀ ਅਜੇ ਭੀ ਪੰਜਾਬ ਵਿਚ ਸਮਝ ਆ ਸਕਦੀ ਹੈ ਪਰ ਅਤਰ ਦੀ ਮਰਾਠੀ ਸਾਡੇ

ਮੁਹਾਵਰੇ ਤੋਂ ਬਹੁਤ ਦੂਰ ਜਾ ਪਈ ਹੈ। ਇਸੇ ਤਰ੍ਹਾਂ ਕਬੀਰ ਦੀ ਹਿੰਦੀ ਪੰਜਾਬੀ ਤੋਂ ਇੰਨੀ ਦੂਰ ਨਹੀਂ ਜਿੰਨੀ ਕਿ ਅੱਜ ਕੱਲ੍ਹ ਦੇ ਕਿਸੇ ਉੱਚ-ਕੋਟੀ ਦੇ ਹਿੰਦੀ ਲਿਖਾਰੀ ਦੀ। ਜ਼ਬਾਨ ਦੀ ਜੋ ਏਕਤਾ ਤਿੰਨ ਸੌ ਵਰ੍ਹੇ ਪਹਿਲਾਂ ਸੀ ਉਹ ਹੁਣ ਨਹੀਂ ਰਹੀ।

ਜ਼ਬਾਨ ਦੀ ਏਕਤਾ ਤੋਂ ਇਲਾਵਾ ਹਿੰਦੁਸਤਾਨ ਦੇ ਸਾਂਝੇ ਤੇ ਮਿਲਵੇਂ ਹੁਨਰ ਪੈਦਾ ਕਰਨ ਲਈ ਸਫਲ ਜਤਨ ਕੀਤਾ ਗਿਆ। ਬਾਬਰ ਤੇ ਹੁਮਾਯੂੰ ਆਪਣੇ ਕਲਾ-ਰਸ ਵਿਚ ਪਰਦੇਸੀ ਸਨ, ਪਰ ਅਕਬਰ ਦੇ ਦਿਲ ਵਿਚ, ਜਿਵੇਂ ਫ਼ਰਗੂਸਨ ਲਿਖਦਾ ਹੈ, ਹਿੰਦੂ ਹੁਨਰਾਂ ਲਈ ਓਨਾ ਹੀ ਪਿਆਰ ਸੀ ਜਿੰਨਾ ਕਿ ਮੁਸਲਮਾਨੀ ਹੁਨਰਾਂ ਨਾਲ। ਉਸ ਨੇ ਨਾ ਕੇਵਲ ਇਮਾਰਤੀ ਹੁਨਰ ਵਿਚ ਬਲਕਿ ਰਾਗ ਤੇ ਚਿੱਤਰਕਾਰੀ ਵਿਚ ਵੀ ਦੋਹਾਂ ਤਰਜ਼ਾਂ ਦੇ ਵਧੀਆ ਗੁਣਾਂ ਨੂੰ ਰਲਾ ਕੇ ਇਕ ਸਾਂਝੀ ਕੌਮੀ ਤਰਜ਼ ਕੱਢੀ, ਜੋ ਸਾਰੇ ਦੇਸ਼ ਵਿਚ ਪ੍ਰਚੱਲਤ ਹੋ ਗਈ ਅਤੇ ਹੁਣ ਤੱਕ ਚਲੀ ਆਉਂਦੀ ਹੈ। ਸ਼ਖ਼ਸੀ ਉਪਾਸਨਾ ਵਿਚ ਯਕੀਨ ਰੱਖਣ ਵਾਲੇ ਹਿੰਦੂਆਂ ਦੇ ਮੰਦਰ ਨੋਕਦਾਰ ਸਿਖਰ ਲੈ ਕੇ ਅਸਮਾਨ ਵੱਲ ਵੱਧਦੇ ਹਨ। ਪਰ ਉਨ੍ਹਾਂ ਵਿਚ ਬੈਠਣ ਲਈ ਥਾਂ ਕੇਵਲ ਇਕ ਪੁਜਾਰੀ ਲਈ ਹੁੰਦਾ ਹੈ। ਮੁਸਲਮਾਨ ਜਮਾਇਤ ਵਿਚ ਯਕੀਨ ਰੱਖਦੇ ਹਨ, ਇਸ ਲਈ ਉਨ੍ਹਾਂ ਦੀਆਂ ਮਸੀਤਾਂ ਵਿਚ ਥਾਂ ਬਹੁਤ ਖੁਲ੍ਹੀ ਹੁੰਦੀ ਹੈ। ਅਕਬਰ ਦੀ ਚਲਾਈ ਹੋਈ ਤਰਜ਼ ਅਨੁਸਾਰ ਇਮਾਰਤਾਂ ਬਹੁਤ ਉੱਚੀਆਂ ਤੇ ਖੁਲ੍ਹੀਆਂ ਬਣਨ ਲੱਗੀਆਂ। ਸਿਖਰ ਦੀ ਥਾਂ ਗੁੰਬਦ ਨੇ ਮੱਲ ਲਈ ਪਰ ਗੁੰਬਦ ਭੀ ਛੱਤ ਤੋਂ ਸਿੱਧੀ ਨਹੀਂ ਉੱਠਦੀ ਤੇ ਨਾ ਏਡੀ ਭਰਵੀਂ ਹੁੰਦੀ ਹੈ, ਬਲਕਿ ਹੇਠਾਂ ਤੋਂ ਵਲ ਖਾ ਕੇ ਗੋਲ ਹੁੰਦੀ ਤੇ ਕੰਵਲ ਦੀਆਂ ਪੱਤੀਆਂ ਨਾਲ ਸਜਾਈ ਜਾਂਦੀ ਹੈ। ਹਿੰਦੂ ਕਲਾ ਦੇ ਪੰਜਰਤਨੀ ਖ਼ਿਆਲ ਮੁਜਬ ਗੁੰਬਦਾਂ ਭੀ ਇਕ ਦੀ ਥਾਂ ਪੰਜ ਹੁੰਦੀਆਂ ਹਨ। ਚੋਟੀ ਸਿਖਰ ਦੀ ਸ਼ਕਲ ਦੀ ਬਣੀ ਹੁੰਦੀ ਹੈ। ਇਸ ਵਿਚ ਹਿੰਦੂਆਂ ਦੇ ਮੂਰਤਕ ਢਾਂਚੇ ਉਤੇ ਅਰਬ ਤੇ ਈਰਾਨ ਦੀਆਂ ਸਜਾਵਟਾਂ ਕੀਤੀਆਂ ਹੁੰਦੀਆਂ ਹਨ, ਹਿੰਦੂਆਂ ਦੀਆਂ ਬਗਲਦਾਰ ਕਾਨਸਾਂ ਤੇ ਛੱਜਿਆਂ ਉਤੇ ਮੁਸਲਮਾਨੀ ਕਰਾਨਚੇ ਚੜ੍ਹਾਏ ਹੁੰਦੇ ਹਨ। ਦਰਵਾਜ਼ਾ ਹਾਥੀ ਦੇ ਮੁਹਾਂਦਰੇ ਦਾ ਅਤੇ ਪਉੜੀਆਂ ਉਤੇ ਹੌਦੇ ਦੀ ਸ਼ਕਲ ਦਾ ਕੱਜਣ ਬਣਿਆ ਹੁੰਦਾ ਹੈ। ਅਕਬਰ ਦੇ ਪਿੱਛੋਂ ਜੋ ਇਮਾਰਤਾਂ ਤਾਜ ਮਹੱਲ ਵਰਗੀਆਂ ਬਣਾਈਆਂ ਗਈਆਂ ਉਹ ਆਗਰੇ ਤੇ ਫਤ੍ਹੇਪੁਰ ਸੀਕਰੀ ਵਿਚ ਬਣੀਆਂ ਸਾਂਝੀ ਤਰਜ਼ ਵਾਲੀਆਂ ਇਮਾਰਤਾਂ ਦੀ ਪੈ ਵਿਚ ਹੀ ਹਨ। ਉਨ੍ਹਾਂ ਵਿਚ ਅਕਬਰੀ ਤਰਜ਼ ਨੂੰ ਬਿਲਕੁਲ ਨਹੀਂ ਭੰਨਿਆ ਗਿਆ। ਹਾਂ ਪਿੱਛੋਂ ਜਾ ਕੇ ਇਸ ਤਰਜ਼ ਵਿਚ

ਫ਼ਰਕ ਜ਼ਰੂਰ ਪਿਆ, ਪਰ ਉਦੋਂ ਜਦੋਂ ਔਰੰਗਜ਼ੇਬ ਨੇ ਹਿੰਦੂ ਕਾਰੀਗਰਾਂ ਦਾ ਬਾਈਕਾਟ ਕਰ ਕੇ ਨਰੋਲ ਮੁਸਲਮਾਨਾਂ ਨੂੰ ਲਾਉਣਾ ਆਰੰਭ ਦਿੱਤਾ, ਅਤੇ ਇਸ ਤਰ੍ਹਾਂ ਹਿੰਦੁਸਤਾਨੀ ਹੁਨਰ ਵਿਚ ਉਹੋ ਖੱਪਾ ਫੇਰ ਆਣ ਪਿਆ ਜਿਸ ਉਤੇ ਅਕਬਰ ਨੇ ਪੁਲ-ਬੰਦੀ ਕਰਨ ਦਾ ਜਤਨ ਕੀਤਾ ਸੀ। ਇਸ ਦਾ ਸਿੱਟਾ ਇਹ ਹੋਇਆ ਕਿ ਮੁਗਲ ਦਰਬਾਰ ਦੀ ਕਲਾ-ਬੁਧਿ ਗਿਰਾਵਟ ਵਿਚ ਗਈ। ਪਰ ਜਿਹੜੀ ਚਾਲ ਇਕ ਵਾਰ ਬੱਝ ਤੁਰੇ ਉਹ ਥੋੜ੍ਹੀ ਕੀਤਿਆਂ ਫੇਰ ਨਹੀਂ ਹਟਦੀ। ਇਸ ਨੂੰ ਪੰਜਾਬ ਵਿਚ ਸਿੱਖ ਰਾਜਿਆਂ, ਰਾਜਪੂਤਾਨੇ ਤੇ ਗੁਜਰਾਤ ਵਿਚ ਹਿੰਦੂ ਤੇ ਹੋਰ ਦੇਸੀ ਆਜ਼ਾਦ ਰਜਵਾੜਿਆਂ ਨੇ ਚਲਦਾ ਰੱਖਿਆ।

ਸੰਗੀਤ ਵਿਚ ਤਾਨ ਸੈਨ ਜਿਹੇ ਰਾਗ ਦੇ ਮਾਹਿਰਾਂ ਨੇ ਕੁਝ ਮੋੜ-ਤੋੜ ਕੀਤੇ। ਉਸ ਬਾਰੇ ਅਬੁਲ ਫ਼ਜ਼ਲ ਲਿਖਦਾ ਹੈ ਕਿ ਉਸ ਨੇ ਆਪਣੇ ਹੁਨਰ ਵਿਚ ਕਈ ਨਵੀਆਂ ਪਲਟਾਂ ਲਿਆਂਦੀਆਂ। ਪੁਰਾਣੇ ਖ਼ਿਆਲਾਂ ਦੇ ਹਿੰਦੂ ਉਸ ਉਤੇ ਇਹ ਦੂਸ਼ਣ ਲਾਂਦੇ ਹਨ ਕਿ ਉਸ ਨੇ ਸੰਪਰਦਾਈ ਰਾਗਾਂ ਨੂੰ ਵਿਗਾੜ ਦਿੱਤਾ ਸੀ। ਉਨ੍ਹਾਂ ਦੇ ਇਸ ਕਥਨ ਤੋਂ ਮਲੂਮ ਹੁੰਦਾ ਹੈ ਕਿ ਉਸ ਨੇ ਪੁਰਾਣੀਆਂ ਲੀਹਾਂ ਨੂੰ ਛੱਡ ਕੇ ਰਾਗ ਨੂੰ ਕਿਸੇ ਐਸੇ ਰਾਹੇ ਪਾਇਆ ਜੋ ਮੁਸਲਮਾਨੀ ਰਸ ਨੂੰ ਭੀ ਸੂਤ ਬਹਿ ਸਕੇ। ਨਵੇਂ ਜ਼ਮਾਨੇ ਦੀਆਂ ਲੋੜਾਂ ਨੂੰ ਮੁੱਖ ਰੱਖ ਕੇ ਸਿੱਖ ਗੁਰੂ ਸਾਹਿਬਾਨ ਨੇ ਭੀ ਕੁਝ ਅਦਲਾ ਬਦਲੀਆਂ ਕੀਤੀਆਂ। ਉਹ ਅਜੇਹੀ ਖੁਸ਼ੀ ਦੇ ਖਿਲਾਫ਼ ਸਨ ਜੋ ਮਨੁੱਖ ਨੂੰ ਝੱਲਾ ਕਰ ਕੇ ਸੰਜੀਦਗੀ ਦੀਆਂ ਹੱਥਾਂ ਟਪਾ ਦੇਵੇ, ਇਸ ਲਈ ਉਨ੍ਹਾਂ ਨੇ ਮੇਘ ਹਿੰਢੋਲ ਆਦਿ ਰਾਗਾਂ ਨੂੰ ਵਰਤਣਾ ਛੱਡ ਦਿੱਤਾ। ਉਹ ਐਸੇ ਵੈਰਾਗ ਦੇ ਭੀ ਖਿਲਾਫ਼ ਸਨ ਜੋ ਮਨੁੱਖ ਨੂੰ ਸਾੜ ਭੁੰਨ ਕੇ ਕਿਸੇ ਕੰਮ ਜੋਗਾ ਹੀ ਨਾ ਛੱਡੇ, ਇਸ ਲਈ ਦੀਪਕ, ਜੋਗ ਆਦਿ ਰਾਗਾਂ ਨੂੰ ਭੀ ਤਿਲਾਂਜਲੀ ਦੇ ਦਿੱਤੀ। ਹਾਂ ਇਨ੍ਹਾਂ ਨੂੰ ਬਸੰਤ, ਗੌੜੀ ਆਦਿ ਸੰਜੀਦਾ ਰਾਗਾਂ ਨਾਲ ਮਿਲਾ ਕੇ ਵਰਤਣ ਵਿਚ ਕੋਈ ਹਰਜ ਨਹੀਂ ਸਮਝਿਆ। ਜੋਸ਼ ਦੁਆਣ ਲਈ ਵਾਰਾਂ ਦੀਆਂ ਨਵੀਆਂ ਨਵੀਆਂ ਧਾਰਨਾਂ ਪ੍ਰਚੱਲਤ ਕੀਤੀਆਂ, ਜਾਂ ਪੁਰਾਣੀਆਂ ਧਾਰਨਾਂ ਨੂੰ ਮਾਂਜ ਲਿਸ਼ਕਾ ਕੇ ਨਵੇਂ ਢੰਗ ਨਾਲ ਵਰਤਿਆ। ਆਸਾ, ਤਿਲੰਗ ਆਦਿ ਸਰਹੱਦੀ ਰਾਗਾਂ ਵਿਚ ਨਾ ਕੇਵਲ ਹੁਨਰੀ ਮੇਲੇ ਕੀਤੇ ਬਲਕਿ ਉਨ੍ਹਾਂ ਵਿਚ ਗਾਏ ਜਾਣ ਵਾਲੇ ਸ਼ਬਦਾਂ ਵਿਚ ਭੀ ਰਾਗ ਦੀਆਂ ਲੋੜਾਂ ਨੂੰ ਪੂਰਾ ਕਰਨ ਵਾਸਤੇ ਹਿੰਦੀ ਦੇ ਨਾਲ-ਨਾਲ ਫ਼ਾਰਸੀ ਤੇ ਅਰਬੀ ਦੇ ਲਫ਼ਜ਼ ਭੀ ਭਰ ਦਿੱਤੇ।

ਮਜ਼੍ਹਬਾਂ ਨੂੰ ਇਕ ਕਰਨਾ ਤਾਂ ਔਖਾ ਸੀ ਪਰ ਇਨ੍ਹਾਂ ਮਜ਼੍ਹਬਾਂ ਦੇ ਪਿੱਛੇ ਕੰਮ ਕਰਨ ਵਾਲੇ ਸਭਿਆਚਾਰੀ ਭਾਵਾਂ ਦਾ ਮੇਲ ਕਰਨਾ ਔਖਾ ਨਹੀਂ ਸੀ। ਇਹ ਮੇਲ ਅੱਗੇ ਹੀ ਸੂਫ਼ੀ ਮਤ ਵਾਲੇ ਖਿਆਲਾਂ ਵਿਚ ਚੋਖਾ ਸੀ। ਅਕਬਰ ਇਨ੍ਹਾਂ ਸੂਫ਼ੀਆਂ ਨੂੰ ਬਹੁਤ ਚਾਹੁੰਦਾ ਸੀ। ਹੋਰ ਲੋਕ ਭੀ, ਭਾਵੇਂ ਹਿੰਦੂ ਹੋਣ ਭਾਵੇਂ ਮੁਸਲਮਾਨ, ਇਨ੍ਹਾਂ ਸੂਫ਼ੀਆਂ ਦੇ ਅਸਰ ਹੇਠਾਂ ਸਨ। ਇਸ ਅਸਰ ਨੇ ਮੁਲਕ ਵਿਚ ਇਕ ਖਿਆਲਾਂ ਦੀ ਇਕ ਸਾਂਝੀ ਰੌ ਪੈਦਾ ਕੀਤੀ, ਜਿਸ ਦੇ ਉੱਘੇ ਅੰਗ ਇਹ ਸਨ :—

(੧) ਦੇਵੀ ਦੇਵਤਿਆਂ ਦੀ ਥਾਂ ਇਕ ਰੱਬ ਨੂੰ ਮੰਨਣਾ।

(੨) ਮਨੁੱਖਾਂ ਨੂੰ ਜਾਤ ਪਾਤ ਵਿਚ ਵੰਡਣ ਦੀ ਥਾਂ ਸਭ ਨੂੰ ਇਕੋ ਭਾਈਚਾਰਾ ਮੰਨਣਾ।

(੩) ਧਰਮ ਪਿਆਰ ਹੈ, ਨਾ ਕਿ ਗਿਆਨ ਜਾਂ ਕਰਮ।

(੪) ਬ੍ਰਾਹਮਣਾਂ, ਮੁਲਾਣਿਆਂ ਜਾਂ ਪੁਜਾਰੀਆਂ ਦੀ ਥਾਂ ਇਕ ਸਭ ਸਾਂਝੇ ਗੁਰੂ ਜਾਂ ਪੀਰ ਦੀ ਲੋੜ।

(੫) ਸੰਸਕ੍ਰਿਤ ਦੀ ਥਾਂ ਆਪਣੀ ਲੋਕ-ਬੋਲੀ ਨੂੰ ਉਪਾਸਨਾ ਜਾਂ ਇਬਾਦਤ ਲਈ ਵਰਤਣਾ।

ਰੱਬ ਦੀ ਏਕਤਾ ਦੇ ਵਿਚਾਰ ਵਿਚ ਭੀ ਕੁਝ ਤਬਦੀਲੀ ਆਈ। ਹੁਣ ਉਹ ਪੂਰਬੀ ਫ਼ਿਲਸਫ਼ੇ ਵਾਲਾ ਨਿਰੀ ਇਕ ਨਿਰਗੁਣ ਮਨੌਤ ਨਹੀਂ ਸੀ ਰਿਹਾ, ਅਤੇ ਨਾ ਹੀ ਰਚਨਾ ਤੋਂ ਬਾਹਰਵਾਰ ਕੋਈ ਦੂਰ ਅਰਸ਼ਾਂ ਤੇ ਬੈਠੀ ਪਰੇ-ਪਰੇਰੀ ਹਸਤੀ ਸੀ, ਜਿਸ ਦਾ ਖਿਆਲ ਮੁਸਲਮਾਨਾ ਨੇ ਆਪਣੇ ਨਾਲ ਲਿਆਂਦਾ ਸੀ। ਉਸ ਦੀ ਬਾਬਤ ਇਕ ਸਾਂਝਾ ਖਿਆਲ ਇਹ ਬਣਿਆ ਕਿ ਉਹ ਸਾਡੇ ਨਾਲ ਇਕ ਵਸਦੀ ਰਸਦੀ ਸ਼ਖਸੀਅਤ ਹੈ ਜੋ ਸਰਬ-ਵਿਆਪਕ ਹੋਣ ਦੇ ਬਾਵਜੂਦ ਨਿਰਲੇਪ ਤੇ ਅਸੀਮ ਹੈ।

'ਕੋ ਕਹਤੋ ਸਭ ਬਾਹਰਿ, ਕੋ ਕਹਤੋ ਸਭ ਮਹੀਅਉ ॥
ਬਰਨੁ ਨ ਦੀਸੈ ਚਿਹਨੁ ਨ ਲਖੀਐ, ਸੁਹਾਗਨਿ ਸਾਤਿ ਬੁਝਹੀਅਉ ॥੧॥
ਸਰਬ-ਨਿਵਾਸੀ ਘਟਿ ਘਟਿ ਵਾਸੀ, ਲੇਪੁ ਨਹੀਂ ਅਲਪਹੀਅਉ ॥
ਨਾਨਕੁ ਕਹਤ ਸੁਨਹੁ ਰੇ ਲੋਗਾ, ਸੰਤ ਰਸਨ ਕੋ ਬਸਹੀਅਉ ॥੨॥
(ਜੈਤਸਰੀ ਮ: ੫)

ਇਹ ਵਿਚਾਰ ਹਿੰਦੁਸਤਾਨ ਦੀਆਂ ਸਭਨਾਂ ਜਾਤੀਆਂ ਵਿਚ ਪਸਰ ਗਏ, ਤੇ ਇਨ੍ਹਾਂ ਨੇ ਆਪਸ ਵਿਚ ਦੇ ਮਤ-ਭੇਦ ਦੇ ਪਖ-ਪਾਤ ਨੂੰ ਐਸਾ ਮਿਟਾਇਆ ਕਿ ਸਾਰਿਆਂ ਪਾਸਿਆਂ ਦੇ ਆਗੂ ਆਪੋ ਵਿਚ ਭਰਾਵਾਂ ਤੇ ਮਿੱਤਰਾਂ ਵਾਂਗ ਮਿਲਣ ਲੱਗ ਪਏ। ਸਾਡੇ ਦਿਲ ਕਿਡੇ ਖੁਸ਼ ਹੁੰਦੇ ਹਨ ਜਦ ਅਸੀਂ ਪੜ੍ਹਦੇ ਹਾਂ ਕਿ ਗੁਰੂ ਨਾਨਕ ਦੇਵ ਤੇ ਬਾਬਾ ਫ਼ਰੀਦ ਜੀ ਕਿਵੇਂ ਜੱਫੀ ਪਾ ਕੇ ਮਿਲਦੇ ਸਨ ਤੇ ਸਾਰੀ ਰਾਤ ਆਪਣੇ ਸਾਂਝੇ ਰੱਬ ਦੀਆਂ ਸਿਫ਼ਤਾਂ ਗਾਉਂਦੇ ਤੇ ਆਪਸ ਵਿਚ ਦੇ ਪਿਆਰ ਦੀਆਂ ਗੱਲਾਂ ਕਰਦੇ ਬਿਤਾਂਦੇ ਸਨ। ਖਿਆਲਾਂ ਦੀ ਸਾਂਝ ਇਤਨੀ ਵੱਧ ਗਈ ਸੀ ਕਿ ਜਦ ਗੁਰੂ ਅਰਜਨ ਦੇਵ ਜੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੀੜ ਤਿਆਰ ਕਰਨ ਲੱਗੇ ਤਾਂ ਉਨ੍ਹਾਂ ਨੂੰ ਆਪਣੀ ਬਾਣੀ ਦੇ ਨਾਲ ਹਿੰਦੂ ਤੇ ਮੁਸਲਮਾਨ ਫ਼ਕੀਰਾਂ ਦੀ ਬਾਣੀ ਦਰਜ ਕਰਨ ਲੱਗਿਆਂ ਕੋਈ ਸੰਗ ਨਾ ਜਾਪੀ।

੪

ਇਹ ਤਰੀਕੇ ਸਨ ਜਿਨ੍ਹਾਂ ਨਾਲ ਅੱਗੇ ਹਿੰਦੁਸਤਾਨ ਵਿਚ ਏਕਤਾ ਆਈ ਸੀ। ਅਤੇ ਹੁਣ ਵੀ ਜੇਕਰ ਅਸਾਂ ਇਕ-ਮੁੱਠ ਹੋਣਾ ਹੈ ਤਾਂ ਏਹੋ ਜਿਹੇ ਤਰੀਕੇ ਵਰਤਣੇ ਪੈਣਗੇ, ਪਰ ਅਸੀਂ ਤਾਂ ਇਨ੍ਹਾਂ ਵਿਚੋਂ ਹਰ ਇਕ ਤਰੀਕੇ ਦੇ ਉਲਟ ਜਾ ਰਹੇ ਹਾਂ। ਸਾਰੇ ਹਿੰਦੁਸਤਾਨ ਲਈ ਇਕ ਜ਼ਬਾਨ ਪ੍ਰਚੱਲਤ ਕਰਨ ਦੀ ਥਾਂ ਅਸੀਂ ਹਿੰਦੀ ਨੂੰ ਨਰੋਲ ਹਿੰਦੂ ਰੰਗ ਦੇ ਕੇ ਇਸ ਵਿਚ ਸੰਸਕ੍ਰਿਤ ਦੇ ਛੁੱਟੜ ਲਫ਼ਜ਼ ਭਰ ਰਹੇ ਹਾਂ, ਜਿਵੇਂ ਕਿ ਮੁਸਲਮਾਨਾਂ ਦਾ ਇਸ ਨਾਲ ਕੋਈ ਵਾਸਤਾ ਹੀ ਨਹੀਂ ਹੁੰਦਾ ਅਤੇ ਉਰਦੂ ਨੂੰ ਫ਼ਾਰਸੀ ਦੀ ਅਜੇਹੀ ਪੁੱਠ ਚਾੜ੍ਹ ਰਹੇ ਹਾਂ ਕਿ ਹਿੰਦੂ ਇਸ ਦੇ ਨਾਂ ਤੋਂ ਕਤਰਾਂਦੇ ਹਨ। ਇਨ੍ਹਾਂ ਵਿਚੋਂ ਕਿਸੇ ਇਕ ਲਈ ਇਹ ਦਾਹਵਾ ਕਰਨਾ ਹੀ ਕਾਫ਼ੀ ਨਹੀਂ ਕਿ ਇਹ ਸਾਰੇ ਹਿੰਦ ਦੀ ਕੌਮੀ ਬੋਲੀ ਹੈ। ਇਸ ਦੀ ਬਣਤਰ ਤੇ ਇਸ ਦੀ ਸ਼ਬਦਾਵਲੀ ਨੂੰ ਇਉਂ ਢਾਲਣਾ ਚਾਹੀਦਾ ਹੈ ਕਿ ਸਾਰੇ ਹਿੰਦ ਵਾਸੀ ਇਸ ਨੂੰ ਆਪਣੀ ਆਖ ਸਕਣ।

ਇਕ ਦੂਜੇ ਨੂੰ ਸਮਝਣ ਲਈ ਜ਼ਰੂਰੀ ਹੈ ਕਿ ਹਿੰਦੂ ਮੁਸਲਮਾਨਾਂ ਦੀ ਅਤੇ ਮੁਸਲਮਾਨ ਹਿੰਦੂਆਂ ਦੀ ਰਹਿਣੀ-ਬਹਿਣੀ ਨੂੰ ਹਮਦਰਦੀ ਨਾਲ ਜੋਖਣ-ਪਰਖਣ ਤੇ ਜਿਹੜੀਆਂ ਗੱਲਾਂ ਗ੍ਰਹਿਣ ਕਰਨ ਵਾਲੀਆਂ ਹੋਣ ਉਨ੍ਹਾਂ ਨੂੰ ਪਿਆਰ ਨਾਲ ਅਪਣਾਉਣ। ਪਰ ਹਿੰਦੂ ਤੇ ਮੁਸਲਮਾਨ ਤਾਂ ਆਪੋ ਆਪਣੇ ਫ਼ਿਰਕੂ ਆਸ਼ਰਮਾਂ ਦੀਆਂ

ਚਾਰ-ਦੀਵਾਰੀਆਂ ਵਿਚ ਬੈਠੇ ਆਪਣੇ ਹੀ ਪਿੱਛੇ ਉਤੇ ਮਾਣ ਕਰਦੇ ਆਪਣੇ ਹੀ ਪਿੱਛੇ ਦੀ ਖੋਜ-ਪੜਤਾਲ ਵਿਚ ਲੱਗੇ ਰਹਿੰਦੇ ਹਨ। ਕਿਤਨੇ ਹਿੰਦੂ ਆਸ਼ਰਮਾਂ ਵਿਚ ਫ਼ਾਰਸੀ, ਅਰਬੀ ਜਾਂ ਪੰਜਾਬੀ ਪੜ੍ਹਾਈ ਜਾਂਦੀ ਹੈ ? ਤੇ ਕਿਤਨੇ ਮੁਸਲਿਮ ਆਸ਼ਰਮਾਂ ਵਿਚ ਸੰਸਕ੍ਰਿਤ, ਹਿੰਦੀ ਜਾਂ ਪੰਜਾਬੀ ਦੇ ਪੜ੍ਹਾਣ ਦਾ ਪ੍ਰਬੰਧ ਹੈ ? ਕਿਤਨੇ ਹਿੰਦੂ ਫ਼ਾਰਸੀ ਜਾਂ ਅਰਬੀ ਪੜ੍ਹਦੇ ਹਨ ? ਅਤੇ ਕਿਤਨੇ ਮੁਸਲਮਾਨ ਸੰਸਕ੍ਰਿਤ, ਹਿੰਦੀ ਜਾਂ ਪੰਜਾਬੀ ਲੈਂਦੇ ਹਨ ? ਇਕ ਹਿੰਦੂ ਨੂੰ ਲੰਦਨ ਦੇ ਸਾਰੇ ਬਜ਼ਾਰਾਂ ਦਾ ਪਤਾ ਹੋ ਸਕਦਾ ਹੈ। ਉਸ ਨੂੰ ਇਹ ਭੀ ਪਤਾ ਹੋ ਸਕਦਾ ਹੈ ਕਿ ਯੂਰਪ ਵਿਚ ਜਾਗ੍ਰਿਤਿ ਕਿਵੇਂ ਤੇ ਕਦੋਂ ਆਈ, ਉਥੋਂ ਦੀਆਂ ਰੋਮਾਂਟਿਕ ਤੇ ਕਲਾਸਿਕ ਲਹਿਰਾਂ ਦਾ ਕੀ ਭਿੰਨ ਭੇਤ ਹੈ ? ਉਸ ਨੂੰ ਇਤਨਾ ਨਹੀਂ ਪਤਾ ਹੋਣਾ ਕਿ ਅਸ਼ਰ ਦੀ ਨਮਾਜ਼ ਕਿਹਨੂੰ ਕਹਿੰਦੇ ਹਨ ? ਨਮਾਜ਼ ਵਿਚ ਕੀ ਪੜ੍ਹਿਆ ਜਾਂਦਾ ਹੈ ? ਸੁੰਨੀਆਂ ਦਾ ਸ਼ੀਆਂ ਜਾਂ ਵਹਾਬੀ ਲੋਕਾਂ ਨਾਲ ਕੀ ਝਗੜਾ ਹੈ ? ਥੋੜ੍ਹਾ ਚਿਰ ਹੋਇਆ ਇਕ ਉੱਘਾ ਹਿੰਦੂ ਲੀਡਰ ਸਿੱਖਾਂ ਨੂੰ ਇਕੋ ਬਾਟੇ ਵਿਚੋਂ ਅੰਮ੍ਰਿਤ ਛਕਦਿਆਂ ਦੇਖ ਕੇ ਹੈਰਾਨ ਹੋ ਰਿਹਾ ਸੀ। ਕਈ ਚੰਗੇ ਨੇਕ-ਦਿਲ ਹਿੰਦੂ ਸੱਜਣ ਸਿੱਖਾਂ ਨੂੰ ਸਿਗਰਟ ਪੇਸ਼ ਕਰਦੇ ਹੋਏ ਦੇਖੇ ਜਾਂਦੇ ਹਨ। ਕਿਤਨੇ ਕੁ ਮੁਸਲਮਾਨ ਭਰਾ ਕ੍ਰਿਸ਼ਨ ਮਹਾਰਾਜ ਜਾਂ ਸ੍ਰੀ ਰਾਮ ਚੰਦਰ ਦੀ ਕਹਾਣੀ ਚੰਗੀ ਤਰ੍ਹਾਂ ਜਾਣਦੇ ਹਨ ? ਕਿਤਨੇ ਕੁ ਹਿੰਦੂ ਸੱਜਣ ਹਨ ਜਿਨ੍ਹਾਂ ਨੂੰ ਹਸਨ ਹੁਸੈਨ ਦੀ ਸ਼ਹੀਦੀ ਦੀ ਸਾਰੀ ਵਾਰਤਾ ਆਉਂਦੀ ਹੈ ? ਇਕ ਦੂਜੇ ਬਾਬਤ ਕਿਤਨੇ ਕੋਰੇ ਤੇ ਬੇਖ਼ਬਰ ਰਹਿੰਦਿਆਂ ਹੋਇਆਂ ਜੇ ਪਿੱਪਲ ਦੀ ਟਾਹਣੀ ਟੁੱਟ ਜਾਣ ਤੇ ਹਜ਼ਾਰਾਂ ਜਾਨਾਂ ਦਾ ਨੁਕਸਾਨ ਹੋ ਜਾਏ ਤਾਂ ਕੀ ਹੈਰਾਨੀ ਹੈ ?

ਫਿਰ ਦੇਖੋ ਅਸੀਂ ਹੁਨਰ ਦੇ ਮਾਮਲੇ ਵਿਚ ਕਿਤਨੇ ਪਿਛਾਂਹ-ਖਿਚੂ ਹੋ ਗਏ ਹਾਂ ! ਸਾਹਿੱਤ ਵਾਂਗੂ ਹੁਨਰ ਨੂੰ ਵੀ ਮੁੜ ਸੁਰਜੀਤ ਕਰਨ ਦੇ ਉਪਰਾਲੇ ਹੋ ਰਹੇ ਹਨ, ਪਰ ਇਹ ਹੁਨਰ ਉਹ ਨਹੀਂ ਜੋ ਸਾਡੇ ਵਡਿਆਂ ਨੇ ਰਲਾ ਮਿਲਾ ਕੇ ਇਕ ਕੀਤਾ ਸੀ, ਬਲਕਿ ਉਹ ਹੈ ਜੋ ਮੁਸਲਮਾਨਾਂ ਦੇ ਆਉਣ ਤੋਂ ਪਹਿਲਾਂ ਸਮਰਕੰਦ ਜਾਂ ਬਗ਼ਦਾਦ ਵਿਚ ਪ੍ਰਚਲਤ ਸੀ ਜਾਂ ਮਥਰਾ ਬਿੰਦਰਾਬਨ ਦੇ ਮੰਦਰਾਂ ਵਿਚ ਵਰਤਿਆ ਜਾਂਦਾ ਸੀ। ਹਿੰਦੂ ਆਪਣੇ ਕਾਲਜ, ਆਸ਼ਰਮ, ਹੋਰ ਪਬਲਕ ਇਮਾਰਤਾਂ ਨਿਰੋਲ ਹਿੰਦੂ ਸ਼ਕਲ ਦੀਆਂ ਬਣਾ ਰਹੇ ਹਨ, ਜਿਨ੍ਹਾਂ ਵਿਚ ਪੁਰਾਣੇ ਸ਼ਿਵਾਲੇ ਦੇ ਸਿਖਰੀ ਢੰਗ ਨਾਲ ਸਸਤੇ ਬਰਕਮਾਸਤਰੀ ਢੰਗ ਦੀਆਂ ਨਵੀਆਂ ਡਾਟਾਂ ਦਾ ਰੋਲਾ ਤਾਂ ਪਿਆ ਹੋਵੇਗਾ, ਪਰ ਕਮਾਨੀਦਾਰ ਡਾਟਾਂ ਤੇ ਗੁੰਬਦ ਦਾ ਨਾਂ ਨਿਸ਼ਾਨ ਨਹੀਂ ਹੋਵੇਗਾ,

ਕਿਉਂਕਿ ਇਹ ਚੀਜ਼ਾਂ ਮੁਸਲਮਾਨੀ ਸਭਿਅਤਾ ਨੂੰ ਯਾਦ ਕਰਾਉਂਦੀਆਂ ਹਨ। ਇਸੇ ਤਰ੍ਹਾਂ ਮੁਸਲਮਾਨ ਆਪਣੀਆਂ ਇਮਾਰਤਾਂ ਪੁਰਾਣੀ ਮੁਸਲਮਾਨੀ ਉਸਾਰਗੀਰੀ ਦੇ ਢੰਗ ਨਾਲ ਬਣਾ ਰਹੇ ਹਨ। ਇਹੋ ਮਨੋ-ਬਿਰਤੀ ਮੁਸੱਵਰੀ ਵਿਚ ਕੰਮ ਕਰ ਰਹੀ ਹੈ। ਬੰਗਾਲ ਦੇ ਚਿਤਰਕਾਰ, ਪੁਰਾਣੀ ਸਮਾਧਿ-ਬਿਰਤੀ ਅਨੁਸਾਰ ਜੋ ਨਿਰੋਲ ਹਿੰਦੂ ਬਿਰਤੀ ਹੈ, ਆਪਣੀਆਂ ਤਸਵੀਰਾਂ ਵਿਚ ਪਲਾਤਾ-ਪਲਾਤਾ ਰੰਗ ਭਰਦੇ ਹਨ ਅਤੇ ਆਪਣੇ ਭਾਵਾਂ ਨੂੰ ਪੂਰੀ ਤਰ੍ਹਾਂ ਸਤ੍ਹਾ ਤੇ ਨਹੀਂ ਲਿਆਉਂਦੇ। ਇਹ ਤਰਜ਼ ਨਿਰੋਲ ਹਿੰਦੂ ਹੋ ਸਕਦੀ ਹੈ, ਪਰ ਇਹ ਵਰਤਮਾਨ ਹਿੰਦ ਦੀ ਤਰਜ਼ ਨਹੀਂ ਅਖਵਾ ਸਕਦੀ, ਕਿਉਂਕਿ ਇਸ ਵਿਚ ਉਸ ਤਬਦੀਲੀ ਦਾ ਨਾਂ ਨਿਸ਼ਾਨ ਨਹੀਂ ਜੋ ਸਾਡੀ ਰੂਹ ਵਿਚ ਬਰਕਰਾਰ ਮੁਸਲਮਾਨੀ ਅਸਰ ਨੇ ਲਿਆਂਦੀ . ਦੂਜੇ ਪਾਸੇ ਚੁਗਤਾਈ ਵਰਗੇ ਮੁਸਲਮਾਨ ਮੁਸੱਵਰ, ਹਿੰਦੂਆਂ ਵਰਗੀ ਡੂੰਘਿਆਈ ਨਾ ਰਖਦੇ ਹੋਏ ਸਾਰਾ ਭਾਵ ਸਤ੍ਹਾ ਉਤੇ ਹੀ ਡੋਲ੍ਹ ਦਿੰਦੇ ਹਨ। ਐਸ ਵੇਲੇ ਸਰਦਾਰ ਠਾਕਰ ਸਿੰਘ ਵਰਗੇ ਟਾਵੇਂ-੨ ਸਿਖ ਮੁਸੱਵਰ ਦੋਹਾਂ ਤਰਜ਼ਾਂ ਦੇ ਵਿਚਕਾਰ ਇਕ ਵਾਸਤਵਿਕ ਸ਼ੈਲੀ ਚਲਾ ਰਹੇ ਹਨ। ਬਾਕੀ ਦੇ ਮੁਸੱਵਰ ਜਾਂ ਤਾਂ ਨਵੇਂ-੨ ਯੂਰਪੀ ਢੰਗ ਵਰਤ ਰਹੇ ਹਨ, (ਜਿਵੇਂ ਰੂਪ ਕ੍ਰਿਸ਼ਨਾ) ਜਾਂ ਉਹੋ ਪੁਰਾਣੀਆਂ ਲੀਹਾਂ ਉਘਾੜ ਰਹੇ ਹਨ। ਫ਼ਲਸਫ਼ੇ ਵਿਚ ਵੀ ਓਹੀ ਵਖੇਵਾਂ ਦਿਸ ਰਿਹਾ ਹੈ। ਮੁਸਲਮਾਨ ਆਪਣੇ ਬਾਹਰੋਂ ਲਿਆਂਦੇ ਖਿਆਲਾਂ ਉਤੇ ਜ਼ੋਰ ਦੇ ਰਹੇ ਹਨ ਅਤੇ ਹਿੰਦੂ ਜਦ ਹਿੰਦੁਸਤਾਨ ਦਾ ਜ਼ਿਕਰ ਕਰਦੇ ਹਨ ਤਾਂ ਉਨ੍ਹਾਂ ਦਾ ਭਾਵ ਉਪਨਿਸ਼ਦਾਂ ਜਾਂ ਛੇ ਸ਼ਾਸਤਰਾਂ ਤੋਂ ਹੁੰਦਾ ਹੈ। ਆਪਣਾ ਸਾਰਾ ਤਾਣ ਇਸੇ ਪੁਰਾਣੇ ਗਿਆਨ ਨੂੰ ਮੁੜ ਸੁਰਜੀਤ ਕਰਨ ਤੇ ਲਾ ਦਿੰਦੇ ਹਨ। ਓਹ ਇਹ ਨਹੀਂ ਸੋਚਦੇ ਕਿ ਵਿਚਕਾਰਲੇ ਜ਼ਮਾਨੇ ਦੇ ਭਗਤਾਂ ਤੇ ਫ਼ਕੀਰਾਂ ਨੇ ਗਿਆਨ ਦੇ ਨਾਲ ਮੁਸਲਮਾਨੀ ਖਿਆਲ ਰਲਾ ਕੇ ਇਕ ਨਵੀਂ ਸੰਧੀ ਕਾਇਮ ਕੀਤੀ ਸੀ ਅਤੇ ਹਿੰਦੁਸਤਾਨ ਲਈ ਇਕ ਨਵਾਂ ਤੇ ਸਾਂਝਾ ਫਲਸਫਾ ਤਿਆਰ ਕੀਤਾ ਸੀ, ਜਿਸ ਨੂੰ ਛੱਡ ਕੇ ਫਿਰ ਪੁਰਾਣੀਆਂ ਲੀਹਾਂ ਉਤੇ ਚਲਣਾ ਆਪਣੇ ਵਡੇ ਵਡੇਰਿਆਂ ਦੀ ਸਦੀਆਂ ਦੀ ਕੀਤੀ ਕਮਾਈ ਨੂੰ ਰੋੜ੍ਹਨਾ ਹੈ।

ਪਰ ਹੋ ਕੀ ਰਿਹਾ ਹੈ ? ਹਰ ਇਕ ਧਿਰ ਆਪਣਾ ਵਖਰਾ ਵਾਯੂ-ਮੰਡਲ ਕਾਇਮ ਰਖਣਾ ਚਾਹੁੰਦੀ ਹੈ ਅਤੇ ਕੋਈ ਐਸੀ ਮਿਲੌਣੀ ਵਾਲੀ ਗੱਲ ਨਹੀਂ ਕਰਨਾ ਚਾਹੁੰਦੀ ਜਿਸ ਤੋਂ ਦੂਜੀ ਧਿਰ ਦਾ ਚੇਤਾ ਆ ਜਾਏ। ਦੋਵੇਂ ਲੋਕ ਆਪਣੀ ਸਾਰੀ ਵਾਹ, ਵਿਦਿਆ, ਹੁਨਰ ਤੇ ਧਰਮ ਰਾਹੀਂ ਆਪੋ ਆਪਣੇ ਖ਼ਿਆਲਾਂ ਤੇ ਜਜ਼ਬਿਆਂ ਨੂੰ

ਅੱਡੋ-ਅੱਡ ਰਖਣ ਵਿਚ ਲਾ ਦਿੰਦੇ ਹਨ, ਤੇ ਫਿਰ ਗਿਲਾ ਕਰਦੇ ਹਨ ਕਿ ਅਸੀਂ ਹਮਦਰਦੀ ਤੇ ਵਿਚਾਰ ਵਿਚ ਇਕ ਦੂਜੇ ਤੋਂ ਲਾਂਭੇ ਜਾ ਰਹੇ ਹਾਂ ! ਦੋਵੇਂ ਧਿਰਾਂ ਇਕ ਅਜੇਹੇ ਵਿਆਹੇ ਹੋਏ ਜੋੜੇ ਵਾਂਗੂ ਹਨ ਜੋ ਆਪਣਾ ਪਿੱਛਾ ਫੋਲ ਫੋਲ ਕੇ ਇਕ ਦੂਜੇ ਨੂੰ ਚਿੜ੍ਹਾਂਦੇ ਰਹਿੰਦੇ ਹਨ। ਇਕ ਕਹਿੰਦਾ ਹੈ ਕਿ ਤੈਨੂੰ ਸਹੇੜਨ ਤੋਂ ਪਹਿਲਾਂ ਮੈਂ ਕੇਡਾ ਖੁਸ਼ ਸਾਂ ! ਤੇ ਦੂਜੀ ਕਹਿੰਦੀ ਹੈ, ਤੇਰੇ ਪੱਲੇ ਪੈਣ ਤੋਂ ਪਹਿਲਾਂ ਜਦ ਮੈਂ ਪੇਕੇ ਵਸਦੀ ਸਾਂ ਤਾਂ ਬਾਪੂ ਜੀ ਇਹ ਚੀਜ਼ਾਂ ਲਿਆ ਦਿੰਦੇ ਸਨ, ਔਹ ਚੀਜ਼ਾਂ ਲਿਆ ਦਿੰਦੇ ਸਨ ! ਇਹ ਨਹੀਂ ਸਮਝਦੇ ਕਿ ਹੁਣ ਉਹ ਵਿਆਹੇ ਹੋਏ ਹਨ। ਨਾ ਉਹ ਇਸ ਨੂੰ ਛੱਡ ਕੇ ਨਵੇਕਲੇ ਗੁਲ-ਛਰੇ ਉਡਾ ਸਕਦਾ ਹੈ, ਤੇ ਨਾ ਇਹ 'ਮੁੜ ਕੰਵਾਰੀ' ਬਣ ਕੇ ਪੇਕੇ ਜਾ ਸਕਦੀ ਹੈ। ਹੁਣ ਤਾਂ ਇਕੱਠੇ ਰਹਿਣ ਦੀਆਂ ਹੀ ਜਾਚਾਂ ਸਿੱਖਣੀਆਂ ਪੈਣਗੀਆਂ।

# ਕੀ ਗੁਰੂ ਨਾਨਕ ਦੇਵ ਜੀ ਪੜ੍ਹੇ ਹੋਏ ਸਨ ?

ਕਈਆਂ ਲੋਕਾਂ ਦਾ ਜਤਨ ਹੁੰਦਾ ਹੈ ਕਿ ਆਪਣੇ ਵੱਡਿਆਂ ਦੀ ਵਡਿਆਈ ਦਾ ਅਸਰ ਵਧਾਉਣ ਲਈ ਉਨ੍ਹਾਂ ਨੂੰ ਅਨਪੜ੍ਹ ਸਾਬਤ ਕਰਨ, ਤਾਂ ਜੋ ਲੋਕੀਂ ਇਹ ਵੇਖ ਕੇ ਹੈਰਾਨ ਹੋ ਜਾਣ ਕਿ ਇਤਨੀ ਉੱਚੀ ਸਿਖਿਆ ਦੇਣ ਵਾਲਾ ਜਾਂ ਇੰਨੀ ਪ੍ਰਭੁਤਾ ਦਾ ਮਾਲਕ ਆਪ ਕਿਸੇ ਤੋਂ ਕੁਝ ਨਹੀਂ ਪੜ੍ਹਿਆ। ਇਸੇ ਲਈ ਹਜ਼ਰਤ ਮੁਹੰਮਦ, ਸ਼ਹਿਨਸ਼ਾਹ ਅਕਬਰ ਅਤੇ ਸਤਿਗੁਰ ਨਾਨਕ ਦੇਵ ਬਾਬਤ ਦਸਦੇ ਹਨ ਕਿ ਉਨ੍ਹਾਂ ਨੇ ਵਿਦਿਆ ਕਿਸੇ ਤੋਂ ਪ੍ਰਾਪਤ ਨਹੀਂ ਕੀਤੀ, ਅਰਥਾਤ ਲਿਖਣਾ ਪੜ੍ਹਨਾ ਨਹੀਂ ਸਿਖਿਆ, ਜੋ ਕੁਝ ਪਾਇਆ, ਅਤੇ ਜੋ ਕੁਝ ਕਢਿਆ ਆਪਣੇ ਅੰਦਰੋਂ ਹੀ ਕਢਿਆ।

ਮੁਗਲਾਂ ਦੇ ਸਮੇਂ ਤੋਂ ਲੈ ਕੇ ਤਾਲੀਮ ਦਾ ਸਿਲਸਿਲਾ ਅਜੇਹਾ ਬਾਕਾਇਦਾ ਚਲਾ ਆਇਆ ਹੈ ਕਿ ਆਮ ਲੋਕਾਂ ਨੂੰ ਹੋਰ ਕੋਈ ਤਰੀਕਾ ਤਾਲੀਮ ਦਾ ਸੁਝਦਾ ਨਹੀਂ। ਜੇ ਕੋਈ ਆਦਮੀ ਕਿਸੇ ਮਕਤਬ, ਮਦਰਸੇ ਜਾਂ ਸਕੂਲ ਕਾਲਜ ਵਿਚ ਬਹਿ ਕੇ ਲਗਾਤਾਰ ਨਾ ਪੜ੍ਹੇ ਉਸ ਨੂੰ ਪੜ੍ਹਿਆ ਹੋਇਆ ਨਹੀਂ ਗਿਣਦੇ। ਪਰ ਜੇ ਵਾਕਿਆਤ ਨੂੰ ਵੇਖਿਆ ਜਾਵੇ ਤਾਂ ਪਤਾ ਲਗਦਾ ਹੈ ਕਿ ਮੌਜੂਦਾ ਜ਼ਮਾਨੇ ਵਿਚ ਵੀ ਕਈ ਵੱਡੇ ਵੱਡੇ ਵਿਦਵਾਨ ਤੇ ਕਵੀ ਆਪਣੇ ਆਪ ਪੜ੍ਹੇ ਹਨ ਅਤੇ ਕਿਸੇ ਬਾਕਾਇਦਾ ਸਕੂਲ ਵਿਚ ਨਹੀਂ ਗਏ। ਰਾਬਰਟ ਬਰੋਨਿੰਗ ਅੰਗਰੇਜ਼ੀ ਦਾ ਭਾਰੀ ਕਵੀ ਹੋਇਆ ਹੈ, ਜਿਸ ਦੀ ਵਿਦਵਤਾ ਦਾ ਟਾਕਰਾ ਅਜ ਕਲ ਦਾ ਕੋਈ ਹੋਰ ਕਵੀ ਨਹੀਂ ਕਰ ਸਕਦਾ, ਪਰ ਉਹ ਕਿਸੇ ਸਕੂਲ ਜਾਂ ਕਾਲਜ ਵਿਚ ਨਹੀਂ ਸੀ ਪੜ੍ਹਿਆ। ਹਿੰਦ ਦਾ ਮਹਾਂ ਕਵੀ ਟੈਗੋਰ, ਜਿਸ ਦੀ ਵਿਦਵਤਾ ਦਾ ਸਿੱਕਾ ਪੱਛਮੀ ਲੋਕਾਂ ਨੇ ਭੀ ਮੰਨਿਆ ਹੈ, ਕਿਸੇ ਬਾਕਾਇਦਾ ਸਕੂਲ ਜਾਂ ਕਾਲਜ ਦਾ ਪੜ੍ਹਿਆ ਹੋਇਆ ਨਹੀਂ ਸੀ।

ਇਕ ਹੋਰ ਗੱਲ ਭੀ ਹੈ। ਆਮ ਤੌਰ ਤੇ ਲੋਕ ਲਿਖਣ ਪੜ੍ਹਨ ਨੂੰ ਵਿਦਿਆ ਕਹਿੰਦੇ ਹਨ। ਅਸਲ ਵਿਚ ਲਿਖਣਾ ਪੜ੍ਹਨਾ ਇਕ ਵਸੀਲਾ ਹੈ ਵਿਦਿਆ ਸਿਖਣ ਦਾ। ਇਲਮ ਦੇ ਖਜ਼ਾਨੇ ਲਿਖਤ ਵਿਚ ਹਨ, ਇਸ ਲਈ ਸਧਾਰਨ ਤੌਰ ਤੇ ਇਉਂ

ਹੀ ਹੁੰਦਾ ਹੈ ਕਿ ਜਿਹੜਾ ਆਦਮੀ ਇਲਮ ਦੇ ਖਜ਼ਾਨੇ ਤਕ ਪਹੁੰਚਣਾ ਚਾਹੁੰਦਾ ਹੈ, ਉਸ ਨੂੰ ਲਿਖਤ ਪੜ੍ਹਤ ਦੀ ਕੁੰਜੀ ਵਰਤਣੀ ਪੈਂਦੀ ਹੈ, ਪਰ ਇਹ ਜ਼ਰੂਰੀ ਨਹੀਂ ਕਿ ਆਦਮੀ ਇਸੇ ਕੁੰਜੀ ਨੂੰ ਵਰਤੇ। ਸਮਰੱਥ ਲੋਕਾਂ ਵਾਸਤੇ ਹੋਰ ਵੀ ਸਾਧਨ ਹੋ ਸਕਦਾ ਹੈ। ਅਕਬਰ ਲਿਖਣ ਪੜ੍ਹਨ ਵਲੋਂ ਤਾਂ ਕੋਰਾ ਸੀ, ਪਰ ਫ਼ਾਰਸੀ, ਤੁਰਕੀ ਆਦਿ ਸਾਹਿੱਤ ਦਾ ਸਵਾਦ ਉਤਨਾ ਹੀ ਚਖਦਾ ਸੀ ਜਿਤਨਾ ਕਿ ਕੋਈ ਪੜ੍ਹਿਆ ਲਿਖਿਆ ਚਖ ਸਕਦਾ ਹੈ। ਉਹ ਵੱਡੇ ਵੱਡੇ ਵਿਦਵਾਨਾਂ ਦੀ ਸੰਗਤ ਕਰਦਾ ਸੀ, ਉਨ੍ਹਾਂ ਕੋਲੋਂ ਹਾਫ਼ਜ਼ ਆਦਿ ਕਵੀਆਂ ਦੀ ਕਵਿਤਾ ਸੁਣਦਾ ਸੀ। ਉਸ ਦੇ ਦਰਬਾਰ ਵਿਚ ਹਿੰਦੂ, ਮੁਸਲਮਾਨ, ਈਸਾਈ ਆਗੂਆਂ ਦੀ ਇਲਮੀ ਤੇ ਮਜ਼੍ਹਬੀ ਚਰਚਾ ਹੁੰਦੀ ਰਹਿੰਦੀ ਸੀ ਅਤੇ ਉਹ ਉਸ ਵਿਚ ਸਾਲਸ ਹੋ ਕੇ ਚੋਖਾ ਹਿੱਸਾ ਲੈਂਦਾ ਸੀ। ਕੌਣ ਕਹਿ ਸਕਦਾ ਹੈ ਕਿ ਉਹ ਅਨਪੜ੍ਹ ਸੀ। ਕਿਸੇ ਨੇ ਵਿਦਿਆ ਅੱਖਾਂ ਦੇ ਰਾਹੋਂ ਪ੍ਰਾਪਤ ਕੀਤੀ, ਕਿਸੇ ਨੇ ਕੰਨਾਂ ਦੁਆਰਾ ਪ੍ਰਾਪਤ ਕੀਤੀ, ਫ਼ਰਕ ਕੀ ਹੋਇਆ ? ਵਿਦਿਆ ਤਾਂ ਅੰਦਰ ਚਲੀ ਗਈ। ਇਸੇ ਤਰ੍ਹਾਂ ਮਹਾਰਾਜਾ ਰਣਜੀਤ ਸਿੰਘ ਨੂੰ ਅਨਪੜ੍ਹ ਕਹਿਣਾ ਭੁੱਲ ਹੈ। ਭਾਵੇਂ ਉਸ ਨੂੰ ਅੱਖਰੀ ਇਲਮ ਨਹੀਂ ਸੀ ਆਉਂਦਾ ਫਿਰ ਭੀ ਉਹ ਫ਼ਾਰਸੀ, ਪਜਾਬੀ ਆਦਿ ਜ਼ਬਾਨਾਂ ਜਾਣਦਾ ਸੀ ਅਤੇ ਕਵੀਆਂ ਦੀਆਂ ਕਵਿਤਾਵਾਂ ਸੁਣਦਾ, ਇਨਾਮ ਦੇਂਦਾ ਤੇ ਆਪਣੇ ਦਫ਼ਤਰ ਵਾਲਿਆਂ ਕੋਲੋਂ ਫ਼ਾਰਸੀ ਚਿੱਠੀ ਪੱਤਰ ਦੇ ਮਸੌਦੇ ਸੁਣਦਾ ਅਤੇ ਆਪ ਲਿਖਵਾਉਂਦਾ ਸੀ। ਉਸ ਨੂੰ ਅਨਪੜ੍ਹ ਕੌਣ ਆਖ ਸਕਦਾ ਹੈ ?

ਸ੍ਰੀ ਗੁਰੂ ਨਾਨਕ ਦੇਵ ਜੀ ਦੀ ਇਲਮੀ ਲਿਆਕਤ ਬਾਬਤ ਭੀ ਇਉਂ ਹੀ ਵਿਚਾਰ ਕਰਨੀ ਪਵੇਗੀ।

ਸਿਖ ਲਿਖਾਰੀਆਂ ਦਾ ਵਿਚਾਰ ਹੈ ਕਿ ਜੇਕਰ ਗੁਰੂ ਜੀ ਦਾ ਪਾਂਧੇ ਕੋਲੋਂ ਪੜ੍ਹਨਾ ਲਿਖਣਾ ਮੰਨੀਏ ਤਾਂ ਗੁਰੂ ਜੀ ਦੀ ਵਡਿਆਈ ਵਿਚ ਘਾਟਾ ਪੈਂਦਾ ਹੈ, ਇਸ ਲਈ ਉਹ ਲਿਖਦੇ ਹਨ ਕਿ ਗੋਪਾਲ ਪੰਡਿਤ ਪਾਸ ਪੜ੍ਹਨੇ ਤਾਂ ਪਾਏ ਗਏ ਸਨ ਪਰ ਉਨ੍ਹਾਂ ਉਸ ਪਾਸੋਂ ਸਿਖਿਆ ਕੁਝ ਨਹੀਂ। ਸਾਨੂੰ ਇਹ ਸਮਝ ਲੈਣਾ ਚਾਹੀਦਾ ਹੈ ਕਿ ਜੇ ਅਸੀਂ ਛੀਵੇਂ ਅਤੇ ਦਸਵੇਂ ਪਾਤਸ਼ਾਹ ਬਾਬਤ ਮੰਨ ਲੈਂਦੇ ਹਾਂ ਕਿ ਉਨ੍ਹਾਂ ਨੇ ਮਨੁੱਖਾਂ ਪਾਸੋਂ ਸੰਸਾਰੀ ਵਿਦਿਆ ਲਈ ਤਾਂ ਸ੍ਰੀ ਗੁਰੂ ਨਾਨਕ ਦੇਵ ਬਾਬਤ ਭੀ ਮੰਨਦਿਆਂ ਗੁਰੂ ਜੀ ਦੀ ਕੋਈ ਹਿਰਤੀ ਨਹੀਂ ਹੁੰਦੀ, ਕਿ ਉਨ੍ਹਾਂ ਨੇ ਪਾਂਧੇ ਪਾਸੋਂ ਅੱਖਰ ਲਿਖਣ ਤੇ ਹਿਸਾਬ ਕਿਤਾਬ ਰਖਣਾ ਸਿਖਿਆ। ਗੱਲ ਇਹ ਹੈ ਕਿ ਗੁਰੂ ਜੀ ਰੱਬੀ ਜੋਤ ਸਨ ਪਰ ਉਨ੍ਹਾਂ ਮਨੁੱਖੀ ਜਾਮਾ ਭੀ ਧਾਰਨ ਕੀਤਾ ਹੋਇਆ ਸੀ। ਮਨੁੱਖੀ

ਰੂਪ ਧਾਰਨ ਕਰਨ ਲੱਗਿਆਂ ਮਨੁੱਖੀ ਜੀਵਨ ਦੀਆਂ ਸਧਾਰਣ ਹਾਲਤਾਂ ਭੀ ਅੱਖਤਿਆਰ ਕੀਤੀਆਂ ਸਨ, ਅਰਥਾਤ ਮਨੁੱਖੀ ਬੋਲੀ ਉਨ੍ਹਾਂ ਵਰਤੀ ਜੋ ਲੋਕ ਵਰਤਦੇ ਸਨ, ਸਰੀਰਕ ਚੋਲੇ ਦੀ ਭਜਣ ਬਣਨ ਵਾਲੀ ਹਾਲਤ, ਲਿਖਣ ਪੜ੍ਹਨ ਦੀ ਅੱਖਰੀ ਸਿਖਿਆ ਉਹੀ ਵਰਤੀ ਜੋ ਹੋਰ ਵਰਤਦੇ ਸਨ। ਹਾਂ ਉਨ੍ਹਾਂ ਨੇ ਆਤਮਕ ਸਿਖਿਆ ਵਾਹਿਗੁਰੂ ਤੋਂ ਬਿਨਾਂ ਕਿਸੇ ਹੋਰ ਕੋਲੋਂ ਨਹੀਂ ਸਿਖੀ। ਇਸੇ ਵਿਚ ਉਨ੍ਹਾਂ ਦੀ ਵਡਿਆਈ ਹੈ। ਹਿੰਦੂ ਸਜਣ (ਡਾਕਟਰ ਗੋਕਲ ਚੰਦ ਨਾਰੰਗ ਆਦਿ) ਚਾਹੁੰਦੇ ਹਨ ਕਿ ਗੁਰੂ ਜੀ ਦੇ ਖ਼ਿਆਲ ਵੇਦਾਂ ਸ਼ਾਸਤ੍ਰਾਂ ਬਾਬਤ ਪ੍ਰਮਾਣੀਕ ਨਾ ਮੰਨੇ ਜਾਣ, ਇਸ ਲਈ ਉਹ ਲਿਖਦੇ ਹਨ ਕਿ ਗੁਰੂ ਜੀ ਦੀ ਇਲਮੀ ਲਿਆਕਤ ਬਹੁਤ ਨਹੀਂ ਸੀ, ਇਸ ਲਈ ਉਨ੍ਹਾਂ ਨੇ ਵੇਦਾਂ ਸ਼ਾਸਤ੍ਰਾਂ ਨੂੰ ਪੜ੍ਹ ਕੇ ਕੋਈ ਸਿੱਟੇ ਨਹੀਂ ਕੱਢੇ, ਕੇਵਲ ਸੁਣੀ ਸੁਣਾਈ ਗੱਲ ਦੇ ਅਧਾਰ ਤੇ ਜਾਂ ਹਿੰਦੂਆਂ ਦੀ ਆਮ ਵਰਤਣ ਤੋਂ ਜਾਂਚ ਕੇ ਨੁਕਤਾਚੀਨੀ ਕਰ ਦਿੱਤੀ।

ਇਨ੍ਹਾਂ ਸਜਣਾਂ ਦੀ ਇਸ ਦਲੀਲ ਤੇ ਹਾਸਾ ਆਉਂਦਾ ਹੈ। ਕਦੀ ਤਾਂ ਜਦੋਂ ਸਤਿਗੁਰੂ ਜੀ ਨੂੰ ਸੰਸਕ੍ਰਿਤ ਦੀਆਂ ਪੁਸਤਕਾਂ ਦਾ ਆਸਰਾ ਲੈਂਦਾ ਹੋਇਆ ਸਾਬਤ ਕਰਨਾ ਚਾਹੁੰਦੇ ਹਨ ਕਿ ਵੇਖੋ "ਤਿਸ ਦੇ ਚਾਨਣਿ ਸਭ ਮਹਿ ਚਾਨਣੁ ਹੋਇ" ਵਾਲੀ ਤੁਕ ਮੁੰਡਕ ਉਪਨਿਸ਼ਦ (੨੨.੧੦) ਦਾ ਉਲਥਾ ਹੈ, ਅਤੇ "ਭੈ ਵਿਚਿ ਪਵਣੁ ਵਹੈ ਸਦ ਵਾਓ" ਵਾਲੀਆਂ ਤੁਕਾਂ ਤੈਤ੍ਰੰਯ ਉਪਨਿਸ਼ਦ ਵਿਚੋਂ ਲਈਆਂ ਹਨ। ਪਰ ਜਦੋਂ ਗੁਰੂ ਜੀ ਨੂੰ ਇਹ ਆਖਦਾ ਦੇਖਦੇ ਹਨ ਕਿ "ਬ੍ਰਹਮਾ ਮੂਲੁ ਵੇਦ ਅਭਿਆਸਾ, ਤਿਸਤੇ ਉਪਜ ਦੇਵ ਮੋਹ ਪਿਆਸਾ, ਤ੍ਰੈਗੁਣ ਭਰਮੇ ਨਾਹੀ ਨਿਜ ਘਰਿ ਵਾਸਾ" ਤਾਂ ਕਹਿ ਉਠਦੇ ਹਨ ਕਿ ਗੁਰੂ ਜੀ ਨੇ ਵੇਦ ਪੜ੍ਹ ਕੇ ਨਹੀਂ ਦੇਖੇ, ਐਵੇਂ ਸੁਣੀ ਸੁਣਾਈ ਗੱਲ ਕਰ ਛੱਡੀ।

ਫ਼ਾਰਸੀ ਕਿਤਾਬਾਂ ਵਾਲਿਆਂ ਨੇ ਗੁਰੂ ਜੀ ਦੀ ਵਿਦਵਤਾ ਨੂੰ ਮੰਨਿਆ ਹੈ। ਤਾਰੀਖ਼ ਪੰਜਾਬ, ਕ੍ਰਿਤ ਗ਼ੁਲਾਮ ਮੁਹਿਉੱਦੀਨ ਬੂਟੇ ਸ਼ਾਹ, ਨੇ ਗੁਰੂ ਜੀ ਦਾ ਹਿੰਦੀ ਤੇ ਫ਼ਾਰਸੀ ਇਲਮ ਤੋਂ ਵਾਕਫ਼ ਹੋਣਾ ਮੰਨਿਆ ਹੈ। 'ਚਹਾਰ ਗੁਲਸ਼ਨ' ਵਿਚ ਆਉਂਦਾ ਹੈ ਕਿ—

"ਬਿਆਨੇ ਕਮਾਲਾਤਸ਼ ਅਜ਼ ਤਕਰੀਰ ਓ ਤਹਿਰੀਰ ਮੁਸਤਗਨੀ।"
(ਉਸ ਦੇ ਕਮਾਲਾਂ ਦਾ ਬਿਆਨ ਬੋਲਣ ਤੇ ਲਿਖਣ ਤੋਂ ਬਾਹਰ ਹੈ)।

ਮੁਨਸ਼ੀ ਸੋਹਣ ਲਾਲ ਦੀ ਲਿਖੀ ਹੋਈ ਕਿਤਾਬ 'ਉਮਦਤੁਤ ਤਵਾਰੀਖ਼' ਵਿਚ ਲਿਖਿਆ ਹੈ ਕਿ—

"ਅਜ਼ ਇਸ਼ਾਰਾਤ ਦਾ ਕਨਾਯਾਤ ਇਲਮੇ ਫ਼ਾਰਸੀ ਨੇਕੋ ਮੁਤਲਾ।"

ਉਸ ਦੇ ਇਸ਼ਾਰਿਆਂ ਅਤੇ ਹਵਾਲਿਆਂ ਤੋਂ ਪਤਾ ਲਗਦਾ ਹੈ ਕਿ ਉਸ ਨੂੰ ਫ਼ਾਰਸੀ ਦਾ ਇਲਮ ਚੰਗੀ ਤਰ੍ਹਾਂ ਆਉਂਦਾ ਸੀ।

ਮੌਲਵੀ ਗੁਲਾਮ ਅਲੀ (ਫ਼ਰੁੱਖ਼ਸੀਅਰ ਦਾ ਮੁਨਸ਼ੀ) ਲਿਖਦਾ ਹੈ, ਕਿ "ਗੁਰੂ ਜੀ ਪਾਸ ਇਲਮ ਤੇ ਹੁਨਰ ਜਿਤਨਾ ਨਬੀਆਂ ਪਾਸ ਹੁੰਦਾ ਹੈ, ਪੂਰਾ-ਪੂਰਾ ਸੀ, ਉਹਨਾਂ ਤੋਂ ਵੱਧ ਕਿਸੇ ਹੋਰ ਨੂੰ ਪ੍ਰਾਪਤ ਨਹੀਂ ਹੋਇਆ।"

"ਸੀਅਰੁਲ ਮੁਤਾਖ਼ਰੀਨ" ਵਾਲਾ ਲਿਖਦਾ ਹੈ ਕਿ ਗੁਰੂ ਸਾਹਿਬ ਦੇ ਗੁਆਂਢ ਵਿਚ ਮੌਲਵੀ ਸੱਯਦ ਹਸਨ ਸਾਹਿਬ ਬੜੇ ਆਲਮ ਫ਼ਾਜ਼ਲ ਰਹਿੰਦੇ ਸਨ, ਅਤੇ ਗੁਰੂ ਜੀ ਨੂੰ ਬਹੁਤ ਪਿਆਰ ਕਰਦੇ ਸਨ। ਉਨ੍ਹਾਂ ਪਾਸੋਂ ਗੁਰੂ ਜੀ ਨੇ ਫ਼ਾਰਸੀ ਸਿੱਖੀ।

ਮੈਕਾਲਿਫ਼ ਸਾਹਿਬ ਵੀ ਮੰਨਦਾ ਹੈ ਕਿ ਗੁਰੂ ਜੀ ਨੇ ਫ਼ਾਰਸੀ ਪੜ੍ਹੀ। ਯੋਗ ਸਾਹਿਬ "ਇਨਸਾਈਕਲੋਪੀਡੀਆ ਆਫ਼ ਐਥਿਕਸ" ਵਿਚ ਲਿਖਦੇ ਹਨ ਕਿ ਗੁਰੂ ਸਾਹਿਬ ਨੇ ਨੌਂ ਵਰ੍ਹੇ ਦੀ ਉਮਰ ਵਿਚ ਫਾਰਸੀ ਪੜ੍ਹੀ। ਵਲਾਇਤ ਵਾਲੀ ਜਨਮ-ਸਾਖੀ ਵਿਚ ਭੀ ਆਉਂਦਾ ਹੈ ਕਿ ਗੁਰੂ ਜੀ ਨੇ ਤੋਰਕੀ ਪੜ੍ਹੀ, ਜਿਸ ਤੋਂ ਭਾਵ ਫ਼ਾਰਸੀ ਹੀ ਹੈ। ਕਨਿੰਘਮ ਆਪਣੀ "ਹਿਸਟਰੀ ਆਫ਼ ਦੀ ਸਿਖਸ" ਵਿਚ ਲਿਖਦਾ ਹੈ ਕਿ "ਸਾਡੇ ਪਾਸ ਇਹ ਯਕੀਨ ਕਰਨ ਲਈ ਕਾਫ਼ੀ ਦਲੀਲਾਂ ਮੌਜੂਦ ਹਨ ਕਿ ਗੁਰੂ ਨਾਨਕ ਸਾਹਿਬ ਨੇ ਹਿੰਦੂਆਂ ਤੇ ਮੁਸਲਮਾਨਾਂ ਦੇ ਧਰਮਾਂ ਦੀ ਵਾਕਫ਼ੀ ਕਰ ਲਈ ਸੀ ਅਤੇ ਉਨ੍ਹਾਂ ਨੂੰ ਕੁਰਾਨ ਤੇ ਹਿੰਦੂ ਸ਼ਾਸਤਰਾਂ ਦੀ ਭੀ ਆਮ ਵਾਕਫ਼ੀ ਸੀ।"

"ਪੰਥ ਪ੍ਰਕਾਸ਼" ਵਾਲਾ ਲਿਖਦਾ ਹੈ ਕਿ ਗੁਰੂ ਜੀ ਨੇ ਸੱਤ ਵਰ੍ਹੇ ਦੀ ਉਮਰ ਵਿਚ ਹਿੰਦੀ ਵਿਚ ਹਿਸਾਬ ਕਿਤਾਬ ਲਿਖਣਾ ਸ਼ੁਰੂ ਕੀਤਾ ਅਤੇ ਨੌਂ ਵਰ੍ਹੇ ਦੀ ਉਮਰ ਵਿਚ ਸੰਸਕ੍ਰਿਤ ਪੜ੍ਹਨੀ ਅਰੰਭੀ।

ਉਨ੍ਹੀ ਦਿਨੀਂ ਪੰਜਾਬ ਵਿਚ ਜੋ ਵਿਦਿਆ ਦਾ ਪ੍ਰਬੰਧ ਸੀ, ਉਹ ਗੁਰੂ ਜੀ ਨੇ ਚੰਗੀ ਤਰ੍ਹਾਂ ਵਰਤਿਆ। ਪਿੰਡਾਂ ਵਿਚ ਹਿੰਦੀ ਟਾਕਰੇ ਪੜ੍ਹਾਣ ਲਈ ਪਾਂਧੇ ਹੁੰਦੇ ਸਨ ਅਤੇ ਫ਼ਾਰਸੀ ਪੜ੍ਹਾਣ ਲਈ ਮੌਲਵੀ। ਇਨ੍ਹਾਂ ਤੋਂ ਵਧ ਕੇ ਜੋ ਕੋਈ ਦੀਨੀ ਇਲਮ ਪੜ੍ਹਨਾ ਚਾਹੇ ਤਾਂ ਲਾਹੌਰ, ਕਸੂਰ, ਪਾਕਪਟਨ ਆਦਿ ਥਾਵਾਂ ਤੇ ਪੀਰਾਂ ਫ਼ਕੀਰਾਂ ਦੇ

ਵੱਡੇ-ਵੱਡੇ ਅੱਡੇ ਹੁੰਦੇ ਸਨ ਜਿਨ੍ਹਾਂ ਵਿਚ ਮੁਸਲਮਾਨੀ ਇਲਮ ਉੱਚ ਦਰਜੇ ਦਾ ਪੜ੍ਹਾਇਆ ਜਾਂਦਾ ਸੀ। ਜੇ ਹਿੰਦੂ ਧਰਮ ਦੀ ਉੱਚੀ ਤਾਲੀਮ ਲੈਣੀ ਹੋਵੇ ਤਾਂ ਕਾਸ਼ੀ ਜਾਣਾ ਪੈਂਦਾ ਸੀ। ਗੁਰੂ ਜੀ ਨੇ ਆਪਣੇ ਪਿੰਡ ਦੇ ਪਾਂਧੇ ਪਾਸੋਂ ਹਿੰਦੀ ਅੱਖਰ ਤੇ ਟਾਕਰਿਆਂ ਵਿਚ ਹਿਸਾਬ ਕਿਤਾਬ ਸਿਖਿਆ। ਵਿਚਾਰੇ ਪਾਂਧੇ ਪਾਸ ਜਿਹੜਾ ਉਂਝ ਥੋੜ੍ਹਾ ਜਿਹਾ ਤੋਸ਼ਾ ਸੀ, ਉਹ ਗੁਰੂ ਜੀ ਥੋੜ੍ਹੇ ਜਿਹੇ ਦਿਨਾਂ ਵਿਚ ਹੀ ਮੁਕਾ ਬੈਠੇ ਅਤੇ ਅੱਗੋਂ ਉਸ ਨੂੰ ਪੜ੍ਹਾਣਾ ਆਵੇ ਨਾ, ਇਸ ਲਈ ਗੁਰੂ ਜੀ ਉਸ ਤੋਂ ਉਠ ਕੇ ਫ਼ਾਰਸੀ ਵਾਲੇ ਪਾਸ ਗਏ ਅਤੇ ਉਸ ਪਾਸੋਂ ਫ਼ਾਰਸੀ ਲਿਖਣੀ ਪੜ੍ਹਨੀ ਸਿਖੀ ਅਤੇ ਮੁਸਲਮਾਨੀ ਮਤਿ ਦੀਆਂ ਕਿਤਾਬਾਂ ਦਾ ਮੁਤਾਲਿਆ ਕੀਤਾ। ਕੁਝ ਚਿਰ ਮਗਰੋਂ ਸੰਸਕ੍ਰਿਤ ਪੜ੍ਹਨੀ ਭੀ ਸਿਖੀ। ਮੈਕਾਲਿਫ਼ ਲਿਖਦਾ ਹੈ ਕਿ ਪਿੰਡ ਤੋਂ ਬਾਹਰ ਜੰਗਲ ਹੀ ਜੰਗਲ ਸੀ, ਜਿਸ ਵਿਚ ਕਈ ਪੜ੍ਹੇ ਹੋਏ ਸੰਤ ਮਹਾਤਮਾ ਰਹਿੰਦੇ ਸਨ। ਉਨ੍ਹਾਂ ਦੇ ਪਾਸ ਅਕਸਰ ਗੁਰੂ ਜੀ ਆਂਦੇ ਜਾਂਦੇ ਸਨ। ਹਿੰਦੂ ਮਤਿ ਦੇ ਗ੍ਰੰਥਾਂ ਦਾ ਮੁਤਾਲਿਆ ਇਹਨੀਂ ਦਿਨੀਂ ਕੀਤਾ ਹੋਣਾ ਹੈ। ਇਹ ਮੁਤਾਲੇ ਦਾ ਕੰਮ ਬਹੁਤਾ ਸਾਰਾ ਗੁਰੂ ਜੀ ਨੇ ਆਪ ਕੀਤਾ।

ਜਦ ਸੁਲਤਾਨਪੁਰ ਦੇ ਨਵਾਬ ਪਾਸ ਭਾਈਏ ਜੈਰਾਮ ਹੋਰਾਂ ਨੇ ਗੁਰੂ ਜੀ ਲਈ ਨੌਕਰੀ ਦੀ ਸਿਫਾਰਸ਼ ਕੀਤੀ ਤਾਂ ਨਾਲ ਇਹੋ ਕਿਹਾ ਸੀ ਕਿ ਨਾਨਕ ਚੰਗਾ ਪੜ੍ਹਿਆ ਲਿਖਿਆ ਆਦਮੀ ਹੈ ਅਤੇ ਕੰਮ ਭੀ ਉਹ ਸੌਂਪਿਆ ਗਿਆ, ਜਿਸ ਵਿਚ ਲਿਖਤ ਪੜ੍ਹਤ ਅਤੇ ਲੇਖਾ ਕਰਨ ਦੀ ਲੋੜ ਪੈਂਦੀ ਸੀ। ਇਸ ਤੋਂ ਸਾਬਤ ਹੋਇਆ ਕਿ ਗੁਰੂ ਜੀ ਪੜ੍ਹੇ ਲਿਖੇ ਸਨ।

ਜਦ ਸੁਲਤਾਨਪੁਰ ਛੱਡ ਕੇ ਗੁਰੂ ਜੀ ਨੇ ਦੇਸ਼ ਦਾ ਰਟਨ ਕਰਨਾ ਅਰੰਭਿਆ, ਤਾਂ ਗੁਰੂ ਜੀ ਖ਼ਾਸ ਕਰਕੇ ਉਨ੍ਹਾਂ ਥਾਵਾਂ ਤੇ ਗਏ, ਜਿਥੇ ਹਿੰਦੂਆਂ ਤੇ ਮੁਸਲਮਾਨਾਂ ਦੇ ਚੋਟੀ ਦੇ ਵਿਦਵਾਨਾਂ ਦੇ ਅੱਡੇ ਸਨ। ਉਨ੍ਹਾਂ ਨਾਲ ਚਰਚਾ ਕਰਨ ਲਈ ਉਨ੍ਹਾਂ ਦੀਆਂ ਪੁਸਤਕਾਂ ਤੇ ਧਾਰਮਕ ਅਸੂਲਾਂ ਦੀ ਡੂੰਘੀ ਵਾਕਫ਼ੀ ਦੀ ਲੋੜ ਸੀ। ਡਾਕਟਰ ਗੋਕਲ ਚੰਦ ਜੀ ਨਾਰੰਗ ਮੰਨਦੇ ਹਨ ਕਿ :—

"The Nawab of Sultanpur, the Qazis of Mecca, the Pandits of Hardwara, and the Pandits of Kurukshetra every one bowed before his manly courage and fearless logic of facts." (Transformation of Sikhism, P. 10)

(ਨਵਾਬ ਸੁਲਤਾਨਪੁਰ, ਮੱਕੇ ਦੇ ਕਾਜ਼ੀ, ਹਰਦਵਾਰ ਦੇ ਪੰਡਤ ਅਤੇ ਕੁਰਖੇਤਰ ਦੇ ਪਾਂਡੇ ਸਭ ਲੋਕ ਗੁਰੂ ਜੀ ਦੀ ਦਲੇਰੀ ਅਤੇ ਵਾਕਿਆਤ ਦੇ ਨਿਰਭੈ ਗਿਆਨ ਤੇ ਦਲੀਲ ਵੇਖ ਕੇ ਉਨ੍ਹਾਂ ਅੱਗੇ ਸਿਰ ਨਿਵਾਉਂਦੇ ਸਨ ।)

ਪੰਡਤਾਂ ਤੇ ਮੌਲਵੀਆਂ ਉਤੇ ਦਿਗ-ਬਿਜੈ ਤਦ ਹੀ ਕਰ ਸਕਦੇ ਸਨ ਜੇਕਰ ਉਹ ਆਪ ਉਨ੍ਹਾਂ ਪਾਸੋਂ ਵਧੇਰੇ ਵਿਦਵਾਨ ਹੋਣ ਅਤੇ ਨਿਰੀਆਂ ਸੁਣੀਆਂ ਸੁਣਾਈਆਂ ਗੱਲਾਂ ਦਾ ਆਸਰਾ ਲੈਣ ਦੀ ਥਾਂ ਖੋਜ ਭਰੀਆਂ ਗੱਲਾਂ ਕਰ ਸੱਕਣ ।

ਗੁਰੂ ਜੀ ਦੀ ਆਪਣੀ ਬਾਣੀ ਦੀ ਰਚਨਾ ਤੇ ਖਿਆਲਾਂ ਉਤੇ ਵਿਚਾਰ ਕਰਕੇ ਵੇਖੀਏ ਤਾਂ ਭੀ ਮੰਨਣਾ ਪਏਗਾ ਕਿ ਗੁਰੂ ਜੀ ਦੀ ਵਿਦਵਤਾ ਬਹੁ ਉੱਚੀ ਅਤੇ ਬਾਕਾਇਦਾ ਸੀ । ਇਕ ਜਪੁਜੀ ਤੇ ਆਸਾ ਦੀ ਵਾਰ ਦੀਆਂ ਪਉੜੀਆਂ ਦੀ ਸਿਲਸਿਲੇਵਾਰ ਰਚਨਾ ਅਤੇ ਉਨ੍ਹਾਂ ਵਿਚ ਦੇ ਖ਼ਿਆਲ ਦੀ ਲੜੀ ਨੂੰ ਹੀ ਲੈ ਕੇ ਦੇਖੋ, ਤਾਂ ਗੁਰੂ ਜੀ ਦੀ ਵਿਦਵਤਾ ਦਾ ਸਿੱਕਾ ਮੰਨਣਾ ਪਏਗਾ । "ਮਨਿ ਜੀਤੈ ਜਗੁ ਜੀਤੁ" "ਸਚੁ ਪੁਰਾਣਾ ਹੋਵੈ ਨਾਹੀਂ", "ਸਤੁ ਸੁਹਾਣੁ ਸਦਾ ਮਨਿ ਚਾਉ", "ਮਿਠਤਿ ਨੀਵੀ ਨਾਨਕਾ ਗੁਣ ਚੰਗਿਆਈਆਂ ਤਤੁ", ਆਦਿ ਤੁਕਾਂ ਦੀ ਬਨਾਵਟ ਤੇ ਖ਼ਿਆਲ ਹੀ ਦੱਸਦੇ ਹਨ ਕਿ ਕਿਸੇ ਆਲਮ ਤੇ ਸਾਹਿੱਤ ਦੇ ਜਾਣੂ ਦੇ ਲਿਖੇ ਹੋਏ ਹਨ ।

"ਨਾਨਕ ਮੇਰ ਸਰੀਰ ਕਾ, ਇਕ ਰਥੁ ਇਕੁ ਰਥਵਾਹੁ । ਜੁਗੁ ਜੁਗੁ ਫੇਰਿ ਵਟਾਈਅਹਿ ਗਿਆਨੀ ਬੁਝਹਿ ਤਾਹਿ" (ਆਸਾ ਦੀ ਵਾਰ) । ਇਨ੍ਹਾਂ ਤੁਕਾਂ ਵਿਚ ਜੋ ਰਥ ਦਾ ਜ਼ਿਕਰ ਆਇਆ ਹੈ, ਉਸ ਨੂੰ ਪੁਰਾਣੀਆਂ ਪੁਸਤਕਾਂ ਦੇ ਪੜ੍ਹੇ ਹੋਏ ਗਿਆਨੀ ਹੀ ਸਮਝ ਸਕਦੇ ਹਨ । ਮਸਲਨ, "ਮਲਿੰਦਾ ਪਨਹਾ" ਵਿਚ ਤੇ "ਕਾਠੋਪਨਿਸ਼ਦ" ਵਿਚ ਸਰੀਰ ਨੂੰ ਰਥ ਨਾਲ ਤਸ਼ਬੀਹ ਦਿੱਤੀ ਹੈ । ਰਥ ਤੇ ਰਥਵਾਨ ਦਾ ਜੁਗ ਜੁਗ ਅਨੁਸਾਰ ਵਟਾਣ ਵਾਲਾ ਖ਼ਿਆਲ ਭੀ ਵਿਦਵਾਨ ਲੋਕ ਹੀ ਸਮਝਾ ਸਕਦੇ ਹਨ ।

ਇਹੋ ਜਿਹੇ ਸੈਂਕੜੇ ਸ਼ਬਦ ਹਨ, ਜਿਨ੍ਹਾਂ ਤੋਂ ਮਾਲੂਮ ਹੁੰਦਾ ਹੈ ਕਿ ਗੁਰੂ ਜੀ ਨੂੰ ਹਿੰਦੂ ਮੱਤ ਦੀਆਂ ਪੁਸਤਕਾਂ ਦੀ ਪੂਰੀ-ਪੂਰੀ ਵਾਕਫ਼ੀ ਸੀ ।

"ਸਿਧ ਗੋਸਟਿ" ਆਦਿ ਬਾਣੀਆਂ, ਜੋ ਜੋਗੀਆਂ ਪ੍ਰਤੀ ਉਚਾਰਣ ਹੋਈਆਂ, ਇਤਨੇ ਗੂੜ੍ਹ ਭਾਵਾਂ ਵਾਲੀਆਂ ਹਨ ਅਤੇ ਉਨ੍ਹਾਂ ਵਿਚ ਕਿਤਾਬੀ ਖਿਆਲਾਂ ਵੱਲ ਇਤਨੇ ਇਸ਼ਾਰੇ ਹਨ ਕਿ ਵਿਦਵਾਨ ਪੁਰਸ਼ ਤੋਂ ਬਿਨਾਂ ਉਨ੍ਹਾਂ ਨੂੰ ਕੋਈ ਸਮਝ ਨਹੀਂ ਸਕਦਾ ।

ਇਸੇ ਤਰ੍ਹਾਂ ਗੁਰੂ ਜੀ ਦੀ ਬਾਣੀ ਵਿਚ ਮੁਸਲਮਾਨਾਂ ਦੀਆਂ ਪੁਸਤਕਾਂ ਵਿਚ ਦਿੱਤੀਆਂ ਗੱਲਾਂ ਅਤੇ ਉਹਨਾਂ ਦੇ ਧਾਰਮਿਕ ਅਸੂਲਾਂ ਵੱਲ ਇਸ਼ਾਰੇ ਹਨ ਜਿਨ੍ਹਾਂ ਨੂੰ ਵਿਚਾਰ ਕੇ ਅਸੀਂ ਕਹਿ ਸਕਦੇ ਹਾਂ ਕਿ ਗੁਰੂ ਜੀ ਨੂੰ ਉਨ੍ਹਾਂ ਦੇ ਘਰ ਦੀ ਭੀ ਪੂਰੀ-ਪੂਰੀ ਵਾਕਫੀ ਸੀ ।

ਕਈ ਸਜਣਾਂ ਨੇ ਆਸਾ ਤੇ ਤਿਲੰਗ ਰਾਗ ਵਾਲੇ ਫਾਰਸੀ-ਨੁਮਾ ਸ਼ਬਦਾਂ ਨੂੰ ਲੈ ਕੇ ਉਟੰਕਨ ਕੀਤੀ ਹੈ ਕਿ ਗੁਰੂ ਜੀ ਦੀ ਫਾਰਸੀ ਕੁਣ-ਕਸਰ ਵਾਲੀ ਸੀ ।

"ਬਦਬਖ਼ਤ ਹਮ ਚੁ ਬਖ਼ੀ ਲਗ਼ਾਫ਼ਲ ਬੇ ਨਜ਼ਰ ਬੇਬਾਕ ।
ਨਾਨਕ ਬੁਗੋਯਦ ਜਨ ਤੁਰਾ ਤੇਰੇ ਚਾਕਰਾ ਪੈ ਖ਼ਾਕ ।"

ਕਹਿੰਦੇ ਹਨ ਕਿ ਇਹ ਫਾਰਸੀ ਠੀਕ ਨਹੀਂ । ਹਾਂ ਜੇ ਇਸ ਨੂੰ ਫ਼ਾਰਸੀ ਕਰਕੇ ਲਈਏ ਤਾਂ ਤੇ ਮੁਹਾਵਰਾ ਰਲਾ ਮਿਲਾ ਹੋਣ ਕਰਕੇ ਠੀਕ ਨਹੀਂ । ਪਰ ਅਸਲ ਵਿਚ ਇਹ ਸ਼ਬਦ ਫ਼ਾਰਸੀ ਵਿਚ ਨਹੀਂ । ਇਹ ਤਾਂ ਉਸ ਮਿਲਵੀਂ ਜਿਹੀ ਬੋਲੀ ਵਿਚ ਹਨ ਜੋ ਗੁਰੂ ਜੀ ਦੇ ਵੇਲੇ ਹਿੰਦੁਸਤਾਨੀ ਮੁਸਲਮਾਨਾਂ ਦੀ ਪ੍ਰਚਲਤ ਬੋਲੀ (ਵਰਨੈਕੁਲਰ) ਬਣ ਰਹੀ ਸੀ । ਉਰਦੂ ਅਜੇ ਬਣਿਆ ਨਹੀਂ ਸੀ । ਇਸ ਲਈ ਫਾਰਸੀ ਜਾਨਣ ਵਾਲੇ ਮੁਸਲਮਾਨ ਲੋਕ ਕੁਝ ਹਿੰਦੀ ਦੇ ਲਫ਼ਜ ਰਲਾ ਕੇ ਇਕ ਖਿਚੜੀ ਜਿਹੀ ਬਣਾ ਲੈਂਦੇ ਸਨ ਜਿਸ ਨੂੰ 'ਰੇਖ਼ਤਾ' ਕਹਿੰਦੇ ਸਨ । ਇਹੋ ਬੋਲੀ ਹੁੰਦੇ-ਹੁੰਦੇ ਜਹਾਂਗੀਰ, ਸ਼ਾਹ ਜਹਾਨ ਦੇ ਵੇਲੇ ਉਰਦੂ ਜਾ ਬਣੀ । ਇਸ ਰਲ-ਗਡ ਜੇਹੀ ਬੋਲੀ ਦੇ ਨਮੂਨੇ ਕਵੀ ਚਾਂਦ ਦੇ "ਪ੍ਰਿਥੀ ਰਾਜ ਰਾਸੋ" ਵਿਚ ਤੇ ਉਸ ਵੇਲੇ ਦੀਆਂ ਹੋਰਨਾਂ ਪੁਸਤਕਾਂ ਵਿਚ ਭੀ ਮਿਲਦੇ ਹਨ । ਸੋ ਇਨ੍ਹਾਂ ਸ਼ਬਦਾਂ ਨੂੰ ਗੁਰੂ ਸਾਹਿਬ ਦੀ ਫ਼ਾਰਸੀ ਦਾ ਨਮੂਨਾ ਨਹੀਂ ਸਮਝਣਾ ਚਾਹੀਦਾ, ਸਗੋਂ ਉਸ ਵਕ਼ਤ ਬਣ ਰਹੀ ਇਕ ਨਵੀਂ ਬੋਲੀ ਦਾ ਨਮੂਨਾ ਸਮਝਣਾ ਚਾਹੀਦਾ ਹੈ । ਗੁਰੂ ਜੀ ਨੇ ਜਿਥੇ ਹਿੰਦੂਆਂ ਮੁਸਲਮਾਨਾਂ ਦੇ ਰਾਗਾਂ ਨੂੰ ਮਿਲਾਇਆ ਹੈ (ਮਸਲਨ ਤਿਲੰਗ ਤੇ ਆਸਾ), ਉਥੇ ਉਨ੍ਹਾਂ ਦੋਹਾਂ ਕੌਮਾਂ ਦੀਆਂ ਬੋਲੀਆਂ ਨੂੰ ਭੀ ਮਿਲਾ ਕੇ ਵਰਤਿਆ ਹੈ ।

ਗੁਰਮੁਖੀ ਵਰਣਮਾਲਾ ਭੀ ਗੁਰੂ ਨਾਨਕ ਜੀ ਨੇ ਬਣਾਈ, ਭਾਵੇਂ ਇਸ ਦੀ ਬਾਹਲੀ ਵਰਤੋਂ ਗੁਰਬਾਣੀ ਲਿਖਾਣ ਵਿਚ ਗੁਰੂ ਅੰਗਦ ਜੀ ਨੇ ਕੀਤੀ ! ਦੇਖੋ ਪੱਟੀ ਆਸਾ । ਇਸ ਵਿਚ ਗੁਰਮੁਖੀ ਦੇ ੩੫ ਅੱਖਰ ਲ਼ਏ ਹਨ ਅਤੇ ਇਸ ਵਿਚ ਗੁਰਮੁਖੀ ਦਾ ਖਾਸ ਅੱਖਰ 'ੜ' ਭੀ ਆਉਂਦਾ ਹੈ, ਇਸ ਤੋਂ ਮਲੂਮ ਹੁੰਦਾ ਹੈ ਕਿ ਗੁਰੂ ਨਾਨਕ ਦੇਵ ਜੀ ਨੂੰ ਗੁਰਮੁਖੀ ਪੈਂਤੀ ਦਾ ਪਤਾ ਸੀ ।

# ਖਾਲਸਾ ਕਾਲਜ ਅੰਮ੍ਰਿਤਸਰ

੧

ਜਦ ਪਿਛਲੀ ਸਦੀ ਦੇ ਸੰਨ ਅੱਸੀ ਨੱਬੇ ਦੇ ਵਿਚਕਾਰ ਧਾਰਮਕ ਸੁਧਾਰ ਦੀ ਲਹਿਰ ਜਾਰੀ ਹੋਈ, ਤਾਂ ਇਹ ਜ਼ਰੂਰੀ ਸੀ ਕਿ ਸਿੱਖਾਂ ਦਾ ਧਿਆਨ ਵਿਦਿਆ ਵੱਲ ਵੀ ਜਾਂਦਾ, ਕਿ ਕਿਸੇ ਕੌਮ ਵਿਚ ਜਾਗ੍ਰਤ ਪੈਦਾ ਕਰਨ ਲਈ ਵਿਦਿਆ ਤੋਂ ਬਿਨਾਂ ਹੋਰ ਕੋਈ ਹਥਿਆਰ ਨਹੀਂ। ਉਨ੍ਹੀਂ ਦਿਨੀਂ ਸੁਧਾਰਕ ਸਿੱਖਾਂ ਦੀ ਅਗਵਾਈ 'ਖਾਲਸਾ ਦੀਵਾਨ' ਲਾਹੌਰ ਦੇ ਹੱਥ ਸੀ, ਜਿਸ ਵਿਚ ਵਿਦਿਅਕ ਕੰਮਾਂ ਦੇ ਮੋਢੀ ਸਰਦਾਰ ਗੁਰਮੁਖ ਸਿੰਘ ਜੀ ਓਰੀਅੰਟਲ ਕਾਲਜ ਵਾਲੇ, ਸਰਦਾਰ ਜਵਾਹਰ ਸਿੰਘ ਜੀ ਰੇਲਵੇ ਦਫ਼ਤਰ ਵਾਲੇ ਸਨ। ਇਹ ਸੱਜਣ ਸਧਾਰਨ ਜਿਹੇ ਸਿੱਖ ਸਨ, ਪਰ ਪੰਥਕ ਜੋਸ਼ ਇਨ੍ਹਾਂ ਵਿਚ ਠਾਠਾਂ ਮਾਰਦਾ ਸੀ। ਸਿੱਖਾਂ ਵਿਚ ਜਿਸ ਪਾਸੇ ਇਹ ਜਾਂਦੇ ਸਨ, ਜੋਸ਼ ਦੀ ਲਹਿਰ ਵੱਗ ਤੁਰਦੀ ਸੀ। ਸਰਕਾਰ ਅਤੇ ਰਿਆਸਤਾਂ ਕੋਲੋਂ ਭੀ ਮਦਦ ਲੈਣੀ ਜਾਣਦੇ ਸਨ।

ਉਨ੍ਹੀਂ ਦਿਨੀਂ ਸਿੱਖ ਲੋਕ ਸਰਕਾਰ ਅੰਗਰੇਜੀ ਨੂੰ ਆਪਣਾ ਪੱਕਾ ਦੋਸਤ ਕਰਕੇ ਜਾਣਦੇ ਸਨ ਅਤੇ ਸਰਕਾਰ ਭੀ ਸਿੱਖਾਂ ਦੀ ਦੋਸਤੀ ਨੂੰ ਕਈ ਮੌਕਿਆਂ ਉਤੇ ਪਰਖ ਕੇ ਚੰਗੀ ਕਦਰ ਵਾਲੀ ਚੀਜ਼ ਸਮਝਦੀ ਸੀ। ਲਾਰਡ ਲੈਨਸਡਊਨ ਵਾਇਸਰਾਏ ਹਿੰਦ ਨੇ ੨੩ ਅਕਤੂਬਰ ੧੮੯੦ ਨੂੰ ਪਟਿਆਲੇ ਵਿਚ ਤਕਰੀਰ ਕਰਦਿਆਂ ਆਖਿਆ ਸੀ ਕਿ "ਸਿੱਖਾਂ ਦੀ ਇਸ ਵਿਦਿਅਕ ਲਹਿਰ ਨਾਲ ਸਰਕਾਰ ਹਿੰਦ ਦੀ ਪੂਰੀ ਪੂਰੀ ਹਮਦਰਦੀ ਹੈ। ਸਿੱਖਾਂ ਵਿਚ ਜੋ ਖਾਸ ਗੁਣ ਹਨ, ਉਹਨਾਂ ਦੀ ਕਦਰ ਸਾਡੇ ਦਿਲ ਵਿਚ ਬਹੁਤ ਹੈ। ਸਾਨੂੰ ਇਹ ਵੇਖ ਕੇ ਬਹੁਤ ਖੁਸ਼ੀ ਹੁੰਦੀ ਹੈ ਕਿ ਇਹੋ ਸਿੱਖ ਜੋ ਕਦੀ ਸਾਡੇ ਡਾਢੇ, ਕਰੜੇ ਤੇ ਬਹਾਦਰ ਵੈਰੀ ਸਨ, ਹੁਣ ਮਹਾਰਾਣੀ ਵਿਕਟੋਰੀਆ ਦੇ ਸੱਚੇ ਮਿੱਤਰ ਤੇ ਵਫ਼ਾਦਾਰ ਪਰਜਾ ਹਨ।"

ਪੰਜਾਬ ਦੇ ਲਾਟ ਸਰ ਜੇਮਜ਼ ਲਾਇਲ ਨੇ ਭੀ ੫ ਮਾਰਚ ੧੮੯੨ ਨੂੰ ਖਾਲਸਾ ਕਾਲਜ ਦੀ ਵੱਡੀ ਬਿਲਡਿੰਗ ਦੀ ਨੀਂਹ ਰੱਖਦਿਆਂ ਹੋਇਆਂ ਇਹੋ ਜਿਹਾ ਪ੍ਰਸੰਨਤਾ

ਭਰਿਆ ਖ਼ਿਆਲ ਪਰਗਟ ਕੀਤਾ ਸੀ ਕਿ "ਪੰਜਾਬੀ ਫੌਜਾਂ ਨੇ ਜੋ ਹਿੰਦੁਸਤਾਨ, ਚੀਨ, ਅਫਰੀਕਾ, ਮਿਸਰ ਅਤੇ ਕਾਬਲ ਦੀਆਂ ਮੁਹਿੰਮਾਂ ਜਿੱਤੀਆਂ ਹਨ, ਉਨ੍ਹਾਂ ਦਾ ਸਿਹਰਾ ਬਹੁਤ ਕਰਕੇ ਸਿੱਖਾਂ ਦੇ ਸਿਰ ਹੀ ਹੈ ਅਤੇ ਸਰਕਾਰ ਬਰਤਾਨੀਆਂ ਉਨ੍ਹਾਂ ਦਾ ਬਹੁਤ ਅਹਿਸਾਨ ਮੰਨਦੀ ਹੈ।"

ਸਿੱਖ ਭੀ ਆਪਣੇ ਵਲੋਂ ਇਸ ਹਮਦਰਦੀ ਦੀ ਚੋਖੀ ਕਦਰ ਕਰਦੇ ਸਨ। ਜਦ ੨੨ ਅਕਤੂਬਰ ੧੮੯੩ ਨੂੰ ਖਾਲਸਾ ਕਾਲਜ ਦੀ ਆਰੰਭਕ ਰਸਮ ਅਦਾ ਕੀਤੀ ਗਈ ਤਾਂ ਕਾਲਜ ਦੇ ਸਕੱਤਰ ਸਾਹਿਬ ਨੇ ਕਾਲਜ ਕੌਂਸਲ ਦੇ ਅੰਗਰੇਜ਼ ਮੈਂਬਰਾਂ ਦੀ ਸਹਾਇਤਾ ਵੱਲ ਧਿਆਨ ਦੁਆਂਦਿਆਂ ਹੋਇਆਂ ਆਖਿਆ: "ਇਹ ਸੱਜਣ ਜਿਹੜੀ ਮਦਦ ਸਾਨੂੰ ਦੇ ਰਹੇ ਹਨ, ਉਹ ਨਿਰੋਲ ਉਪਕਾਰ ਤੇ ਮਿੱਤਰਤਾ ਵਾਲੀ ਹੈ, ਇਸ ਲਈ ਅਸੀਂ ਇਨ੍ਹਾਂ ਦੇ ਅਤੀ ਧੰਨਵਾਦੀ ਹਾਂ।"

ਕਾਲਜ ਦੇ ਬਣਾਣ ਅਤੇ ਪ੍ਰਬੰਧ ਕਰਨ ਵਿਚ ਕਰਨੈਲ ਹਾਲਰਾਇਡ (ਡਾਇਰੈਕਟਰ ਵਿਦਿਅਕ ਮਹਿਕਮੇ ਦਾ), ਮਿ: ਜੇ. ਸਾਈਮ (ਇਕ ਹੋਰ ਡੀ. ਪੀ. ਆਈ.), ਸਰ ਵਿਲੀਅਮ ਰੈਟੀਗਨ (ਜਿਨ੍ਹਾਂ ਦੇ ਨਾਂ ਉਤੇ ਕਾਲਜ ਦੀ ਡਿਸਪੈਂਸਰੀ ਬਣੀ ਹੋਈ ਹੈ), ਮਿ: ਡਬਲਯੂ ਬੈੱਲ (ਪ੍ਰਿੰਸੀਪਲ ਗਵਰਨਮਿੰਟ ਕਾਲਜ) ਅਤੇ ਹੋਰ ਕਈ ਅੰਗਰੇਜ਼ ਅਫ਼ਸਰ ਸਿੱਖਾਂ ਦੇ ਨਾਲ ਮਿਲ ਕੇ ਕੰਮ ਕਰਦੇ ਹਨ। ਇਨ੍ਹਾਂ ਨੂੰ ਸਿੱਖਾਂ ਨੇ ਆਪਣੀ ਮਰਜ਼ੀ ਨਾਲ ਪ੍ਰਬੰਧ ਵਿਚ ਸ਼ਾਮਲ ਕੀਤਾ ਹੋਇਆ ਸੀ ਅਤੇ ਉਹ ਭੀ ਆਪਣਾ ਦਾਬਾ ਕਾਇਮ ਕਰਨ ਲਈ ਨਹੀਂ, ਸਗੋਂ ਨਿਰੋਲ ਮਦਦ ਦੇਣ ਲਈ ਸਿੱਖਾਂ ਨਾਲ ਮੋਢਾ ਚਾਹੁੰਦੇ ਸਨ।

ਪਹਿਲੇ ਪਹਿਲੇ ਖ਼ਿਆਲ ਸੀ ਕਿ ਕਾਲਜ ਲਾਹੌਰ ਵਿਚ ਬਣਾਇਆ ਜਾਵੇ। ਖਾਲਸਾ ਦੀਵਾਨ ਵਾਲੇ ਜਿਨ੍ਹਾਂ ਦਾ ਡੇਰਾ ਲਾਹੌਰ ਵਿਚ ਸੀ, ਇਹੋ ਚਾਹੁੰਦੇ ਸਨ। ਸਰਕਾਰ ਭੀ ਇਹੋ ਸਲਾਹ ਦਿੰਦੀ ਸੀ। ਲਾਟ ਸਾਹਿਬ ਕਹਿੰਦਾ ਸੀ ਕਿ ਲਾਹੌਰ ਵਿਦਿਆ ਤੇ ਸਮਾਜਕ ਉੱਨਤੀ ਦਾ ਕੇਂਦਰ ਹੈ। ਜੇ ਤੁਸਾਂ ਕਾਲਜ ਇਥੇ ਨਾ ਬਣਾਇਆ ਤਾਂ ਪੜ੍ਹਾਈ ਵਲੋਂ "ਊਤ ਦੇ ਊਤ ਹੀ ਰਹੋਗੇ।" ਪਰ ਅੰਮ੍ਰਿਤਸਰ ਵਾਲੇ ਸੱਜਣ ਜ਼ੋਰ ਦਿੰਦੇ ਸਨ ਕਿ ਕਾਲਜ ਅੰਮ੍ਰਿਤਸਰ ਵਿਚ ਬਣੇ। ਬਹੁਤ ਚਿਰ ਇਸੇ ਗੱਲ ਉਤੇ ਝਗੜਾ ਰਿਹਾ ਅਤੇ ਫੈਸਲਾ ਅੰਮ੍ਰਿਤਸਰ ਦੇ ਹੱਕ ਵਿਚ ਹੋਇਆ।

ਹੁਣ ਵਿਚਾਰ ਹੋਈ ਕਿ ਕਾਲਜ ਲਈ ਥਾਂ ਕਿਹੜੀ ਚੁਣੀ ਜਾਵੇ। ਪਹਿਲਾਂ

ਸਲਾਹ ਹੋਈ ਕਿ ਰਾਮ ਬਾਗ ਵਿਚ ਬਣਾਇਆ ਜਾਵੇ । ਸਰਕਾਰ ਭੀ ਇਸ ਗੱਲ ਤੇ ਰਾਜ਼ੀ ਸੀ ਅਤੇ ਰਾਮ ਬਾਗ ਤੋਂ ਲੈ ਕੇ ਰੇਲ ਦੇ ਸਟੇਸ਼ਨ ਤੋੜੀ ਸਾਰੀ ਥਾਂ ਦੇਣ ਲਈ ਤਿਆਰ ਸੀ, ਪਰ ਇਸ ਗੱਲ ਵਿਚ ਭੀ ਕਈਆਂ ਨੇ ਹਾਨੀ ਪਾਈ ਕਿ ਸ਼ਹਿਰ ਦੇ ਨੇੜੇ ਹੋਣ ਕਰਕੇ ਮੁੰਡੇ ਵਿਗੜ ਜਾਣਗੇ । ਅੰਤ ਮਿਸਟਰ ਨਿੱਕਲ (ਸਕੱਤਰ ਮਿਉਨਸੀਪਲ ਕਮੇਟੀ) ਦੀ ਮਦਦ ਨਾਲ ਪਿੰਡ ਕਾਲੇ ਤੇ ਕੋਟ ਸੈਦ ਮਹਿਮੂਦ ਦੇ ਲਾਗੇ ਅੱਜ ਕਲ੍ਹ ਵਾਲੀ ਥਾਂ, ਜ ੧੦੦ ਏਕੜ ਦੇ ਕਰੀਬ ਹੈ, ਕੇਵਲ ਦਸ ਹਜ਼ਾਰ ਰੁਪਏ ਤੋਂ ਮੁੱਲ ਲਈ ਗਈ ਅਤੇ ਇਸ ਦੇ ਬਦਲੇ ਇਨ੍ਹਾਂ ਪਿੰਡਾਂ ਦੇ ਲੋਕਾਂ ਨਾਲ ਇਕਰਾਰ ਕੀਤਾ ਗਿਆ ਕਿ ਉਨ੍ਹਾਂ ਦੇ ਮੁੰਡਿਆਂ ਪਾਸੋਂ ਫ਼ੀਸ ਨਹੀਂ ਲਈ ਜਾਏਗੀ ।

ਇਹ ਥਾਂ ਬੜੀ ਇਤਿਹਾਸਕ ਹੈ । ਗੁਰੂ ਹਰਿਗੋਬਿੰਦ ਸਾਹਿਬ ਦੇ ਵੇਲੇ ਸਿੱਖਾਂ ਦਾ ਜੋ ਪਹਿਲਾ ਜੰਗ ਮੁਗਲਾਂ ਨਾਲ ਹੋਇਆ ਸੀ ਉਹ ਇਸੇ ਥਾਂ ਹੋਇਆ ਸੀ । ਹੁਣ ਤੱਕ ਕਈ ਥਾਵਾਂ ਤੋਂ ਜਿਮੀਂ ਪੁੱਟਣ ਲੱਗਿਆਂ ਪੁਰਾਣੀਆਂ ਹੱਡੀਆਂ ਨਿਕਲੀਆਂ ਹਨ । ਕੇਹਾ ਸੋਹਣਾ ਢੋਅ ਢੁੱਕਾ ਕਿ ਸਦੀਆਂ ਮਗਰੋਂ ਉਹ ਪੰਥਕ ਰੱਖਿਆ ਦਾ ਮੈਦਾਨ ਪੰਥ ਦੀ ਵਿਦਿਅਕ ਉੱਨਤੀ ਦਾ ਮੈਦਾਨ ਆ ਬਣਿਆ ਅਤੇ ਜਿਥੇ ਸਿੱਖ ਤੇ ਮੁਸਲਮਾਨ ਕਦੀ ਇਕ ਦੂਜੇ ਦਾ ਸਿਰ ਭੰਨਣ ਲਈ ਇਕੱਠੇ ਹੋਏ ਸਨ, ਅੱਜ ਉਸੇ ਥਾਂ ਉਨ੍ਹਾਂ ਦੀ ਸੰਤਾਨ ਭਰਾਵਾਂ ਵਾਂਗ ਸਿਰ ਜੋੜ ਕੇ ਬਹਿੰਦੀ ਹੈ ਜਾਂ ਖੇਡਾਂ ਦੀਆਂ ਟੀਮਾਂ ਬਣਾ ਕੇ ਖੇਡਦੀ ਹੈ । ਪਾਕਿਸਤਾਨ ਦੇ ਬਣਨ ਤੋਂ ਪਹਿਲਾਂ ਦੀ ਗੱਲ ਹੈ ।

੨੨ ਅਕਤੂਬਰ ੧੮੯੩ ਨੂੰ ਮਿਡਲ ਦੀ ਪੜ੍ਹਾਈ ਸ਼ੁਰੂ ਹੋਈ ਅਤੇ ੧੮੯੬ ਵਿਚ ਹਾਈ ਦੀ । ਉਸੇ ਸਾਲ ਐਫ. ਏ. ਦੀਆਂ ਜਮਾਤਾਂ ਖੁੱਲ੍ਹੀਆਂ । ਫਿਰ ੧੮੯੯ ਵਿਚ ਬੀ. ਏ. ਅਤੇ ੧੯੦੫ ਵਿਚ ਐਫ. ਐਸ. ਸੀ. ਅਤੇ ਬੀ. ਐਸ. ਸੀ. ਦੀਆਂ ਜਮਾਤਾਂ ਬਣੀਆਂ । ੧੯੧੬ ਤੋਂ ਐਮ. ਏ. ਤੱਕ ਪੜ੍ਹਾਈ ਹੋਣ ਲੱਗੀ ।

ਉਨ੍ਹੀਵੀਂ ਸਦੀ ਦੇ ਅੰਤਲੇ ਸਾਲਾਂ ਵਿਚ ਖਾਲਸਾ ਦੀਵਾਨ ਦੇ ਮੋਢੀ ਕੁਝ ਤਾਂ ਚਲਾਣਾ ਕਰ ਗਏ ਅਤੇ ਬਾਕੀ ਦੇ ਇਧਰ ਉਧਰ ਖਿੰਡ ਪੁੰਡ ਗਏ, ਜਿਸ ਦਾ ਸਿੱਟਾ ਇਹ ਨਿਕਲਿਆ ਕਿ ਦੀਵਾਨ ਦਾ ਕੰਮ ਬਹੁਤਾ ਢਿੱਲਾ ਪੈ ਗਿਆ । ਇਹਦੇ ਨਾਲ ਕਾਲਜ ਦੀ ਭੀ ਮਾਲੀ ਹਾਲਤ ਬਹੁਤ ਵਿਗੜ ਗਈ । ਇਥੋਂ ਤੱਕ ਕਿ ਮੈਕਵਰਥ ਯੰਗ (ਲਾਟ ਸਾਹਿਬ ਪੰਜਾਬ) ਨੇ ਸਲਾਹ ਦਿੱਤੀ ਕਿ ਕਾਲਜ ਦੀਆਂ ਜਮਾਤਾਂ ਤੋੜ ਦਿਓ । ਪਰ ਕਾਲਜ ਦੇ ਚੰਗੇ ਭਾਗਾਂ ਕਰਕੇ ਉਨ੍ਹੀਂ ਦਿਨੀਂ ਚੀਫ

ਖਾਲਸਾ ਦੀਵਾਨ ਨੇ ਜਨਮ ਲਿਆ। ਸ੍ਰ: ਸੁੰਦਰ ਸਿੰਘ ਸਾਹਿਬ ਮਜੀਠਾ ਜੋ ਇਸ: ਨਵੇਂ ਦੀਵਾਨ ਦੇ ਮੋਢੀ ਸਨ, ੧੯੦੨ ਵਿਚ ਖਾਲਸਾ ਕਾਲਜ ਦੇ ਸਕੱਤਰ ਬਣੇ।

ਕਾਲਜ ਦੀ ਕੌਂਸਲ ਬਹੁਤ ਵੱਡੀ ਹੋਣ ਕਰਕੇ ਕੰਮ ਠੀਕ ਚਲਦਾ ਨਹੀਂ ਸੀ ਇਸ ਲਈ ਲਾਟ ਸਾਹਿਬ ਦੀ ਸਲਾਹ ਨਾਲ ੧੩ ਆਦਮੀਆਂ ਦੀ ਇਕ ਪ੍ਰਬੰਧਕ ਕਮੇਟੀ ਬਣਾਈ ਗਈ। ਕੰਮ ਚੰਗਾ ਰਿੜ੍ਹ ਪਿਆ ਅਤੇ ਕਾਲਜ ਦਿਨੋਂ ਦਿਨ ਚੜ੍ਹਦੀਆਂ ਕਲਾਂ ਵਿਚ ਹੋਣ ਲਗਾ। ੧੨ ਅਪ੍ਰੈਲ ੧੯੦੪ ਨੂੰ ਪੰਥ ਦੇ ਮਾਣਨੀਯ ਬਿਰਧ ਮਹਾਰਾਜ ਸਰ ਹੀਰਾ ਸਿੰਘ ਸਾਹਿਬ ਨਾਭਾ ਦੀ ਪ੍ਰਧਾਨਗੀ ਹੇਠ ਇਕ ਵੱਡਾ ਸਾਰਾ ਜਲਸਾ ਕੀਤਾ ਗਿਆ ਜਿਸ ਵਿਚ ਰਾਜਿਆਂ ਮਹਾਰਾਜਿਆਂ, ਸਰਦਾਰਾਂ, ਅਮੀਰਾਂ, ਗਰੀਬਾਂ ਨੇ ਦਰਸ਼ਨ ਦਿੱਤੇ। (ਪੰਥ ਵਿਚ ਇਹੋ ਜਿਹਾ ਅਦੁੱਤੀ ਇਕੱਠ ਫਿਰ ਮੁੜ ਕੇ ਕਦੀ ਨਹੀਂ ਹੋਇਆ।) ਮਹਾਰਾਜ ਹੀਰਾ ਸਿੰਘ ਜੀ ਆਪਣੇ ਹੱਥੀਂ ਸੰਗਤਾਂ ਨੂੰ ਪੱਖਾ ਝਲਦੇ ਸਨ। ਜਦ ਉਨ੍ਹਾਂ ਨੇ ਕਾਲਜ ਲਈ ਆਪਣੀ ਝੋਲੀ ਅੱਡ ਕੇ ਅਪੀਲ ਕੀਤੀ ਅਤੇ ਆਖਿਆ ਕਿ "ਖਾਲਸਾ ਜੀ ! ਮੈਂ ਆਪ ਦਾ ਕੂਕਰ ਆਪ ਦੇ ਦਰ ਤੇ ਭਿਖਾਰੀ ਬਣ ਕੇ ਆਇਆ ਹਾਂ", ਤਾਂ ਚੌਹਾਂ ਪਾਸਿਆਂ ਤੋਂ ਲੱਖਾਂ ਤੇ ਹਜ਼ਾਰਾਂ ਰੁਪਿਆਂ ਦੇ ਦਾਨ ਦੀਆਂ ਅਵਾਜ਼ਾਂ ਆਉਣ ਲਗੀਆਂ। ਪਟਿਆਲੇ ਵਲੋਂ ੬ ਲੱਖ, ਜੀਂਦ ਵਲੋਂ ੨ ਲੱਖ ੬੫ ਹਜ਼ਾਰ, ਕਪੂਰਥਲੇ ਵਲੋਂ ੧ ਲੱਖ ੭ ਹਜ਼ਾਰ, ਫਰੀਦਕੋਟ ਵਲੋਂ ੧ ਲੱਖ ਰੁਪਏ ਦਾ ਐਲਾਨ ਹੋਇਆ। ਨਾਭੇ ਵਲੋਂ ਵੀ ੩ ਲੱਖ ੨ ਹਜ਼ਾਰ ਦੇਣਾ ਕੀਤਾ ਗਿਆ। ਕੁਲ ਉਗਰਾਹੀ (ਨਕਦ ਤੇ ਇਕਰਾਰੀ) ਵੀਹ ਲੱਖ ਤੱਕ ਜਾ ਪੁਜੀ। ਇਨਡਉਮੈਂਟ ਫੰਡ ਲਈ ੧੫, ੩੦,੪੭੭ ਰੁਪਏ ਨਕਦ ਜਮ੍ਹਾ ਹੋ ਗਏ ਅਤੇ ਵੱਡੀ ਇਮਾਰਤ ਲਈ ੩,੨੮,੪੮੦ ਰੁਪਏ ਰੋਕ ਬਣੇ, ਜਿਨ੍ਹਾਂ ਵਿਚੋਂ ੫੦,੦੦੦ ਸਰਕਾਰ ਵਲੋਂ ਸੀ। ਸਿੱਖਾਂ ਦੀ ਮੰਗ ਉਤੇ ਸਰ ਚਾਰਲਸ ਰਿਵਾਜ਼, ਲਾਟ ਸਾਹਿਬ ਪੰਜਾਬ, ਨੇ ਇਕ ਹੋਰ ਭੀ ਉਦਮ ਕੀਤਾ। ਉਹ ਇਕ ਕਿ ਸਿਖ ਜ਼ਿਮੀਂਦਾਰਾਂ ਪਾਸੋਂ ਅਧਿਆਨੀ ਰੁਪਈਆ ਸਰਕਾਰੀ ਮਾਮਲੇ ਨਾਲ ਉਗਰਾਹਿਆ ਗਿਆ। ਇਸੇ ਲਾਟ ਸਾਹਿਬ ਦੇ ਨਾਂ ਉਤੇ ਕਾਲਜ ਦੇ ਹਾਲ ਦਾ ਨਾ "ਰਿਵਾਜ਼ ਹਾਲ" ਹੈ।

## ੨

ਖਾਲਸਾ ਕਾਲਜ ਪਟਿਆਲਾ ਪਹਿਲਾਂ ਹੋਸਟਲ ਦੇ ਹੇਠਲਿਆਂ ਕਮਬਿਆਂ ਵਿਚ ਲਗਦਾ ਹੁੰਦਾ ਸੀ। ਫਿਰ ੧੭ ਨਵੰਬਰ ੧੯੦੪ ਨੂੰ ਵੱਡੀ ਇਮਾਰਤ ਦੀ

ਨੀਂਹ ਰੱਖੀ ਗਈ। ਇਸ ਇਮਾਰਤ ਦਾ ਨਕਸ਼ਾ ਭਾਈ ਰਾਮ ਸਿੰਘ, ਪ੍ਰਿੰਸੀਪਲ ਮਿਓ ਸਕੂਲ ਔਫ਼ ਆਰਟ ਲਾਹੌਰ, ਨੇ ਬਣਾਇਆ ਸੀ। ਇਸ ਵਿਚ ਖਾਸ ਖੂਬੀ ਇਹ ਰੱਖੀ ਗਈ ਕਿ ਇਸਦੇ ਇਮਾਰਤੀ ਢੰਗ ਵਿਚ ਹਿੰਦੂ ਅਤੇ ਮੁਸਲਮਾਨੀ ਢੰਗਾਂ ਦਾ ਮੇਲ ਕੀਤਾ ਗਿਆ। ਜਿਥੇ ਗੁੰਬਦਾਂ ਮੁਸਲਮਾਨੀ ਹਨ, ਉਥੇ ਹਿੰਦੂਆਂ ਦੇ ਪੰਜ ਰਤਨੀ ਖਿਆਲ ਮੁਤਾਬਕ ਗਿਣਤੀ ਵਿਚ ਪੰਜ ਹਨ, ਫ਼ਾੜੀਦਾਰ ਹਨ ਅਤੇ ਉਤੇ ਕੰਵਲ ਦੀਆਂ ਪੱਤੀਆਂ ਬਣੀਆਂ ਹੋਈਆਂ ਹਨ। ਜੇ ਡਾਟਾਂ ਮੁਸਲਮਾਨੀ ਹਨ, ਤਾਂ ਹੇਠਾਂ ਬਰੈਕਟ ਹਿੰਦਵਾਣੀ ਹਨ।

ਇਮਾਰਤ ਦੀ ਉਸਾਰੀ ਦਾ ਕੰਮ ਸਰਦਾਰ ਧਰਮ ਸਿੰਘ ਜੀ ਘਰਜਾਖੀਏ ਦੇ ਸਪੁਰਦ ਸੀ। ਇਹ ਪ੍ਰੇਮ ਦੀ ਸੇਵਾ ਕਰਦੇ ਸਨ। ਇਨ੍ਹਾਂ ਦਾ ਖ਼ਿਆਲ ਸੀ ਕਿ ਇਮਾਰਤ ਉਤੇ ਇੰਨਾ ਰੁਪਈਆ ਨਹੀਂ ਖਰਚਣਾ ਚਾਹੀਦਾ। ਇਸ ਲਈ ਕੰਧਾਂ ਦੇ ਬਾਹਰਵਾਰ ਇੱਟਾਂ ਦੀ ਚਿਣਾਈ ਪੱਕੀ ਹੁੰਦੀ ਸੀ. ਅਤੇ ਅੰਦਰਵਾਰ ਕੱਚੀ। ਜਦ ਲਾਟ ਸਾਹਿਬ ਨੇ ਇਕ ਵਾਰ ਆਪ ਆ ਕੇ ਇਕ ਕੱਚੀ-ਪੱਕੀ ਉਸਾਰੀ ਵੇਖੀ ਤਾਂ ਕਹਿਣ ਲਗੇ, "ਸਰਕਾਰ ਚਾਹੁੰਦੀ ਹੈ ਕਿ ਸਿੱਖਾਂ ਦੇ ਇਸ ਕੇਂਦਰੀ ਆਸ਼ਰਮ ਦੀ ਇਮਾਰਤ ਖ਼ਾਲਸੇ ਦੀ ਸ਼ਾਨ ਮੁਤਾਬਿਕ ਚੰਗੀ ਤੋਂ ਚੰਗੀ ਬਣੇ। ਇਸ ਲਈ ਇਹ ਚਿਣਾਈ ਵਾਲੀ ਗੱਲ ਸਾਨੂੰ ਪਸੰਦ ਨਹੀਂ।" ਲਾਟ ਸਾਹਿਬ ਦੀ ਮਰਜ਼ੀ ਨੂੰ ਪੂਰਾ ਕਰਨ ਲਈ ਤਜਵੀਜ਼ ਹੋਈ ਕਿ ਸਰਦਾਰ ਧਰਮ ਸਿੰਘ ਜੀ ਦੀ ਥਾਂ ਇਕ ਅੰਗਰੇਜ਼ ਇੰਜੀਨੀਅਰ ਰਖਿਆ ਜਾਵੇ। ਉਸ ਮੌਕੇ ਤੇ ਕਿਸੇ ਸੱਜਣ ਨੇ ਕਿਹਾ ਕਿ ਨਵਾਂ ਇੰਜੀਨੀਅਰ ਵੱਡੀ ਤਨਖ਼ਾਹ ਲਵੇਗਾ, ਪਰ ਧਰਮ ਸਿੰਘ ਹੋਰੀਂ ਪ੍ਰੇਮ ਦੀ ਸੇਵਾ ਕਰਦੇ ਹਨ। ਇਸ ਤੇ ਮੇਜਰ ਹਿੱਲ ਦੇ ਮੂੰਹੋਂ ਨਿਕਲ ਗਿਆ. "ਪ੍ਰੇਮ ਦੀ ਸੇਵਾ ਫ਼ਜ਼ੂਲ ਹੈ।" ਮੇਜਰ ਹਿੱਲ ਦੇ ਇਸ ਕਥਨ ਨੇ ਸਿੱਖਾਂ ਵਿਚ ਬੜੀ ਤਰਥੱਲੀ ਮਚਾ ਦਿੱਤੀ। ਲੋਕਾਂ ਨੇ ਥਾਂ ਥਾਂ ਰੋਸ ਵਜੋਂ ਜਲਸੇ ਕੀਤੇ, ਅਤੇ ੭੦ ਕੁ ਪੰਥਕ ਸਭਾਵਾਂ ਤੇ ਦੀਵਾਨਾਂ ਨੇ ਰੋਸ ਦੇ ਮਤੇ ਪਾਸ ਕਰ ਕੇ ਭੇਜੇ। ਕਾਲਜ ਦੀ ਮੈਨੇਜਿੰਗ ਕਮੇਟੀ ਨੂੰ ਭੀ ਇਸ ਦੁਖਾਵੇਂ ਕਥਨ ਵਲੋਂ ਨਾ ਪਸੰਦੀ ਜ਼ਾਹਰ ਕਰਨੀ ਪਈ।

ਉਹ ਦਿਨ ੧੯੦੭ ਦੇ ਸਨ, ਜਦੋਂ ਸਾਰੇ ਹਿੰਦ ਵਿਚ ਹਲ-ਚਲ ਮਚੀ ਹੋਈ ਸੀ। ਮਿਸਟਰ ਗੋਖਲੇ ਅੰਮ੍ਰਿਤਸਰ ਆਇਆ ਹੋਇਆ ਸੀ, ਅਤੇ ਉਸ ਦੀ ਗੱਡੀ ਕਾਲਜ ਦੇ ਵਿਦਿਆਰਥੀਆਂ ਨੇ ਮੋਢਾ ਦੇ ਕੇ ਖਿੱਚੀ ਸੀ। ਆਸ ਪਾਸ ਜੋਸ਼ ਹੀ ਜੋਸ਼ ਸੀ। ਇਨ੍ਹਾਂ ਹਾਲਤਾਂ ਵਿਚ ਜਦ ਨਵਾਂ ਅੰਗਰੇਜ਼ ਇੰਜੀਨੀਅਰ ੧੦ ਫਰਵਰੀ.

੧੯੦੭ ਨੂੰ ਕਾਲਜ ਵਿਚ ਆਇਆ, ਤਾਂ ਕੁਝ ਮੁੰਡਿਆਂ ਨੇ ਉਸਨੂੰ ਫਕੜੀ ਮਾਰੀ, ਅਤੇ ਸਾਰੇ ਵਿਦਿਆਰਥੀਆਂ ਨੇ ਭੁੱਖ ਹੜਤਾਲ ਕੀਤੀ ਤੇ ਕਾਲੇ ਬਿੱਲੇ ਬੱਧੇ। ਇਸ ਹਾਦਸੇ ਨਾਲ ਕਾਲਜ ਨੂੰ ਸਰਕਾਰ ਕੁਝ ਸ਼ੱਕ ਨਾਲ ਦੇਖਣ ਲੱਗ ਪਈ। ਫੂਲਕੀਆਂ ਦੀਆਂ ਰਿਆਸਤਾਂ ਨੇ ਭੀ ਆਪਣੇ ਵਲੋਂ ਸਾਲਾਨਾ ਸੂਦ ਦੀ ਗ੍ਰਾਂਟ ਬੰਦ ਕਰ ਦਿੱਤੀ ਅਤੇ ਯੂਨੀਵਰਸਿਟੀ ਨੇ ਸੰਬੰਧ ਤੋੜ ਲੈਣ ਦੀ ਧਮਕੀ ਦਿਤੀ। ਸਰਕਾਰ ਨੂੰ ਨਿਸ਼ਚਾ ਹੋ ਗਿਆ ਕਿ ਕਾਲਜ ਦੀ ਹਾਲਤ ਤਦੇ ਸੁਧਰੇ ਸਕਦੀ ਹੈ ਜੇਕਰ ਇਸ ਦੇ ਪ੍ਰਬੰਧ ਵਿਚ ਸਰਕਾਰ ਦਾ ਆਪਣਾ ਹੱਥ ਹੋਵੇ।

ਸੋ ੧੫ ਜੂਨ ੧੯੦੮ ਨੂੰ ਕਾਲਜ ਦਾ ਪ੍ਰਬੰਧ ਬਦਲਿਆ ਗਿਆ ਅਤੇ ਕਮਿਸ਼ਨਰ ਸਾਹਿਬ ਕਾਲਜ ਕੌਂਸਲ ਦੇ ਪ੍ਰਧਾਨ ਅਤੇ ਡਿਪਟੀ ਕਮਿਸ਼ਨਰ ਵਾਇਸ ਪ੍ਰਧਾਨ ਬਣੇ। ਸਕੱਤਰ ਤੇ ਪ੍ਰਿੰਸੀਪਲ ਸਰਕਾਰ ਵਲੋਂ ਨੀਅਤ ਹੋਣ ਲੱਗੇ। ਇਸ ਨਾਲ ਕਾਲਜ ਤਾਂ ਬਚ ਗਿਆ, ਪਰ ਸਿੱਖਾਂ ਵਿਚ ਕਾਲਜ ਵਲੋਂ ਉਪਰਾਮਤਾ ਵਰਤ ਗਈ। ਅਣਖੀਲੇ ਸਰਦਾਰ ਹਰਬੰਸ ਸਿੰਘ ਜੀ ਅਟਾਰੀ ਵਾਲੇ ਅਸਤੀਫ਼ਾ ਦੇ ਕੇ ਮੈਂਬਰੀ ਤੋਂ ਵੱਖ ਹੋ ਗਏ, ਅਤੇ ਸ: ਸੁੰਦਰ ਸਿੰਘ ਜੀ ਦਾ ਭੀ ਸ਼ਾਮਲ ਰਹਿਣਾ ਮੁਸ਼ਕਲ ਹੋ ਗਆ। ਸਤੰਬਰ ੧੯੧੨ ਵਿਚ ਕੁਝ ਏਹੋ ਜਿਹੀਆਂ ਹੋਰ ਤਬਦੀਲੀਆਂ ਕੀਤੀਆਂ ਗਈਆਂ ਜਿਨ੍ਹਾਂ ਕਰਕੇ ਸਰਦਾਰ ਜੀ ਨੂੰ ਭੀ ਅਸਤੀਫਾ ਦੇਣਾ ਪਿਆ। ਪ੍ਰੋਫੈਸਰ ਜੋਧ ਸਿੰਘ ਜੀ ਐਮ. ਏ. ਅਤੇ ਉਨ੍ਹਾਂ ਦੇ ਸਾਥੀ ਸ: ਨਰਾਇਣ ਸਿੰਘ ਜੀ ਐਮ. ਏ. ਨੂੰ ਨੌਕਰੀ ਛੱਡਣੀ ਪਈ। ਸਰਕਾਰ ਨੇ ਮੱਦਦ ਵਜੋਂ ਤਿੰਨ ਅੰਗਰੇਜ਼ ਪ੍ਰੋਫੈਸਰ ਆਪਣੇ ਵਿਦਿਅਕ ਮਹਿਕਮੇ ਵਿਚੋਂ ਲੈ ਕੇ ਖਾਲਸਾ ਕਾਲਜ ਨੂੰ ਹੁਦਾਰੇ ਦੇਣੇ ਕੀਤੇ।

ਇਸ ਨਿਰਾਸਤਾ ਵਾਲੀ ਹਾਲਤ ਵਿਚ ਕਾਲਜ ਨੂੰ ਸਰਕਾਰ ਵਲੋਂ ਇਕ ਅਜਿਹਾ ਚੰਗਾ ਪ੍ਰਿੰਸੀਪਲ ਮਿਲ ਗਿਆ, ਜਿਸ ਦੀ ਸ਼ਖ਼ਸੀਅਤ ਨੇ ਸਿਖਾਂ ਦਾ ਗਿਆ ਗਵਾਚਾ ਇਤਬਾਰ ਤੇ ਹਮਦਰਦੀ ਬਹੁਤ ਸਾਰੀ ਮੋੜ ਲਿਆਂਦੀ। ਇਹ ਸੀ ਮਿਸਟਰ ਜੀ. ਏ ਵਾਦਨ। ਇਹ ਸਿੱਖਾਂ ਦਾ ਸੱਚਾ ਖ਼ੈਰ-ਖ਼ਾਹ ਤੇ ਹਮਦਰਦ ਸੀ। ਇਸ ਨੇ ਨਾ ਕੇਵਲ ਕਾਲਜ ਨੂੰ ਹਰ ਪਾਸਿਓਂ ਤਰੱਕੀ ਦਿੱਤੀ, ਅਤੇ ਇਸ ਦੇ ਵਿਦਿਆਰਥੀਆਂ ਨੂੰ ਹਮਦਰਦੀ ਦਸ ਕੇ ਅਤੇ ਨੌਕਰੀਆਂ ਦਿਵਾ ਕੇ ਜੱਸ ਖੱਟਿਆ, ਸਗੋਂ ਕਾਲਜ ਨੂੰ ਯੂਨੀਵਰਸਿਟੀ ਬਨਾਣ ਦਾ ਖ਼ਿਆਲ ਪਹਿਲਾਂ-ਪਹਿਲ ਸਿੱਖਾਂ ਦੇ ਸਾਹਮਣੇ ਰੱਖਿਆ। ਉਸ ਦਾ ਖ਼ਿਆਲ ਕੁਝ ਪੂਰਾ ਹੁੰਦਾ ਭੀ ਦਿਸਦਾ ਸੀ ਕਿ ਪ੍ਰਿੰਸ ਔਫ ਵੈਲਜ਼ ਆ ਕੇ

ਸਿੱਖ ਯੂਨੀਵਰਸਿਟੀ ਦੀ ਨੀਂਹ ਰੱਖੇ ਪਰ ੧੯੨੦ ਵਿਚ ਅਕਾਲੀ ਤਹਿਰੀਕ ਦੇ ਚਲਣ ਨਾਲ ਸਿਖਾਂ ਦੀ ਰੁਚੀ ਕਿਸੇ ਹੋਰ ਪਾਸੇ ਖਿਚੀ ਗਈ ਅਤੇ ਇਹ ਕੰਮ ਸਿਰੇ ਨਾ ਚੜ੍ਹ ਸਕਿਆ। ਹਾਂ ਇਸ ਹੱਲੇ ਵਿਚ ਕਾਲਜ ਦਾ ਪ੍ਰਬੰਧ ਸਿਖਾਂ ਦੇ ਹੱਥ ਆ ਗਿਆ।

ਮੁਲਕ ਵਿਚ ਨਾ-ਮਿਲਵਰਤਣ ਦੀ ਲਹਿਰ ਜ਼ੋਰਾਂ ਤੇ ਸੀ। ਖਾਸ ਕਰ ਕੇ ਲੋਕੀਂ ਵਿਦਿਅਕ ਆਸ਼ਰਮਾਂ ਦਾ ਪ੍ਰਬੰਧ ਸਰਕਾਰੀ ਮਹਿਕਮੇ ਅਤੇ ਯੂਨੀਵਰਸਿਟੀ ਨਾਲੋਂ ਤੋੜ ਲੈਣ ਉਤੇ ਜ਼ੋਰ ਦੇ ਰਹੇ ਸਨ। ਮਹਾਤਮਾ ਗਾਂਧੀ ਪੰਜਾਬ ਦਾ ਦੌਰਾ ਕਰ ਰਿਹਾ ਸੀ। ਉਹ ਅੰਮ੍ਰਿਤਸਰ ਵੀ ਆਇਆ। ਸਭ ਨੂੰ ਡਰ ਸੀ ਕਿ ਖਾਲਸਾ ਕਾਲਜ ਵੀ ਇਸੇ ਹੜ੍ਹ ਵਿਚ ਰੁੜ ਜਾਏਗਾ। ਪਰ ਮਿਸਟਰ ਵਾਦਨ ਨੂੰ ਪੱਕੀ ਉਮੈਦ ਸੀ—ਸਿੱਖ ਕੌਮ ਇਸ ਵੇਲੇ ਹੋਸ਼ ਤੋਂ ਕੰਮ ਲਵੇਗੀ। ਉਹ ਮਹਾਤਮਾ ਗਾਂਧੀ ਦੇ ਅਸਰ ਤੋਂ ਨਾ ਡਰਿਆ, ਅਤੇ ਸਟਾਫ ਦੀ ਸਿਆਣਪ, ਵਫ਼ਾਦਾਰੀ ਅਤੇ ਹਮਦਰਦੀ ਉਤੇ ਭਰੋਸਾ ਕਰਦਿਆਂ ਮਹਾਤਮਾ ਜੀ ਨੂੰ ਕਾਲਜ ਵਿਚ ਸੱਦ ਕੇ ਵੰਗਾਰਿਆ ਕਿ ਆਓ ਆਪਣੀ ਪੂਰੀ ਵਾਹ ਲਾ ਲਓ। ਮਹਾਤਮਾ ਜੀ ਆਏ ਅਤੇ ਦੁਵੱਲੀ ਖੁਲ੍ਹੀਆਂ ਗੱਲਾਂ ਬਾਤਾਂ ਹੋਈਆਂ।

ਮਿ: ਵਾਦਨ : "ਮਹਾਤਮਾ ਜੀ ! ਤੁਸੀਂ ਖਾਲਸਾ ਕਾਲਜ ਨੂੰ ਤੋੜਨ ਆਏ ਹੋ ?

ਮਹਾਤਮਾ : "ਹਾਂ, ਮੈਂ ਇਸ ਨੂੰ ਤੋੜਨ ਆਇਆ ਹਾਂ।"

ਮਿ: ਵਾਦਨ ਉਸ ਨੂੰ ਬਾਹੋਂ ਫੜ ਕੇ ਖੁੱਲ੍ਹੀ ਥਾਂ ਤੇ ਲੈ ਗਿਆ ਅਤੇ ਕਾਲਜ ਦੀ ਆਲੀਸ਼ਾਨ ਇਮਾਰਤ ਵੱਲ ਇਸ਼ਾਰਾ ਕਰ ਕੇ ਕਿਹਾ : "ਮਹਾਤਮਾ ਜੀ ! ਇਹ ਕਾਲਜ ਸਿੱਖਾਂ ਦੇ ਖ਼ੂਨ ਦਾ ਬਣਿਆ ਹੈ। ਇਹ ਸਿੱਖਾਂ ਦੇ ਪਿਆਰ ਤੇ ਕੁਰਬਾਨੀ ਦਾ ਨਮੂਨਾ ਹੈ। ਕੀ ਤੁਹਾਡਾ ਜੀ ਕਰਦਾ ਹੈ ਕਿ ਏਹੋ ਜਿਹੇ ਮਹਾਨ ਆਸ਼ਰਮ ਨੂੰ ਨੁਕਸਾਨ ਪੁਚਾਓ ? ਮਹਾਤਮਾਂ ਜੀ ! ਤੁਸੀਂ ਇਸ ਆਸ਼ਰਮ ਦਾ ਕੀ ਸੰਵਾਰਿਆ ਹੈ, ਇਸ ਦੀ ਕੀ ਸੇਵਾ ਕੀਤੀ ਹੈ ਕਿ ਇਸ ਨੂੰ ਤੋੜਨ ਦਾ ਹੀਆ ਕਰੋ ? ਤੁਸੀਂ ਤੇ ਮੈਂ ਇਹ ਸਾਰੇ ਲੋਕ ਇਸ ਦੀ ਮਹਾਨਤਾ ਦੇ ਸਾਹਮਣੇ ਤੁਛ ਹਨ। ਅਸੀਂ ਤੁਸੀਂ ਇਸ ਦਾ ਕੁਝ ਨਹੀਂ ਵਿਗਾੜ ਸਕਦੇ। ਅਸੀਂ ਮਿਟ ਜਾਵਾਂਗੇ, ਪਰ ਇਹ ਕਾਇਮ ਰਹੇਗਾ।

ਸਤਿ ਸ੍ਰੀ ਅਕਾਲ ਦਾ ਜੈਕਾਰਾ ਆਵੇ।" ਜੈਕਾਰਿਆਂ ਦੀ ਗੂੰਜ ਵਿਚ ਮਹਾਤਮਾ ਜੀ ਨਿਰਾਸ਼ ਹੋ ਕੇ ਪਰਤ ਗਏ।

ਕਾਲਜ ਦੇ ਸਟਾਫ ਨੇ ਨਾਮਿਲਵਰਤਣ ਨਾ ਕੀਤੀ, ਪਰ ਇਸ ਲਹਿਰ ਤੋਂ ਜੋ ਮੁਲਕ ਵਿਚ ਜੋਸ਼ ਫੈਲਿਆ ਹੋਇਆ ਸੀ, ਉਸ ਤੋਂ ਫਾਇਦਾ ਉਠਾ ਕੇ ਕਾਲਜ ਦੇ ਪ੍ਰਬੰਧ ਨੂੰ ਠੀਕ ਕਰਾ ਲਿਆ। ਖ਼ਤਰਾ ਸੀ ਕਿ ਜੇ ਸਰਕਾਰੀ ਦਖ਼ਲ ਵਾਲੀ ਕਮਜ਼ੋਰੀ ਕਾਇਮ ਰਹੀ, ਤਾਂ ਕਾਲਜ ਨੂੰ ਨਾਮਿਲਵਰਤਣ ਦੇ ਹੱਲ ਤੋਂ ਬਚਾਣਾ ਔਖਾ ਹੋ ਜਾਏਗਾ। ਇਸ ਵੱਧਦੀ ਰੌ ਨੂੰ ਠਲ੍ਹਣ ਲਈ ਕੁਝ ਤੱਟ-ਫ਼ਟ ਦਾਰੂ ਕਰਨ ਦੀ ਲੋੜ ਸੀ। ੨੪ ਅਕਤੂਬਰ ੧੯੨੦ ਨੂੰ ਪ੍ਰੋਫੈਸਰਾਂ ਨੇ ਮਤਾ ਪਾਸ ਕਰ ਕੇ ਸਰਕਾਰ ਪਾਸੋਂ ਮੰਗ ਕੀਤੀ ਕਿ ਕਾਲਜ ਦੇ ਪ੍ਰਬੰਧ ਵਿਚੋਂ ਆਪਣੇ ਮੈਂਬਰ ਹਟਾ ਲਵੇ। ਇਸ ਮੌਕੇ ਤੇ ਸਟਾਫ ਨੇ ਬੜੀ ਸਿਆਣਪ ਤੋਂ ਕੰਮ ਲਿਆ। ਇਕ ਤਾਂ ਬਾਹਰਲੇ ਲੋਕਾਂ ਨੂੰ ਕਾਲਜ ਦੇ ਅੰਦਰ ਆ ਕੇ ਮੁੰਡਿਆਂ ਨੂੰ ਉਕਸਾਉਣ ਦਾ ਮੌਕਾ ਨਾ ਦਿੱਤਾ ਅਤੇ ਨਾ ਆਪ ਹੀ ਕੋਈ ਭੜਕਾਊ ਗੱਲ ਕੀਤੀ। ਦੂਜੇ ਜੋ ਮੰਗ ਕੀਤੀ ਉਹ ਸਾਰੇ ਪੰਥ ਦੀ ਰਲਵੀਂ ਮੰਗ ਸੀ। ਅਸਤੀਫਿਆਂ ਦਾ ਅਰਦਾਸਾ ਭੀ ਸ: ਜੋਧ ਸਿੰਘ ਜੀ ਐਮ. ਏ. ਪਾਸੋਂ ਕਰਾਇਆ ਅਤੇ ਹਰ ਕਦਮ ਤੇ ਸ: ਹਰਬੰਸ ਸਿੰਘ ਜੀ ਅਟਾਰੀ ਵਾਲਿਆਂ ਨੂੰ ਅੱਗੇ ਰਖਿਆ। ਸਰਕਾਰੀ ਮੈਂਬਰਾਂ ਦੀ ਥਾਂ ਪੂਰ ਕਰਨ ਲਈ ਜਦ ਨਾਂ ਮੰਗੇ ਗਏ ਤਾਂ ਭੀ ਮਾਡਰੇਟ ਸਰਦਾਰਾਂ ਦੇ ਨਾਂ ਹੀ ਦਿੱਤੇ ਅਤੇ ਪ੍ਰਬੰਧ ਵਿਚ ਰਿਆਸਤੀ ਅੰਗ ਨੂੰ ਨਾ ਛੇੜਿਆ।

ਕੁਝ ਖਿੱਚੋਤਾਣ ਮਗਰੋਂ ਦਸੰਬਰ ਨੂੰ ਸਰਕਾਰ ਨੇ ਸਿੱਖਾਂ ਦੀ ਇਹ ਮੰਗ ਮੰਨ ਲਈ (ਭਾਵੇਂ ਇਸ ਦੌਰਾਨ ਵਿਚ ੧੩ ਪ੍ਰੋਫੈਸਰਾਂ ਦੇ ਅਸਤੀਫੇ ਦੇਣ ਤੱਕ ਨੌਬਤ ਪਹੁੰਚੀ) ਅਤੇ ਕਾਲਜ ਨਾਮਿਲਵਰਤਣ ਦੀ ਲਹਿਰ ਤੋਂ ਬਚ ਗਿਆ। ਸਿੱਖਾਂ ਦੀ ਇਹ ਪੁਰਾਣੀ ਮੰਗ ਪੂਰੀ ਕਰਨ ਵਿਚ ਸਰਕਾਰ ਨੇ ਸਿੱਖਾਂ ਦੀ ਕਾਹਲੀ ਉਤੇ ਕੋਈ ਗੁੱਸਾ ਨਹੀਂ ਕੀਤਾ, ਸਗੋਂ ਆਪਣੀ ਉਦਾਰ ਸਹਾਇਤਾ ਦਾ ਹੱਥ ਕਾਲਜ ਦੇ ਸਿਰ ਉਤੇ ਉਸੇ ਤਰ੍ਹਾਂ ਰੱਖੀ ਰਖਿਆ। ਸਰਦਾਰ ਬਹਾਦਰ ਸੁੰਦਰ ਸਿੰਘ ਮਜੀਠਾ ਕਾਲਜ ਕਮੇਟੀ ਦੇ ਪ੍ਰਧਾਨ ਬਣੇ ਅਤੇ ਸਰਦਾਰ ਹਰਬੰਸ ਸਿੰਘ ਜੀ ਅਟਾਰੀ ਵਾਲੇ ਸਕੱਤਰ ਬਣੇ। ਇਹ ਦੋਵੇਂ ਸਰਦਾਰ ਆਪਣੇ ਅੰਤਰ ਸਵਾਸਾਂ ਤੱਕ ਇਸ ਪੰਥਕ ਆਸ਼ਰਮ ਦੀ ਸੇਵਾ ਕਰਦੇ ਰਹੇ ਅਤੇ ਇਸ ਵਿਚ ਸਿੱਖੀ ਸਿਦਕ ਦੇ ਕਾਇਮ ਰੱਖਣ ਲਈ ਪੂਰੀ ਵਾਹ ਲਾਉਂਦੇ ਰਹੇ।

## ੩

ਨਵੇਂ ਜ਼ਮਾਨੇ ਦੀ ਹਵਾ ਲੱਗਣ ਨਾਲ ਜਿਥੇ ਪ੍ਰਬੰਧ ਨਿਰੋਲ ਸਿੱਖਾਂ ਦਾ ਹੋ ਗਿਆ ਉਥੇ ਕੁਝ ਮੁੱਦੇ ਪਿੱਛੋਂ ਕਾਲਜ ਦਾ ਪ੍ਰਿੰਸੀਪਲ ਭੀ ਸਿੱਖ ਮੁਕੱਰਰ ਹੋਣ ਲੱਗਾ। ਸਰਦਾਰ ਬਹਾਦਰ ਬਿਸ਼ਨ ਸਿੰਘ ਜੀ ਅਤੇ ਸਰਦਾਰ ਜੋਧ ਸਿੰਘ ਜੀ ਦੀ ਪ੍ਰਿੰਸੀਪਲੀ ਦੇ ਸਮੇਂ ਕਾਲਜ ਨੇ ਕਈ ਪਾਸਿਆਂ ਤੋਂ ਚੋਖੀ ਉੱਨਤੀ ਕੀਤੀ। ਇਨ੍ਹਾਂ ਦੇ ਅਥਕ ਜਤਨਾਂ ਦੇ ਸਦਕੇ, ਬਾਵਜੂਦ ਸ਼ਹਿਰ ਵਿਚ ਦੋ ਹੋਰ ਕਾਲਜ ਅਤੇ ਸੂਬੇ ਭਰ ਵਿਚ ਕਈ ਨਵੇਂ ਕਾਲਜ ਖੁੱਲ੍ਹਣ ਤੇ, ਇਸ ਕਾਲਜ ਨੂੰ ਕੋਈ ਘਾਟਾ ਨਹੀਂ ਵਾਪਰਿਆ। ਸਗੋਂ ਵਿਦਿਆਰਥੀਆਂ ਦੀ ਗਿਣਤੀ ਵੱਧਦੀ ਆਈ ਹੈ ਅਤੇ ਚੰਗੇ ਨੰਬਰ ਲੈ ਕੇ ਪਾਸ ਹੋਣ ਵਾਲੇ ਵਿਦਿਆਰਥੀ ਵਧੇਰੀ ਗਿਣਤੀ ਵਿਚ ਦਾਖ਼ਲ ਹੁੰਦੇ ਹਨ।

ਪਹਿਲਾਂ ਪਹਿਲ ਇਥੇ ਕ੍ਰਿਕਟ ਦਾ ਜ਼ੋਰ ਸੀ ਅਤੇ ਇਸ ਦੇ ਮੈਚਾਂ ਦੀ ਧੁੰਮ ਸਾਰੇ ਸੂਬੇ ਵਿਚ ਪਈ ਰਹਿੰਦੀ ਸੀ। ਫੇਰ ਹਾਕੀ ਦੀ ਵਾਰੀ ਆਈ। ਹੁਣ ਫੁੱਟਬਾਲ ਜ਼ੋਰਾਂ ਤੇ ਹੈ। ਖੇਡਾਂ ਦੀਆਂ ਟਰਾਫੀਆਂ ਜਿੱਤਣ ਵਿਚ ਇਹ ਕਾਲਜ ਕਿਸੇ ਤੋਂ ਪਿੱਛੇ ਨਹੀਂ। ਇਮਤਿਹਾਨਾਂ ਦੇ ਨਤੀਜੇ ਭੀ, ਖਾਸ ਕਰਕੇ ਸਾਇੰਸ ਦੀਆਂ ਉੱਚੀਆਂ ਜਮਾਤਾਂ ਦੇ ਬਹੁਤ ਚੰਗੇ ਨਿਕਲਦੇ ਹਨ। ਆਰਟਸ ਵਾਲੇ ਪਾਸੇ ਐਮ. ਏ. ਅੰਗਰੇਜ਼ੀ ਤੱਕ ਪੜ੍ਹਾਈ ਜਾਂਦੀ ਹੈ ਅਤੇ ਸਾਇੰਸ ਵਾਲੇ ਪਾਸੇ ਕਮਿਸਟਰੀ ਦਾ ਐਮ. ਐਸ. ਸੀ. (ਖੋਜ ਪੱਖ) ਅਤੇ ਬਾਤਨੀ; ਫਿਜ਼ਿਕਸ ਅਤੇ ਖੇਤੀ-ਬਾੜੀ ਦੀ ਬੀ. ਐਸ. ਸੀ. ਤੱਕ ਹੈ।

ਸੰਨ ੧੯੩੦ ਤੋਂ ਲੈ ਕੇ ਸਿੱਖ ਇਤਿਹਾਸ ਦੀ ਖੋਜ ਦਾ ਮਹਿਕਮਾ ਜਾਰੀ ਕੀਤਾ ਗਿਆ ਹੈ, ਜਿਸ ਦੇ ਰਾਹੀਂ ਇਤਿਹਾਸਕ ਪੁਸਤਕਾਂ ਦਾ ਭੰਡਾਰ ਇਕੱਠਾ ਕਰਕੇ ਵਡਮੁੱਲੀ ਖੋਜ ਦੀ ਨੀਂਹ ਰੱਖੀ ਜਾ ਰਹੀ ਹੈ।

ਇਸ ਆਸ਼ਰਮ ਵਿਚ ਕਈ ਲੋੜਵੰਦੀਆਂ ਤੇ ਅਰਾਮ ਵਾਲੀਆਂ ਚੀਜ਼ਾਂ ਹਨ ਜਿਹੜੀਆਂ ਇਥੇ ਦਾ ਖਾਸ ਭੂਸ਼ਣ ਹਨ, ਜਿਵੇਂ ਕਿ ਤਾਜ਼ਾ ਪਾਣੀ ਦਾ ਤਲਾਅ, ਖੇਡਾਂ ਲਈ ੨੫ ਗਰਾਊਂਡਾਂ, ਕਸਰਤ ਲਈ ਜਿਮਨੇਜ਼ੀਅਮ, ਦੁੱਧ ਮੱਖਣ ਲਈ ਡੇਅਰੀ ਫ਼ਾਰਮ, ਬੀਮਾਰਾਂ ਲਈ ਹਸਪਤਾਲ ਜੋ ਕਾਲਜ ਦੇ ਆਪਣੇ ਇਕ ਲਾਇਕ, ਤਜਰਬੇ-ਕਾਰ ਤੇ ਮਿਹਨਤੀ ਡਾਕਟਰ ਦੇ ਸਪੁਰਦ ਹੈ, ਲੋੜੀਂਦੀਆਂ ਚੀਜ਼ਾਂ ਸਸਤੇ ਭਾਅ ਵੇਚਣ

ਲਈ ਇਕ ਕੋਆਪਰੇਪਿਵ ਸਟੋਰ, ਪੁਸਤਕ ਭੰਡਾਰ, ੨੦ ਹਜ਼ਾਰ ਪੁਸਤਕਾਂ ਵਾਲੀ ਲਾਇਬਰੇਰੀ, ਫਲਦਾਰ ਤੇ ਫੁੱਲਦਾਰ ਬੂਟਿਆਂ ਦੀ ਪਨੀਰੀ ਆਦਿ ।

ਵਿਦਿਆਰਥੀਆਂ ਦੀ ਰਿਹਾਇਸ਼ ਲਈ ਸੱਤ ਵੱਡੇ ਖੁੱਲ੍ਹੇ ਬੋਰਡਿੰਗ ਹਨ, ਇਨ੍ਹਾਂ ਵਿਚੋਂ ਇਕ ਹਿੰਦੂਆਂ ਲਈ ਭੀ ਹੈ ।

ਇਸ ਕਾਲਜ ਦੀ ਇਕ ਖਾਸ ਖੂਬੀ ਇਹ ਹੈ ਕਿ ਇਸ ਵਿਚ ਸਿੱਖ ਉਸਤਾਦਾਂ ਤੇ ਵਿਦਿਆਰਥੀਆਂ ਦੇ ਨਾਲ ਨਾਲ ਗੈਰ-ਸਿੱਖ ਉਸਤਾਦ ਅਤੇ ਵਿਦਿਆਰਥੀ ਭੀ ਬਿਨਾਂ ਕਿਸੇ ਰੋਕ ਟੋਕ ਦੇ ਲਾਏ ਜਾਂਦੇ ਹਨ । ਗੁਰੂ ਨਾਨਕ ਦੇਵ ਦੇ ਘਰ ਵਾਂਗੂੰ ਜੋ ਵੀ ਆਦਮੀ ਉਸਤਾਦ ਜਾਂ ਵਿਦਿਆਰਥੀ ਹੋ ਕੇ ਇਸ ਦੇ ਅੰਦਰ ਆ ਵੜਦਾ ਹੈ, ਉਸ ਨਾਲ ਕਿਸੇ ਤਰ੍ਹਾਂ ਦਾ ਵਿਤਕਰਾ ਨਹੀਂ ਕੀਤਾ ਜਾਂਦਾ ।

ਧਰਮ-ਵਿਦਿਆ ਦੀ ਪੜ੍ਹਾਈ ਦਾ ਖਾਸ ਇੰਤਜ਼ਾਮ ਹੈ । ਹਰ ਰੋਜ਼ ਸਵੇਰੇ ਅਤੇ ਸ਼ਾਮ ਸਾਰੇ ਵਿਦਿਆਰਥੀ ਅਤੇ ਉਸਤਾਦ ਗੁਰੂਦੁਆਰੇ ਵਿਚ ਕੀਰਤਨ ਪਾਠ ਸੁਣਨ ਲਈ ਹਾਜ਼ਰ ਹੁੰਦੇ ਹਨ । ਇਸ ਨੇਮ ਦਾ ਜੋ ਅਸਰ ਹੁੰਦਾ ਹੈ, ਉਹ ਬਾਵਜੂਦ ਵਰਤਮਾਨ ਸਮੇਂ ਦੀਆਂ ਔਕੜਾਂ ਦੇ ਵਿਦਿਆਰਥੀਆਂ ਦੀ ਰਹਿਣੀ ਬਹਿਣੀ ਦੇ ਅੰਦਰ ਘਰ ਕਰ ਜਾਂਦਾ ਹੈ । ਇਸ ਦਾ ਸਬੂਤ ਇਸ ਤੋਂ ਵੱਧ ਕੇ ਕੀ ਹੋ ਸਕਦਾ ਹੈ ਕਿ ਜਿਤਨੇ ਮੁਖੀ ਸੇਵਕ ਏਸ ਵੇਲੇ ਸਿੱਖਾਂ ਵਿਚ ਕੰਮ ਕਰ ਰਹੇ ਹਨ, ਉਹ ਖਾਲਸਾ ਕਾਲਜ ਅੰਮ੍ਰਿਤਸਰ ਦੇ ਪੁਰਾਣੇ ਵਿਦਿਆਰਥੀ ਹਨ । ਇਹ ਕਹਿਣਾ ਮੁਬਾਲਗਾ ਨਹੀਂ ਹੋਵੇਗਾ ਕਿ ਖਾਲਸਾ ਕਾਲਜ ਨਾ ਕੇਵਲ ਸਿੱਖਾਂ ਦਾ ਸਭ ਤੋਂ ਵੱਡਾ ਵਿਦਿਆ-ਮੰਦਰ ਹੈ, ਸਗੋਂ ਕੌਮੀ ਉਸਾਰੀ, ਧਾਰਮਕ ਸੁਧਾਰ ਅਤੇ ਸਮਾਜਕ ਉੱਨਤੀ ਦਾ ਕੇਂਦਰ ਹੈ ।

# ਸਾਊਪੁਣਾ

੧

ਸਾਊ ਉਹ ਹੈ ਜੋ ਸੋਹਣਾ ਵਰਤੇ। ਅੰਗਰੇਜ਼ੀ ਦੇ ਲਫਜ਼ "ਜੈਂਟਲਮੈਨ" ਵਾਂਗ "ਸਾਊ" ਸ਼ਬਦ ਦੇ ਅਰਥ ਭੀ ਬਦਲਦੇ ਆਏ ਹਨ। ਪਹਿਲਾਂ ਪਹਿਲ ਇਹ ਲਫ਼ਜ਼ ਸਮਾਜਕ ਜਾਂ ਖ਼ਾਨਦਾਨੀ ਵਡਿਆਈ ਦਾ ਵਾਚਕ ਸੀ। ਸਾਊ ਜਾਂ ਰਾਠ ਉਹ ਲੋਕ ਹੁੰਦੇ ਸਨ, ਜਿਹੜੇ ਰਾਜੇ ਦੇ "ਸਾਥੀ" ਹੋਣ, ਰਾਜ ਦਰਬਾਰ ਜਾਂ ਜੰਗ ਵਿਚ ਸ਼ਾਮਿਲ ਹੋ ਕੇ ਉਸ ਦਾ ਸਾਥ ਦੇਣ, ਜਿਹੜੇ ਆਮ ਲੋਕਾਂ ਵਾਂਗ ਮਿਹਨਤ ਮਜ਼ੂਰੀ ਕਰ ਕੇ ਪੇਟ ਪਾਲਣ ਦੀਆਂ ਲੋੜਾਂ ਤੋਂ ਉਤੇ ਹੋਣ। "ਨਾਈਆਂ ਦੀ ਜੰਞ ਸਭ ਸਾਊ" ਦੇ ਅਖਾਣ ਵਿਚ ਇਸੇ ਵੰਡ ਵੱਲ ਇਸ਼ਾਰਾ ਹੈ। ਸਾਊ ਲੋਕ "ਭੁਈਂ ਨਈਂ ਦੇ ਸਾਈਂ" ਹੁੰਦੇ ਸਨ, ਚੰਗਾ ਖਾਂਦੇ ਤੇ ਸੋਹਣਾ ਹੰਢਾਦੇ ਸਨ। ਉਨ੍ਹਾਂ ਦੇ ਜੁੱਸੇ ਮੱਖਣਾਂ ਦੇ ਪਲੇ ਹੋਏ ਸੋਹਣੇ ਸੁਡੌਲ ਤੇ ਤਿੱਖੇ ਹੁੰਦੇ ਸਨ। ਜੇਡਾ ਸਿਰ ਤੇਡੀ ਸਿਰ ਪੀੜਾ ਦਾ ਅਖਾਣ ਦੱਸਦਾ ਹੈ ਕਿ ਸਿਰ ਸਾਊਆਂ ਦੇ ਵੱਡੇ ਹੁੰਦੇ ਸਨ ਅਤੇ ਉਨ੍ਹਾਂ ਉਤੇ ਉੱਨੀਆਂ ਹੀ ਵੱਡੀਆਂ ਪੱਗਾਂ। ਉਹਨਾਂ ਦਾ ਪਰਿਵਾਰ ਠੁਕ ਅਬਰੋ ਵਾਲਾ ਤੇ ਆਪ ਲੋਕਾਂ ਲਈ ਨਮੂਨੇ ਦਾ ਕੰਮ ਦਿੰਦਾ ਸੀ। ਖਾਸ ਕਰਕੇ ਉਨ੍ਹਾਂ ਦੇ ਬੋਲ ਮਿੱਠੇ, ਕੋਮਲ ਤੇ ਸੱਭਿਅਤਾ ਵਾਲੇ ਹੁੰਦੇ ਸਨ। ਉਨ੍ਹਾਂ ਨੂੰ ਮੌਕੇ ਸਿਰ ਪਹਿਲੀ ਗੱਲ ਆਖਣ ਦੀ ਜਾਚ ਆਉਂਦੀ ਸੀ। ਚਾਲ ਢਾਲ ਵਿਚ ਬਿਨਾਂ ਹੈਂਕੜ ਦੇ ਗੰਭੀਰ, ਅਝੱਕ ਹੋਣ ਦੇ ਬਾਵਜੂਦ ਨਿੰਮੀ ਨਿੰਮੀ ਲੱਜਾ ਵਾਲੇ ਤੇ ਹੋਛੇ ਦਿਖਾਵੇ ਤੋਂ ਬਿਨਾਂ ਉਦਾਰ-ਚਿੱਤ ਤੇ ਮਿੱਤਰਾਨਾ ਸਲੂਕ ਵਾਲੇ ਹੁੰਦੇ ਸਨ। ਆਪਣੀ ਅਣਖ ਉਤੇ ਮਰ ਮਿਟਣਾ, ਬਾਂਹ ਫੜੀ ਦੀ ਲਾਜ ਰੱਖਣੀ, ਬਚਨ ਦਾ ਪੱਕਾ ਹੋਣਾ, ਔਕੜ ਦੇ ਵੇਲੇ ਢੇਰੀ ਨਾ ਢਾਹ ਬਹਿਣਾ, ਬਲਕਿ ਖਿੜੇ ਮੱਥੇ ਹੌਂਸਲੇ ਨਾਲ ਮੁਸੀਬਤ ਦਾ ਟਾਕਰਾ ਕਰਨਾ—ਇਹ ਉਨ੍ਹਾਂ ਦੇ ਗੁਣ ਹੁੰਦੇ ਸਨ। ਇਨ੍ਹਾਂ ਦੇ ਉਲਟ ਅਸਾਊ ਜਾਂ ਕੰਮੀਂ ਲੋਕਾਂ ਦਾ ਖਾਸ ਔਗੁਣ

"ਕਮੀਨਗੀ" ਹੁੰਦਾ ਸੀ, ਜਿਸ ਵਿਚ ਨੀਚਤਾ, ਕਾਇਰਤਾ, ਹੱਛਾਪਣ, ਤੰਗਦਿਲੀ, ਨਿਲੱਜਤਾ, ਸੰਗਾਊਪੁਣਾ, ਅਵੈੜ, ਮੋਟੀ ਠੁੱਲ੍ਹੀ ਤੇ ਹਰ ਤਰ੍ਹਾਂ ਦਾ ਕੋਝ ਸ਼ਾਮਿਲ ਸੀ।

ਜਿਉਂ-ਜਿਉਂ ਸਮਾਜ ਦੀ ਬਣਤਰ ਬਦਲਦੀ ਗਈ ਅਤੇ ਖਾਸ-ਖਾਸ ਵਿਹਲੀਆਂ ਜਮਾਤਾਂ ਦੀ ਥਾਂ ਆਮ ਲੋਕਾਂ ਦੀ ਕਦਰ ਵੱਧਦੀ ਗਈ, ਊਚ-ਨੀਚ ਦਾ ਭਾਵ ਨਸਲੀ ਜਾਂ ਖਾਨਦਾਨੀ ਵਿਤਕਰੇ ਉਤੇ ਨਿਰਭਰ ਹੋਣ ਲੱਗਾ, ਤਿਉਂ-ਤਿਉਂ ਸਾਊਪੁਣਾ ਭੀ ਸ਼ਖਸੀ ਗੁਣਾਂ ਲਈ ਵਰਤੀਣ ਲੱਗਾ। ਹੁਣ ਇਹ ਗੁਣ ਨਿਰੀਆਂ ਉੱਚੀਆਂ ਜਾਤੀਆਂ ਵਿਚ ਹੀ ਨਹੀਂ ਵੇਖਿਆ ਜਾਂਦਾ ਬਲਕਿ ਸਧਾਰਨ ਲੋਕਾਂ ਵਿਚ ਵੀ ਮਿਲਦਾ ਹੈ। ਇਸੇ ਦਾ ਨਾਮ ਸ਼ਰਾਫ਼ਤ, ਭਲਮਣਸਾਊ, ਬੀਬਾਪੁਣਾ ਹੈ।

੨

ਇਸ ਗੁਣ ਦੀ ਅੱਜਕੱਲ ਖਾਸ ਲੋੜ ਹੈ। ਲੋਕਾਂ ਵਿਚੋਂ ਭਾਵੇਂ ਨਸਲੀ ਵਿਤਕਰੇ ਘੱਟ ਰਹੇ ਹਨ, ਪਰ ਹੋਰ ਕਈ ਤਰ੍ਹਾਂ ਦੇ ਵਖੇਵੇਂ ਦਮਾਗੀ ਤੇ ਸਮਾਜਕ ਉਨਤੀ ਅਵ੍ਨਤੀ ਦੇ ਕਾਰਣ ਵੱਧ ਰਹੇ ਹਨ। ਪੜ੍ਹਿਆਂ ਹੋਇਆਂ ਦੀ ਅਨਪੜ੍ਹਾਂ ਨਾਲ ਅਮੀਰਾਂ ਦੀ ਗਰੀਬਾਂ ਨਾਲ ਅਤੇ ਧਰਮ ਦੇ ਠੇਕੇਦਾਰਾਂ ਦੀ ਆਮ ਖੁਲ੍ਹ ਖਿਆਲੀਆਂ ਤੇ ਖੁਲ੍ਹ ਵਰਤੀਆਂ ਨਾਲ ਖਹਿ-ਮਖਹਿ ਬਣੀ ਰਹਿੰਦੀ ਹੈ। ਇਸ ਟਾਕਰੇ ਵਿਚ ਹਰ ਵਕਤ ਇਹ ਖ਼ਤਰਾ ਰਹਿੰਦਾ ਹੈ ਕਿ ਇਕ ਧਿਰ ਦੂਜੀ ਧਿਰ ਨਾਲ ਵਰਤਦਿਆਂ ਸਭਿੱਤਾ ਦੇ ਪੈਂਤੜੇ ਤੋਂ ਥਿੜਕ ਜਾਏ।

ਫਿਰ ਜ਼ਿੰਦਗੀ ਦੀ ਦੌੜ ਭੱਜ ਰੋਜ਼ੀ ਕਮਾਉਣ ਦੀ ਹਫੜਾ-ਦਫੜੀ ਇੰਨੀ ਵੱਧ ਗਈ ਹੈ ਕਿ ਇਸ ਖੇਡ ਵਿਚ ਸਾਊਪੁਣੇ ਦੇ ਨੇਮ ਪਾਲਣੇ ਔਖੇ ਹੋ ਜਾਂਦੇ ਹਨ। ਪਰ ਇਕ ਆਦਮੀ ਆਪਣਾ ਹੀ ਕੰਮ ਸਾਰਨਾ ਚਾਹੁੰਦਾ ਹੈ ਤੇ ਹੋਰਨਾਂ ਤੋਂ ਅਗਾਂਹ ਲੰਘ ਕੇ ਛੇਤੀ ਹੀ ਕਾਮਯਾਬੀ ਦਾ ਮੂੰਹ ਦੇਖਣਾ ਚਾਹੁੰਦਾ ਹੈ। ਇਸ ਉਤਾਵਲ ਵਿਚ ਕਈ ਵੇਰ ਸ਼ਰਾਫ਼ਤ ਦਾ ਪੱਲਾ ਹਥੋਂ ਛੜਕ ਜਾਂਦਾ ਹੈ।

ਅੱਜਕੱਲ ਲੋਕਾਂ ਵਿਚ ਸਵੈਮਾਨਤਾ ਦਾ ਇਕ ਗਲਤ ਖਿਆਲ ਘਰ ਕਰ ਗਿਆ ਹੈ। ਉਹ ਹੈ ਆਪਣੀ ਪੁਜੀਸ਼ਨ ਕਾਇਮ ਰੱਖਣ ਦੀ ਹੈਂਕੜ। ਅੱਗੇ ਲੋਕਾਂ ਨੂੰ ਖਿਆਲ ਹੁੰਦਾ ਸੀ ਕਿ ਹਾਏ ਸਾਡਾ ਨੱਕ ਨਹੀਂ ਰਹਿੰਦਾ। ਹੁਣ ਉਸ ਦੀ ਥਾਂ ਪਦਵੀ ਦੇ ਵਿਖਾਵੇ ਨੇ ਮਲ ਲਈ ਹੈ। ਗੱਡੀ ਦੇ ਡੱਬੇ ਵਿਚ ਕੋਲ ਬੈਠਾ ਮੁਸਾਫਰ ਤੇਹ ਨਾਲ

ਜਾਂ ਬੀਮਾਰੀ ਨਾਲ ਤੜਫ ਰਿਹਾ ਹੋਵੇ, ਪਰ ਬਾਬੂ ਹੋਰੀਂ ਉਸ ਨਾਲ ਓਂਗੇ ਭੀ ਨਹੀਂ ਕਿਉਂਕਿ ਉਸ ਨਾਲ ਜਾਣ-ਪਛਾਣ ਨਹੀਂ ਕਰਾਈ ਗਈ। ਮਿੱਟੀ ਵਿਚ ਰੁਲਦੇ ਫਟੜ ਨੂੰ ਮੋਢੇ ਤੇ ਚੁਕ ਕੇ ਹਸਪਤਾਲ ਪੁਚਾਣ ਲਈ ਕੋਈ ਮੈਲੇ ਕਪੜਿਆਂ ਵਾਲਾ ਮਜ਼ਦੂਰ ਨਿਤਰ ਪਵੇ ਤਾਂ ਨਿਤਰੇ, ਪਰ ਇਹ ਕੰਮ ਬੂਟ ਸੂਟ ਪਹਿਨੇ ਹੋਏ ਜੈਂਟਲਮੈਨ ਕੋਲੋਂ ਨਹੀਂ ਹੋਣਾ, ਕਿਉਂਕਿ ਇਉਂ ਕਰਨ ਨਾਲ ਉਸ ਦੀ ਪੈਂਟ ਦੀ ਭਾਨ ਵਿੰਗੀ ਹੋ ਜਾਂਦੀ ਹੈ, ਜਾਂ ਕੋਟ ਦੀ ਤਹਿ ਭਜ ਜਾਂਦੀ ਹੈ। ਲੋਕੀਂ ਵਡਿਆਈ ਇਸ ਵਿਚ ਸਮਝਦੇ ਹਨ ਕਿ ਮੂੰਹ ਵਟ ਕੇ ਮੱਥੇ ਤੇ ਤਿਊੜੀ ਪਾਈ ਰਖਣਾ, ਨਾ ਕਿਸੇ ਨਾਲ ਖੁਲ੍ਹ ਕੇ ਬੋਲਣਾ ਨਾ ਹਸਣਾ। ਅੱਜਕੱਲ ਅਫ਼ਸਰੀ ਦਾ ਅਹੁਦਾ ਇਕ ਉੱਚੀ ਪਹਾੜ ਦੀ ਟੀਸੀ ਹੈ ਜਿਸ ਉਤੇ ਨਿਰੀ ਠੰਡੀ ਸੁੰਞ ਤੇ ਇਕੱਲ ਵਰਤੀ ਰਹਿੰਦੀ ਹੈ। ਐਹੋ ਜਿਹੇ ਬਦਨਸੀਬ ਅਫਸਰ ਨੂੰ ਆਪਣੇ ਨਾਲ ਜਾਂ ਹੇਠਾਂ ਕੰਮ ਕਰਨ ਵਾਲਿਆਂ ਨਾਲ ਕੋਈ ਭਰਾਵਲੀ ਦੀ ਸਾਂਝ ਨਹੀਂ ਹੁੰਦੀ। ਉਸ ਨੂੰ ਜੀ ਕਰਦਾ ਭੀ ਹੋਵੇ ਤਾਂ ਭੀ ਹੀਆ ਨਹੀਂ ਪੈਂਦਾ ਕਿ ਆਪਣੀ ਪਦਵੀ ਦੇ ਮਾਣ ਤੋਂ ਹੇਠਾਂ ਲਹਿ ਕੇ ਕਿਸੇ ਨੂੰ ਸਾਥੀ ਸਮਝ ਕੇ ਗਲਵਕੜੀ ਪਾ ਲਵੇ ਜਾਂ ਹਾਸੇ ਨੂੰ ਹੀ ਆਪਣੇ ਹੋਠਾਂ ਤੋਂ ਬਾਹਰ ਨਿਕਲਣ ਦੇਵੇ।

ਇਕ ਫੋਕਾ ਰੋਅਬ ਦਾਅਬ ਹੈ, ਸਵੈਮਾਨਤਾ ਨਹੀਂ। ਅਸਲ ਸਵੈਮਾਨਤਾ ਬਾਹਰ ਦਿਖਾਵੇ ਵਿਚ ਨਹੀਂ ਆਉਂਦੀ। ਇਹ ਦਿਸੇ ਭੀ ਤਾਂ ਲੋਕਾਚਾਰ ਦੀ ਗੁਲਾਮੀ ਤੋਂ ਸੁਤੰਤਰਤਾ, ਸਚਾਈ, ਅਟਲ ਪਿਆਰ ਤੇ ਆਚਰਨ ਦੀ ਸਫ਼ਾਈ ਦ੍ਰਿੜ੍ਹਤਾ ਵਿਚ ਦਿਸਦੀ ਹੈ। ਇਸੇ ਸਵੈਮਾਨ ਦੇ ਕਾਰਨ ਗਰੀਬ ਆਦਮੀ ਆਪਣੇ ਕੱਚੇ ਕੋਠੇ ਨੂੰ ਲਿੰਬ ਪੋਚ ਕੇ ਰੱਖਦਾ, ਲੋਕਾਂ ਦੇ ਸਾਮ੍ਹਣੇ ਸੁਅੱਛ ਕਪੜੇ ਪਾ ਕੇ ਆਉਂਦਾ ਅਤੇ ਬਿਗਾਨਿਆਂ ਅੱਗੇ ਆਪਣੇ ਦੁਖੜੇ ਫੋਲਣ ਤੋਂ ਸੰਗਦਾ ਹੈ। ਐਸਾ ਸਵੈਮਾਨਤਾ ਵਾਲਾ ਆਦਮੀ ਹੰਗਤਾ, ਚਾਪਲੂਸੀ ਤੇ ਹੋਛੀ ਟਿਚਕਰ ਤੋਂ ਪਰੇ ਨਸਦਾ ਹੈ, ਆਪਣੇ ਗੁੱਸੇ ਨੂੰ ਕਾਬੂ ਵਿਚ ਰੱਖਕੇ ਲੋਕਾਂ ਸਾਮ੍ਹਣੇ ਝਗੜਨ ਜਾਂ ਛਿੱਥਾ ਪੈਣ ਤੋਂ ਝਕਦਾ ਹੈ, ਅਤੇ ਜੇ ਕਿਧਰੇ ਕਿਸੇ ਨਾਲ ਕਰੜਾ ਇਨਸਾਫ਼ ਵਰਤਣਾ ਪਏ, ਤਾਂ ਆਪਣੇ ਫੈਸਲੇ ਨੂੰ ਹੈਂਕੜ ਤੋਂ ਸਾਫ਼ ਕਰ ਕੇ ਸੋਹਣੇ ਤੇ ਤਰਸਵਾਨ ਲਹਿਜ਼ੇ ਵਿਚ ਜ਼ਾਹਰ ਕਰਦਾ ਹੈ।

ਸਾਊਪੁਣੇ ਦੀ ਵਰਤੋਂ ਵਿਚ ਇਕ ਹੋਰ ਔਕੜ ਜ਼ਮਾਨੇ ਦੀ ਆਪਣੀ ਪੈਦਾ ਕੀਤੀ ਹੋਈ ਹੈ। ਉਹ ਹੈ ਮਨੁੱਖਾਂ ਦੀ ਪਰਸਪਰ ਸਮਾਨਤਾ ਦਾ ਖ਼ਿਆਲ। ਇਸ ਨਵੇਂ ਖਿਆਲ ਨੇ ਜਿਥੇ ਪੁਰਾਣੀਆਂ ਗ਼ੁਲਾਮੀਆਂ ਦੂਰ ਕਰਨ ਵਿਚ ਸਹਾਇਤਾ ਕੀਤੀ ਹੈ,

ਉਥੇ ਕਈ ਤਰ੍ਹਾਂ ਦੀ ਸ਼ੋਖੀ ਤੇ ਗੁਸਤਾਖੀ ਵਧਾ ਦਿੱਤੀ ਹੈ ਜਿਸ ਨਾਲ ਸਾਊਪੁਣਾ ਕਾਇਮ ਨਹੀਂ ਰਹਿੰਦਾ। ਮਸਲਨ, ਕਈਆਂ ਲੋਕਾਂ ਨੂੰ ਖਿਆਲ ਹੋ ਗਿਆ ਹੈ ਕਿ ਪੂਰੀ-ਪੂਰੀ ਸਮਾਨਤਾ ਤਦੇ ਹੋ ਸਕਦੀ ਹੈ ਜੇ ਉਮਰ, ਅਕਲ ਤੇ ਪਦਵੀ ਦੀ ਵਡਿਆਈ ਦਾ ਲਿਹਾਜ਼ ਛੱਡ ਕੇ ਸਭ ਨੂੰ ਇਕੋ ਜਿਹਾ ਠੁਠ ਦਿਖਾਇਆ ਜਾਵੇ। ਹੋ ਸਕਦਾ ਹੈ ਕਿ ਸਾਡੇ ਮਾਪੇ ਪੜ੍ਹਾਈ ਵਿਚ ਸਾਥੋਂ ਘਟੀਆ ਹੋਣ, ਪਰ ਇਸ ਕਾਰਣ ਉਨ੍ਹਾਂ ਦੀ ਸਮਝ ਤੇ ਤਜਰਬੇ ਨੂੰ ਹੇਚ ਸਮਝਣਾ ਉਨ੍ਹਾਂ ਦੀ ਨਿਰਾਦਰੀ ਕਰਨਾ ਹੈ। ਸ਼ਰਾਫ਼ਤ ਇਸ ਵਿਚ ਹੈ ਕਿ ਉਨ੍ਹਾਂ ਦੀ ਪਦਵੀ ਦਾ ਅਦਬ ਕਰਦੇ ਹੋਏ ਉਨ੍ਹਾਂ ਦੀਆਂ ਦਲੀਲਾਂ ਨੂੰ ਧੀਰਜ ਨਾਲ ਸੁਣੀਏ ਤੇ ਜੇ ਗਲਤ ਭੀ ਹੋਣ ਤਾਂ ਭੀ ਪਿਆਰ ਵਾਲੇ ਹਾਸੇ ਨਾਲ ਟਾਲ ਦਈਏ ਅਤੇ ਆਪਣੀ ਜਿੱਤ ਦਾ ਦਿਖਾਵਾ ਨਾ ਕਰੀਏ। ਉਸਤਾਦਾਂ ਤੇ ਸ਼ਗਿਰਦਾਂ ਦਾ ਸੰਬੰਧ ਵੀ ਇਕ ਪਿਆਰ ਤੇ ਆਦਰ ਵਾਲਾ ਸੰਬੰਧ ਹੈ। ਸਮਾਨਤਾ ਦੇ ਖਿਆਲ ਨਾਲ ਕਈ ਵਾਰੀ ਵਿਦਿਆਰਥੀਆਂ ਨੂੰ ਇਹ ਤੌਖਲਾ ਹੋ ਜਾਂਦਾ ਹੈ ਕਿ ਕਾਲਜ ਵੀ ਕਾਰਖਾਨਿਆਂ ਵਾਕਰ ਹੁੰਦੇ ਹਨ, ਜਿਨ੍ਹਾਂ ਵਿਚ ਮੁੰਡੇ ਮਜ਼ਦੂਰਾਂ ਵਾਕਰ ਕੰਮ ਕਰਦੇ ਹਨ, ਜਾਂ ਇਉਂ ਕਹੋ ਕਿ ਮੁੰਡੇ ਫੀਸ ਦੀ ਸ਼ਕਲ ਵਿਚ ਮਜ਼ੂਰੀ ਦੇਂਦੇ ਹਨ ਤੇ ਪ੍ਰੋਫੈਸਰ ਪੈਸੇ ਲੈ ਕੇ ਪੜ੍ਹਾਈ ਕਰਾਉਂਦੇ ਹਨ। ਜਦ ਭੀ ਪ੍ਰੋਫੈਸਰਾਂ ਜਾਂ ਪ੍ਰਬੰਧਕਾਂ ਨਾਲ ਵਿਦਿਆਰਥੀਆਂ ਦਾ ਵਖੇਵਾ ਹੋਇਆ ਝਟ ਹੜਤਾਲ ਦੇ ਰਾਹੋਂ ਉਨ੍ਹਾਂ ਉਤੇ ਦਾਬਾ ਪਾ ਕੇ ਆਪਣੀਆਂ ਸ਼ਰਤਾਂ ਮੰਨਵਾ ਲਈਆਂ। ਕਈ ਵਾਰੀ ਵਿਦਿਆਰਥੀ ਕਾਲਜ ਨੂੰ ਕਲੱਬ ਜਾਂ ਸਭਾ ਮੰਨ ਕੇ ਸਾਰੇ ਫੈਸਲੇ ਆਪਣੀਆਂ ਰਾਵਾਂ ਦੀ ਬਹੁ ਸੰਮਤੀ ਨਾਲ ਮਨਵਾਣਾ ਚਾਹੁੰਦੇ ਹਨ। ਯਾਦ ਰਖਣਾ ਚਾਹੀਦਾ ਹੈ ਕਿ ਕਾਲਜ ਸਭਾ (association) ਨਹੀਂ, ਆਸ਼ਰਮ (institution) ਹੁੰਦਾ ਹੈ। ਜਿਵੇਂ ਘਰ ਵਿਚ ਮਾਪਿਆਂ ਨੂੰ ਬਾਲ ਦੀ ਕਦਰ ਕਰਨੀ ਚਾਹੀਦੀ ਹੈ, ਬਲਕਿ ਰਾਇ ਬਣਾਣ ਤੇ ਉਸ ਨੂੰ ਮਨਾਣ ਦੀ ਜਾਚ ਸਿਖਲਾਣੀ ਚਾਹੀਦੀ ਹੈ, ਪਰ ਅੰਤਮ ਫੈਸਲਾ ਮਾਪਿਆਂ ਦੇ ਹੱਥ ਹੋਣਾ ਚਾਹੀਦਾ ਹੈ ਨਾਕਿ ਸਾਰੇ ਟੱਬਰ ਦੀ ਬਹੁ-ਸੰਮਤੀ ਉਤੇ। ਇਸੇ ਤਰ੍ਹਾਂ ਵਿਦਿਅਕ ਆਸ਼ਰਮਾਂ ਵਿਚ ਪ੍ਰਬੰਧਕਾਂ ਦਾ ਫਰਜ਼ ਹੈ ਕਿ ਉਹ ਵਿਦਿਆਰਥੀਆਂ ਨੂੰ ਸੁਤੰਤਰ ਰਾਇ ਬਣਾਣ ਤੇ ਉਸ ਨੂੰ ਯੋਗਤਾ ਦੇ ਆਸਰੇ ਮੰਨਵਾਣ ਦੀ ਜਾਚ ਸਿਖਾਲਣ, ਪਰ ਵਿਦਿਆਰਥੀਆਂ ਨੂੰ ਆਪਣੀਆਂ ਰਾਵਾਂ ਬਹੁਲਤਾ ਜਾਂ ਆਮਦਨੀ ਦੇ ਘਾਟੇ ਦੇ ਡਰਾਵੇ ਦੇ ਜ਼ੋਰ ਨਾਲ ਆਪਣੀ ਈਨ ਮਨਾਣ ਦੀ ਕੋਸ਼ਿਸ਼ ਨਹੀਂ ਕਰਨੀ ਚਾਹੀਦੀ। ਸਭਾ ਤੇ ਆਸ਼ਰਮ ਵਿਚ ਫਰਕ ਇਹੋ ਹੁੰਦਾ ਹੈ ਕਿ ਸਭਾ

ਵਿਚ ਸਾਰੇ ਮੈਂਬਰ ਆਪੋ ਆਪਣੀ ਸੁਤੰਤਰ ਰਾਇ ਰੱਖਦੇ ਹਨ ਤੇ ਉਨ੍ਹਾਂ ਦੇ ਅਧਿਕਾਰ ਬਰਾਬਰ ਹੁੰਦੇ ਹਨ, ਪਰ ਆਸ਼ਰਮ ਵਿਚ ਸਿਖਾਂਦਰੂ ਇਕੱਠੇ ਹੁੰਦੇ ਹਨ ਜਿਨ੍ਹਾਂ ਦੀ ਰਾਏ ਸੁਤੰਤਰ ਬਣ ਰਹੀ ਹੁੰਦੀ ਹੈ, ਪਰ ਪੂਰੀ ਤਰ੍ਹਾਂ ਬਣੀ ਨਹੀਂ ਹੁੰਦੀ ਅਤੇ ਪ੍ਰਬੰਧ ਵਿਚ ਤਾਂ ਉਨ੍ਹਾਂ ਦੇ ਅਧਿਕਾਰ ਦੀ ਥਾਂ ਈ ਨਹੀਂ ਹੁੰਦੀ। ਐਸੀ ਹਾਲਤ ਵਿਚ ਆਪਣੀ ਰਾਇ ਪ੍ਰਬੰਧਕਾਂ ਤਕ ਪੁਚਾਣਾ ਤਾਂ ਫਰਜ਼ ਹੈ, ਪਰ ਉਸਨੂੰ ਨਿਰੀ ਬਹੁਲਤਾ ਦੇ ਆਸਰੇ ਮਨਵਾਣਾ ਠੀਕ ਨਹੀਂ। ਨਾਲੇ ਏਥੇ ਰਿਸ਼ਤਾ ਮਾਲਕ ਤੇ ਮਜ਼ੂਰਾਂ ਵਾਲਾ ਨਹੀਂ ਹੁੰਦਾ, ਬਲਕਿ ਘਰ ਦੇ ਬੰਦਿਆਂ ਵਾਲਾ ਹੁੰਦਾ ਹੈ, ਜਿਨ੍ਹਾਂ ਨੇ ਰਲ ਕੇ ਕੁਝ ਸਿਖਣਾ ਸਿਖਾਣਾ ਹੈ, ਕੁਝ ਬਣਨਾ ਬਣਾਣਾ ਹੈ, ਨਾ ਕਿ ਕੁਝ ਦੇਣਾ ਜਾਂ ਲੈਣਾ।

## ੩

ਸਾਊਪੁਣਾ ਕੀ ਹੈ ? ਮਨੁੱਖਾਂ ਦੀ ਆਪੋ ਵਿਚ ਦੀ ਸੋਹਣੀ ਵਰਤੋਂ। ਇਹ ਮਨ ਦੀ ਇਕ ਹਾਲਤ ਹੁੰਦੀ ਹੈ ਜੋ ਸਦੀਆਂ ਦੀ ਮਿਹਨਤ ਤੇ ਕਈ ਪੀਹੜੀਆਂ ਦੀ ਰਲਵੀਂ ਤੇ ਲਗਾਤਾਰ ਵਰਤੋਂ ਤੋਂ ਪੈਦਾ ਹੁੰਦੀ ਹੈ। ਇਸ ਵਿਚ ਬਹੁਤਾ ਹੱਥ ਖਾਨ-ਦਾਨੀ ਜੀਵਨ ਜਾਂਚ ਜਾਂ ਰੀਤੀ ਦਾ ਹੁੰਦਾ ਹੈ। ਫਿਰ ਉਸ ਵਿਚ ਮਨੁੱਖ ਦੀ ਆਪਣੀ ਸਮਾਜਿਕ ਰਹਿਣੀ ਦੀਆਂ ਸੁੰਦਰਤਾਈਆਂ ਭੀ ਆ ਸ਼ਾਮਲ ਹੁੰਦੀਆਂ ਹਨ।

ਸਾਊ ਦਾ ਸਭ ਤੋਂ ਵੱਡਾ ਗੁਣ ਹੈ ਕਿ ਉਹ ਕਿਸੇ ਦਾ ਦਿਲ ਨਹੀਂ ਦੁਖਾਣਾ ਚਾਹੁੰਦਾ। ਉਹ "ਸਭਨਾ ਮਨ ਮਾਣਿਕ ਠਾਹੁਣ ਮੂਲਿ ਮਚਾਂਗਵਾ" ਵਾਲੇ ਹੁਕਮ ਉਤੇ ਚੱਲਦਾ ਹੈ। ਗੱਲਾਂ ਕਰਦਿਆਂ ਜੇ ਕਿਸੇ ਰਾਇ ਦਾ ਫ਼ਰਕ ਹੋ ਪਵੇ ਤਾਂ ਉਹ ਆਪਣੀ ਰਾਇ ਦੇ ਕੇ ਦੂਜੇ ਦੀ ਵਿਚਾਰ ਗੋਚਰੇ ਛੱਡ ਦਿੰਦਾ ਹੈ। ਮੁੜ ਮੁੜ ਆਪਣੀ ਰਾਇ ਨੂੰ ਦੁਹਰਾ ਕੇ ਕਿਸੇ ਨੂੰ ਤੰਗ ਕਰਨ ਤੋਂ ਸੰਕੋਚ ਕਰਦਾ ਹੈ। ਇਕ ਵਾਰੀ ਆਪਣੀ ਵਿਚਾਰ ਪੇਸ਼ ਕਰ ਕੇ ਦੇਖਦਾ ਹੈ। ਜੇ ਅਗਲਾ ਆਪਣੀ ਰਾਇ ਨੂੰ ਨਹੀਂ ਬਦਲਦਾ ਤਾਂ ਗੱਲ ਨੂੰ ਘਸੀਟਦਾ ਨਹੀਂ, ਸਗੋਂ ਉਥੇ ਹੀ ਛੱਡ ਕੇ ਕਿਸੇ ਹੋਰ ਪਹਿਲੂ ਨੂੰ ਲੈ ਲੈਂਦਾ ਜਾਂ ਗੱਲ ਹੀ ਪਰਤ ਜਾਂਦਾ ਹੈ। ਦਲੀਲ ਵਿਚ ਧੌਂਸ ਜਾਂ ਪਦਵੀ ਦਾ ਦਾਬਾ ਨਹੀਂ ਸਤਾਂਦਾ। ਅਗਲੇ ਨੂੰ ਆਪਣੇ ਨਾਲ ਸਮਝ ਕੇ ਹੌਲੀ ਹੌਲੀ ਠਰੰਮੇ ਨਾਲ ਗੱਲ ਕਰਦਾ, ਬਲਕਿ ਆਪਣੀ ਗੱਲ ਬਿਆਨ ਕਰ ਕੇ ਸਮਝਾਂਦਾ ਹੈ। ਆਪਸ ਵਿਚ ਵਿਚਾਰ ਕਰਦਿਆਂ ਦੂਜੇ ਦੀ ਕਮਜ਼ੋਰੀ ਦਾ ਨਾਜਾਇਜ਼ ਫਾਇਦਾ ਨਹੀਂ ਉਠਾਂਦਾ

ਜਗੋਂ ਉਸ ਦੀ ਦਲੀਲ ਦੇ ਚੰਗੇ ਹਿੱਸੇ ਨੂੰ ਮੰਨ ਕੇ ਤੇ ਪੂਰੀ ਪੂਰੀ ਕਦਰ ਕਰ ਕੇ ਅਗਾਂਹ ਚੱਲਦਾ ਹੈ। ਉਹ ਵਿਰੋਧੀ ਦੇ ਅੰਦਰ ਵੜ ਕੇ ਉਸ ਦੇ ਖ਼ਿਆਲਾਂ ਨੂੰ ਸਮਝਣ ਦੀ ਕੋਸ਼ਿਸ਼ ਕਰਦਾ ਹੈ, ਮਤਾਂ ਉਸ ਨਾਲ ਬੇਇਨਸਾਫ਼ੀ ਹੋ ਜਾਏ। ਆਪਣੀ ਬਾਬਤ ਬਹੁਤ ਗੱਲਾਂ ਕਰਨ ਵਾਲਾ ਭੀ ਸਾਊ ਨਹੀਂ ਹੁੰਦਾ, ਕਿਉਂਕਿ ਉਸ ਨੂੰ ਆਪਣੇ ਉਤੇ ਮਾਣ ਹੁੰਦਾ ਹੈ ਤੇ ਦੂਜਿਆਂ ਨੂੰ ਤੁਛ ਸਮਝ ਕੇ ਉਨ੍ਹਾਂ ਦੀ ਗੱਲ ਵਿਚ ਰੁੱਚੀ ਨਹੀਂ ਦੱਸਦਾ। ਸਾਊ ਆਦਮੀ ਕਿਸੇ ਨੂੰ ਗੱਲ ਕਰਦਿਆਂ ਟੋਕਦਾ ਨਹੀਂ। ਜਦ ਤੱਕ ਉਹ ਗੱਲ ਪੂਰੀ ਨਾ ਕਰ ਲਵੇ ਆਪਣੀ ਗੱਲ ਨਹੀਂ ਚਲਾਂਦਾ। ਹੋਰਨਾਂ ਨੂੰ ਧੀਰਜ ਨਾਲ ਸੁਣਨ ਦੀ ਵਾਦੀ ਚੰਗਿਆਂ ਦੀ ਨਿਸ਼ਾਨੀ ਹੈ। ਇਸ ਦੀ ਤਹਿ ਵਿਚ ਇਕ ਨਿਮਰਤਾ ਤੇ ਮਿਠਾਸ ਹੈ ਜੋ ਸਾਰੇ ਗੁਣਾਂ ਦਾ ਤਪ ਹੈ। ਗੁਰੂ ਨਾਨਕ ਦੇਵ ਜੀ ਕਹਿੰਦੇ ਹਨ :—

"ਮਿਠਤਿ ਨੀਵੀਂ ਨਾਨਕਾ ਗੁਣ ਚੰਗਿਆਈਆਂ ਤਤੁ" (ਵਾਰ ਆਸਾ)। ਇਹ ਨਿਮ੍ਰਤਾ ਤੇ ਮਿਠਾਸ ਸਾਰੇ ਬਜ਼ੁਰਗਾਂ ਵਿਚ ਦੇਖੀ ਜਾਂਦੀ ਹੈ। ਸ਼ਾਹਦੀ ਜੀ ਕਹਿੰਦੇ ਹਨ, "ਸਿਆਣਾ ਆਦਮੀ ਹਲੀਮੀ ਵਰਤਦਾ ਹੈ, ਜਿਵੇਂ ਫੁਲ ਨਾਲ ਲੱਦੀ ਹੋਈ ਟਹਿਣੀ ਧਰਤੀ ਵੱਲ ਝੁਕਦੀ ਹੈ।" ਨਿਊਟਨ, ਜੋ ਇੰਗਲਿਸਤਾਨ ਦਾ ਇਕ ਉੱਘਾ ਸਾਇੰਸ-ਦਾਨ ਹੋਇਆ ਹੈ, ਆਪਣੀ ਅਪਾਰ ਵਿਦਿਆ ਦੇ ਬਾਵਜੂਦ ਕਹਿੰਦਾ ਹੈ ਕਿ ਗਿਆਨ ਇਕ ਅਥਾਹ ਸਮੁੰਦਰ ਵਾਕੁਰ ਮੇਰੇ ਸਾਹਮਣੇ ਖਿਲਰਿਆ ਪਿਆ ਹੈ ਤੇ ਮੈਂ ਉਸ ਦੇ ਕੰਢੇ ਇਕ ਇਆਣੇ ਬਾਲ ਵਾਕਰ ਘੋਗੇ ਚੁਣ ਰਿਹਾ ਹਾਂ। ਸੁਕਰਾਤ ਜੋ ਯੂਨਾਨ ਦਾ ਸਭ ਤੋਂ ਸਿਆਣਾ ਫਲਾਸਫ਼ਰ ਹੋਇਆ ਹੈ, ਕਹਿੰਦਾ ਹੈ ਕਿ ਮੈਨੂੰ ਪੜ੍ਹ ਪੜ੍ਹ ਕੇ ਅੰਤ ਇਕੋ ਗੱਲ ਨਿਸ਼ਚੇ ਹੋਈ ਹੈ ਕਿ ਮੈਨੂੰ ਕੁਝ ਨਹੀਂ ਆਉਂਦਾ।

ਇਹ ਨਿਮ੍ਰਤਾ ਸਭ ਤੋਂ ਅਸਰ ਵਾਲੀ ਤਦ ਹੁੰਦੀ ਹੈ ਜਦੋਂ 'ਹੋਂਦੈ ਤਾਣਿ ਨਿਤਾਣਿਆਂ ਰਹਹਿ ਨਿਮਾਣਨੀਆਂ' ਵਾਲੀ ਹੋਵੇ। ਹਜ਼ਰਤ ਮੁਹੰਮਦ ਨੇ ਸਾਰੀ ਉਮਰ ਵਿਚ ਕਿਸੇ ਨੂੰ "ਸਲਾਮ ਅਲੈਕੁਮ" ਆਪਣੇ ਤੋਂ ਪਹਿਲਾਂ ਨਹੀਂ ਸੀ ਕਹਿਣ ਦਿੱਤਾ। ਕਈ ਸੱਜਣ ਕੋਸ਼ਿਸ਼ ਕਰਦੇ ਰਹੇ ਕਿ ਸਾਲਾਮ ਕਰਨ ਵਿਚ ਪਹਿਲ ਕਰਨ, ਪਰ ਹੋ ਨ ਸਕੀ। ਇਕ ਵੇਰ ਨਬੀ ਆਪਣੇ ਨੌਕਰ ਨਾਲ ਮਦੀਨੇ ਜਾ ਰਹੇ ਸਨ। ਉਨ੍ਹਾਂ ਪਾਸ ਇਕੋ ਊਠ ਸੀ, ਜਿਸ ਉਤੇ ਵਾਰੋ ਵਾਰੀ ਚੜ੍ਹਦੇ ਸਨ। ਜਦ ਮਦੀਨੇ ਸ਼ਹਿਰ ਵਿਚ ਵੜਨ ਲੱਗੇ ਤਾਂ ਵਾਰੀ ਨੌਕਰ ਦੀ ਸੀ। ਨਬੀ ਨੂੰ ਨੌਕਰ ਨੇ ਕਿਹਾ "ਰਸੂਲ ਕਰੀਮ! ਤੁਸੀਂ ਚੜ੍ਹੋ। ਲੋਕੀਂ ਵੇਖਣਗੇ ਤਾਂ ਕੀ ਕਹਿਣਗੇ?" ਸ਼ਰਾਫਤ ਦੇ ਪੁਤਲੇ

ਨਬੀ ਨੇ ਕਿਹਾ, "ਨਹੀਂ ਤੂੰ ਹੀ ਚੜ੍ਹ। ਮੈਂ ਇਉਂ ਹੀ ਚੰਗਾ ਲਗਦਾ ਹਾਂ।" ਸ਼ਰਾਫਤ ਦੀ ਪਰਖ਼ ਹੀ ਇਹ ਹੈ ਕਿ ਵੱਡੀ ਪਦਵੀ ਵਾਲਾ ਆਹਣੇ ਨੌਕਰਾਂ ਚਾਕਰਾਂ ਜਾਂ ਆਪਣੇ ਹੇਠਾਂ ਕੰਮ ਕਰਨ ਵਾਲਿਆਂ ਨਾਲ ਕਿਵੇਂ ਵਰਤਦਾ ਹੈ। ਗੁਰੂ ਨਾਨਕ ਆਪਣੀ ਇਲਾਹੀ ਵਡਿੱਤਣ ਦੇ ਹੁੰਦਿਆਂ ਆਪਣੇ ਆਪ ਨੂੰ "ਸਗ ਨਾਨਕ", "ਨਾਨਕੁ ਨੀਚੁ", "ਹਮ ਆਦਮੀ ਹਾਂ ਇਕ ਦਮੀ", "ਹਉ ਢਾਢੀ ਵੇਕਾਰ" ਕਹਿੰਦਾ ਹੈ। ਉਹ ਪੈਗੰਬਰਾਂ ਤੇ ਅਵਤਾਰਾਂ ਵਿਚੋਂ ਨਮੂਨੇ ਦਾ ਸਾਊ ਹੋਇਆ ਹੈ, ਜਿਸ ਨੇ ਅਤੁੱਟ ਵਖੇਵੇਂ ਰੱਖਦਿਆਂ ਹੋਇਆਂ ਕਦੀ ਕਿਸੇ ਧਰਮ ਉਤੇ ਸਮੁੱਚੇ ਤੌਰ ਤੇ ਹਮਲਾ ਨਹੀਂ ਕੀਤਾ। ਪਾਪੀਆਂ ਨੂੰ ਭੀ ਰਾਹੇ ਪਾਉਣ ਲੱਗਿਆਂ ਉਨ੍ਹਾਂ ਦੇ ਦਿਲ ਨੂੰ ਠੇਸ ਨਹੀਂ ਲੱਗਣ ਦਿੱਤੀ। ਸੱਜਣ ਠੱਗ ਨੂੰ ਸੁਧਾਰਨ ਲੱਗਿਆਂ (ਦੇਖੋ ਰਾਗ ਸੂਹੀ ਵਿਚ "ਉਜਲ ਕੈਹਾ ਚਿਲਕਣਾ" ਵਾਲਾ ਸ਼ਬਦ) ਉਸ ਨੂੰ ਸਾਊ ਤਰੀਕੇ ਨਾਲ ਸਮਝਾਇਆ ਹੈ ਕਿ ਉਸ ਨੂੰ ਅੰਦਰੋ ਅੰਦਰੀ ਸ਼ਰਮ ਤਾਂ ਪਈ ਆਵੇ, ਪਰ ਬਾਹਰੋਂ ਗੁਰੂ ਜੀ ਦੇ ਸਾਹਮਣੇ ਮੂੰਹ ਕੱਜਣ ਦੀ ਲੋੜ ਨਾ ਪਏ। ਪਹਿਲਾਂ ਉਸ ਦੇ ਨਾਂ ਉਤੇ ਟਕੋਰ ਕਰਦੇ ਹਨ :

> "ਸਜਣ ਸੇਈ ਨਾਲਿ ਮੈ ਚਲਦਿਆਂ ਨਾਲ ਚਲੰਨਿ।
> ਜਿਥੇ ਲੇਖਾ ਮੰਗੀਐ ਤਿਥੈ ਖੜੇ ਦਿਸੰਨਿ।"

ਫੇਰ ਬਾਹਰੋਂ ਚਿਤਰੇ ਹੋਏ ਕੋਠਿਆਂ, ਤੀਰਥਾਂ ਉਤੇ ਬੈਠੇ ਬਗਲਿਆਂ, ਉੱਚ ਲੰਮੇ ਸਿੰਮਲ ਰੁੱਖ ਵੱਲ ਇਸ਼ਾਰਾ ਕਰ ਕੇ ਉਸ ਦਾ ਧਿਆਨ ਆਪਣੀ ਦੰਭ ਵਾਲੀ ਜ਼ਿੰਦਗੀ ਵੱਲ ਦੁਆਂਦੇ ਹਨ ਪਰ ਕਿਤੇ ਵੀ ਇਹ ਮਹਿਸੂਸ ਨਹੀਂ ਹੋਣ ਦਿੰਦੇ ਕਿ ਉਹ ਨੀਵਾਂ ਹੈ ਤੇ ਗੁਰੂ ਜੀ ਉਸ ਤੋਂ ਉੱਚੇ ਹਨ। ਬਲਕਿ ਇਹ ਆਖ ਕੇ ਆਪਣੇ ਆਪ ਨੂੰ ਉਸ ਦੇ ਨਾਲ ਸ਼ਾਮਲ ਕਰ ਲੈਂਦੇ ਹਨ :

> "ਅੰਧੁਲੇ ਭਾਰੁ ਉਠਾਇਆ, ਡੂੰਗਰ ਵਾਟ ਬਹੁਤੁ।
> ਅਖੀ ਲੋੜੀ ਨਾ ਲਹਾ, ਹਉ ਚੜਿ ਲੰਘਾ ਕਿਤ ?"

ਉਹ ਨਹੀਂ ਕਹਿੰਦਾ ਕਿ ਹੇ ਸੱਜਣਾ ! ਤੂੰ ਅੰਨ੍ਹਾਂ ਹੈਂ, ਤੂੰ ਪਾਪਾਂ ਦਾ ਭਾਰ ਸਿਰ ਤੇ ਚੁੱਕਿਆ ਹੋਇਆ ਹੈ। ਨਹੀਂ, ਸਗੋਂ ਆਪਣੇ ਆਪ ਨੂੰ ਕਹਿੰਦੇ ਹਨ ਕਿ ਮੈਂ ਅੰਨ੍ਹਾਂ ਹਾਂ, ਮੈਂ ਸਿਰ ਤੇ ਭਾਰ ਚੁੱਕਿਆ ਹੋਇਆ ਹੈ ਤੇ ਰਸਤਾ ਬਹੁਤ ਪਹਾੜੀ ਹੈ, ਅੱਖਾਂ ਨਾਲ ਟੋਲਦਾ ਹਾਂ ਪਰ ਰਸਤਾ ਲਭਦਾ ਨਹੀਂ, ਮੈਂ ਕਿਵੇਂ ਚੜ੍ਹ ਕੇ ਪਾਰ ਹੋਵਾਂ ?

ਇਸੇ ਤਰ੍ਹਾਂ ਇਕ ਵੇਰ ਲੋਕੀਂ ਇਕ ਤੀਵੀਂ ਨੂੰ ਬਦਕਾਰੀ ਕਰਦਿਆਂ ਫੜ ਕੇ ਈਸ਼ਾ ਜੀ ਪਾਸ ਲਿਆਏ। ਈਸਾ ਜੀ ਨੇ ਲੋਕਾਂ ਨੂੰ ਤਾਂ ਆਪਣੀ ਨੇਕੀ ਦੀ ਹੈਂਕੜ ਉਤੇ ਸ਼ਰਮਿੰਦਾ ਕਰ ਕੇ ਤੋਰ ਦਿੱਤਾ, ਪਰ ਤੀਵੀਂ ਉਥੇ ਹੀ ਜ਼ਿਮੀਂ ਤੇ ਬੈਠੀ ਰਹਿ ਗਈ। ਉਹ ਨਜ਼ਾਰਾ ਬੜਾ ਦਰਦਨਾਕ ਹੈ। ਇਕ ਪਾਸੇ ਪਾਪ ਤੋਂ ਸ਼ਰਮ ਖਾਂਦੀ ਇਸਤਰੀ ਬੈਠੀ ਹੋਈ ਜ਼ਿਮੀਂ ਖੋਤਰ ਰਹੀ ਹੈ। ਦੂਜੇ ਪਾਸੇ ਉਸ ਕੋਲੋਂ ਵੀ ਵਧੀਕ ਲੱਜਾਵਾਨ ਹੋਇਆ ਈਸ਼ਾ ਬੈਠਾ ਰੇਤ ਉਤੇ ਲੀਕਾਂ ਵਾਹ ਰਿਹਾ ਹੈ ਤੇ ਅੱਖ ਚੁੱਕ ਕੇ ਵੀ ਉਸ ਵੱਲ ਨਹੀਂ ਵੇਖਦਾ, ਮਤਾ ਵਿਚਾਰੀ ਨੂੰ ਮੇਰੇ ਵਲੋਂ ਲੱਜਾ ਆਵੇ ! ਅੰਤ ਈਸਾ ਨੇ ਤਰਸ ਤੇ ਪਿਆਰ ਦੇ ਜ਼ੋਰ ਨਾਲ ਕਿਹਾ, "ਬੀਬੀ ! ਜਾਹ ਇਉਂ ਫੇਰ ਨਾ ਕਰੀਂ।"

ਸਾਊ ਆਦਮੀ ਕਿਸੇ ਦੀ ਭੁੱਲ ਦੇਖ ਕੇ ਆਪਣੇ ਨਿਰਦੋਸ਼ਪੁਣੇ ਦੀ ਆਕੜ ਵਿਚ ਘ੍ਰਿਣਾ ਨਹੀਂ ਕਰਦਾ, ਸਗੋਂ ਉਸ ਦੇ ਅੰਦਰ ਵੜ ਕੇ ਉਸ ਦੀਆਂ ਮਜ਼ਬੂਰੀਆਂ, ਸਮਾਜ, ਘਰ ਬਾਰ ਤੇ ਆਲੇ-ਦੁਆਲੇ ਦੀਆਂ ਕਮਜ਼ੋਰੀਆਂ ਅਤੇ ਮੌਕਿਆਂ ਉਤੇ ਵਿਚਾਰ ਕਰ ਕੇ ਦੋਸ਼ੀ ਨਾਲ ਹਮਦਰਦੀ ਕਰਦਾ ਹੈ ਤੇ ਉਸ ਨੂੰ ਭੁੱਲ ਵਿਚੋਂ ਕੱਢਣ ਦੇ ਆਹਰ ਲਗਦਾ ਹੈ। ਉਸ ਵਿਚ ਕਿਸੇ ਨੂੰ ਆਪਣੇ ਆਪ ਤੋਂ ਨੀਵਾਂ ਸਮਝਣ ਦੀ ਰੁੱਚੀ ਤੇ ਸ਼ਰਮਿੰਦਾ ਕਰਨ ਦੀ ਵਿਹਲ ਨਹੀਂ ਹੁੰਦੀ।

ਉਹ ਨੁਕਸ ਉਸੇ ਆਦਮੀ ਦੇ ਕੱਢਦਾ ਹੈ ਜਿਸ ਨੂੰ ਉਹ ਆਪ ਪਿਆਰ ਕਰਦਾ ਹੈ ਤੇ ਨੁਕਸਾਂ ਤੋਂ ਬਰੀ ਦੇਖਣਾ ਚਾਹੁੰਦਾ ਹੈ। ਨੁਕਸ ਭੀ ਓਹੀ ਦੱਸਦਾ ਹੈ ਜਿਹੜੇ ਦੂਰ ਹੋ ਸਕਦੇ ਹੋਣ। ਉਹ ਕਿਸੇ ਦੇ ਕੁਦਰਤੀ ਘਾਟਿਆਂ ਜਾਂ ਦੋਸ਼ਾਂ ਵੱਲ ਇਸ਼ਾਰਾ ਨਹੀਂ ਕਰਦਾ। ਮਸਲਨ ਉਹ, ਅੰਨ੍ਹੇ ਜਾਂ ਲੂਲ੍ਹੇ ਨੂੰ ਦੇਖ ਕੇ ਉਸ ਦਾ ਉਸ ਦੀ ਸਰੀਰਕ ਹਾਲਤ ਉਤੇ ਮਖ਼ੌਲ ਨਹੀਂ ਕਰਦਾ, ਕਿਉਂਕਿ ਉਹ ਜਾਣਦਾ ਹੈ ਕਿ ਉਸ ਦੇ ਵੱਸ ਦੀ ਗੱਲ ਨਹੀਂ। ਕਿਸੇ ਦੀ ਗਰੀਬੀ ਨੂੰ ਭੀ ਆਪਣੀ ਟਿਚਕਰ ਦਾ ਨਿਸ਼ਾਨਾ ਨਹੀਂ ਬਣਾਉਂਦਾ।

ਉਪਕਾਰ ਕਰਨ ਵੇਲੇ ਦਿਖਾਵਾ ਨਹੀਂ ਕਰਦਾ। ਉਹ ਖ਼ਿਆਲ ਰੱਖਦਾ ਹੈ ਕਿ ਜਿਸ ਨਾਲ ਭਲਾ ਕਰਨ ਲੱਗਾ ਹਾਂ ਉਸ ਦੇ ਮਨ ਨੂੰ ਟੀਸ ਨਾ ਲੱਗੇ, ਉਸ ਨੂੰ ਆਪਣੀ ਗਰੀਬੀ ਜਾਂ ਅਸਮਰਥਾ ਉਤੇ ਲੱਜਾ ਨਾ ਆਵੇ, ਅਸੀਂ ਕਈ ਵਾਰੀ ਦਾਨ ਲੱਗਿਆਂ ਨਾ ਕੇਵਲ ਆਪਣੀ ਉਦਾਰਤਾ ਦਾ ਵਿਖਾਵਾ ਹੀ ਕਰਦੇ ਹਾਂ, ਸਗੋਂ ਜਿਸ

ਗਰੀਬ ਦੀ ਸਹਾਇਤਾ ਕਰਦੇ ਹਾਂ ਉਸ ਨੂੰ ਸ਼ਰਮਿੰਦਾ ਕਰ ਕੇ ਉਸ ਦੀ ਮਨੁੱਖਤਾ ਦੀ ਹਤਕ ਕਰਦੇ ਹਾਂ। ਸਾਊ ਮਨੁੱਖ ਨੂੰ ਸ਼ਬਦ-ਭੇਟ ਦਾ ਏਲਾਨ ਕਰਾਂਦਿਆਂ, ਗੁਰਦਵਾਰਿਆਂ ਦੀਆਂ ਚਿੱਟੀਆਂ ਸਿੱਲਾਂ ਉਤੇ ਆਪਣੇ ਢਾਈ ਰੁਪਏ ਦੇ ਦਾਨ ਦਾ ਇਸ਼ਤਿਹਾਰ ਸਦਾ ਲਈ ਉਕਰਵਾਂਦਿਆਂ, ਜਾਂ ਮੁਸਾਫ਼ਰਖਾਨੇ ਲਈ ਚਾਦਰਾਂ ਮੰਜਿਆਂ ਦੇ ਦਾਨ ਦਾ ਅਰਦਾਸੇ ਵਿਚ ਜ਼ਿਕਰ ਕਰਾਂਦਿਆਂ ਸ਼ਰਮ ਆਵੇਗੀ। ਸਾਊ ਦਾਨ ਨਹੀਂ ਕਰਦਾ, ਭੇਟ ਕਰਦਾ ਹੈ, ਗ਼ਰੀਬ ਨੂੰ ਆਪਣੇ ਸਾਹਮਣੇ ਹੱਥ ਟੱਡਦਾ ਦੇਖ ਕੇ ਖੁਸ਼ ਨਹੀਂ ਹੁੰਦਾ, ਸਗੋਂ ਉਸ ਦੀ ਪੀੜਾ ਨੂੰ ਆਪਣੀ ਪੀੜਾ ਸਮਝ ਕੇ ਉਸ ਦੇ ਪਾਸ ਹਾਜ਼ਰ ਹੁੰਦਾ ਹੈ ਤੇ ਜੋ ਕੁਝ ਦਿੰਦਾ ਹੈ ਉਸ ਦੀ ਭੇਟ ਕਰਦਾ ਹੈ, ਨਜ਼ਰ ਚੜ੍ਹਾਉਂਦਾ ਹੈ।

ਯਤੀਮ ਬੱਚਿਆਂ ਨੂੰ ਪੀਲੇ ਪੀਲੇ ਕੋਝੇ ਕੱਪੜੇ ਪਵਾ ਕੇ ਗੱਡੀਆਂ ਵਿਚ ਜਾਂ ਦੀਵਾਨਾਂ ਵਿਚ ਦਾਨ ਮੰਗਣ ਲਈ, ਲਈ ਫਿਰਨਾ ਉਨ੍ਹਾਂ ਦੀ ਇਨਸਾਨੀਅਤ ਦੀ ਦੁਰਗੱਤੀ ਕਰਨੀ ਹੈ। ਉਨ੍ਹਾਂ ਨੂੰ ਇਹ ਖ਼ਿਆਲ ਦੇਣਾ ਕਿ ਉਹ ਲਾਵਾਰਸ ਹਨ, ਉਨ੍ਹਾਂ ਦੇ ਬਾਦਸ਼ਾਹੀ ਦਿਲਾਂ ਨੂੰ ਸਵੈ-ਸਤਿਕਾਰ ਤੋਂ ਵਾਂਝਿਆਂ ਰੱਖਣਾ ਹੈ। ਆਸ਼੍ਰਮ ਦਾ ਨਾਂ ਭੀ ਯਤੀਮਖ਼ਾਨਾ ਕਿਉਂ ਹੋਵੇ? ਓਹ ਯਤੀਮ ਨਿਮਾਣੇ ਕਿਉਂ ਅਖਵਾਣ? ਜੇ ਤੁਸੀਂ ਉਨ੍ਹਾਂ ਦੇ ਮਾਪੇ ਨਹੀਂ ਬਣ ਸਕਦੇ ਤੇ ਉਨ੍ਹਾਂ ਲਈ ਇਕ ਪਿਆਰਾ "ਘਰ", ਉਨ੍ਹਾਂ ਦੀਆਂ ਸਧਰਾਂ ਦਾ ਕੇਂਦਰ ਨਹੀਂ ਬਣ ਸਕਦੇ, ਤਾਂ ਤੁਹਾਡਾ ਕੋਈ ਹੱਕ ਨਹੀਂ ਕਿ ਤੁਸੀਂ ਉਨ੍ਹਾਂ ਦੇ ਪਾਲਣ ਦਾ ਬੀੜਾ ਚੁਕੋ।

ਉਹ ਨੇਕੀ ਨੇਕੀ ਨਹੀਂ ਜਿਸ ਦੇ ਕਰਦਿਆਂ ਕਿਸੇ ਦੀ ਹੇਠੀ ਹੁੰਦੀ ਹੋਵੇ। ਜ਼ਾਤ ਪਾਤ, ਛੂਤ ਛਾਤ, ਸੁਧੀ ਅਸੁਧੀ, ਮਜ਼ੂਬੀ, ਰਾਮਦਾਸੀਏ ਦੇ ਵਿਤਕਰੇ ਸਾਰੇ ਪਰਸਪਰ ਘ੍ਰਿਣਾ ਤੇ ਅਸਾਊਪੁਣੇ ਦੀਆਂ ਨਿਸ਼ਾਨੀਆਂ ਹਨ। ਇਨ੍ਹਾਂ ਨੂੰ ਵੀ ਕਿਸੇ ਸ਼ਕਲ ਵਿਚ ਮੰਨਣਾ ਨਾ ਕੇਵਲ ਭਰਮ ਦੇ ਸਗੋਂ ਸਾਧਾਰਨ ਮਨੁੱਖਤਾ ਦੇ ਉਲਟ ਹੈ।

ਧਾਰਮਕ ਵਖੇਵਿਆਂ ਵਿਚ ਭੀ ਅਸੀਂ ਆਮ ਤੌਰ ਤੇ ਅਸੱਭਿਤਾ ਤੋਂ ਕੰਮ ਲੈਂਦੇ ਹਾਂ। ਆਪੋ ਆਪਣਾ ਮਜ਼ੁਬ ਹਰ ਇਕ ਨੂੰ ਪਿਆਰਾ ਹੋਣਾ ਚਾਹੀਦਾ ਹੈ ਅਤੇ ਉਸ ਉਤੇ ਦ੍ਰਿੜ ਹੋਣ ਨਾਲ ਉਸ ਦਾ ਅਸਰ ਜ਼ਿੰਦਗੀ ਵਿਚ ਕੰਮ ਕਰ ਸਕਦਾ ਹੈ। ਮੈਂ ਇਸ ਖੁਲ੍ਹ ਦੇ ਹੱਕ ਵਿਚ ਨਹੀਂ ਕਿ ਆਦਮੀ ਆਪਣਾ ਕੋਈ ਮਜ਼ੁਬ ਨਾ ਰਖਦਾ ਹੋਇਆ ਸਾਰਿਆਂ ਮਜ਼ੁਬਾਂ ਦਾ ਇਕੋ ਜਿਹਾ ਸ਼ਰਧਾਲੂ ਅਖਵਾਵੇ। ਇਹੋ ਜਿਹਾ ਆਦਮੀ ਬਮਜ਼ੁਬਾ ਹੀ ਹੁੰਦਾ ਹੈ। ਪਰ ਸਾਊਪੁਣਾ ਦੇ ਲਿਹਾਜ਼ ਨਾਲ ਉਹ ਆਦਮੀ

ਧਰਮੀ ਨਹੀਂ ਜੋ ਹੋਰਨਾਂ ਦੇ ਮਜ਼ਬਾਂ ਉਤੇ ਹਮਲੇ ਕਰਦਾ ਹੈ, ਜਾਂ ਇਹ ਕਹਿੰਦਾ ਹੈ ਕਿ ਮੇਰਾ ਮਜ਼ਬ ਹੀ ਤਾਰਨ ਜੋਗਾ ਹੈ, ਕਿਸੇ ਹੋਰ ਦਾ ਨਹੀਂ। ਸ਼ਰਾਫਤ ਇਸ ਗੱਲ ਦੀ ਮੰਗ ਕਰਦੀ ਹੈ ਕਿ ਮਨੁੱਖ ਮਜ਼ਬੀ ਮਾਮਲਿਆਂ ਵਿਚ ਪੂਰੀ ਪੂਰੀ ਰਵਾਦਾਰੀ ਵਰਤੇ। ਇਹ ਰਵਾਦਾਰੀ ਨਿਭ ਨਹੀਂ ਸਕਦੀ ਜਦ ਤਕ ਕਿ ਕੋਈ ਧਿਰ ਇਹ ਯਕੀਨ ਨਹੀਂ ਕਰਦੀ ਕਿ ਸਾਰੀ ਸਚਾਈ ਉਸ ਦੇ ਧਰਮ ਵਿਚ ਆਈ ਹੈ ਤੇ ਹੋਰ ਸਭ ਕੁਫ਼ਰ ਦਾ ਘਰ ਹਨ। ਸਾਊ ਦਾ ਨਿਸਚਾ ਇਹ ਹੈ ਵਾਹਿਗੁਰੂ ਦੇ ਹਜ਼ੂਰ ਹਿੰਦੂ ਮੁਸਲਮਾਨ ਈਸਾਈ ਸਭ ਇਕੋ ਜਿਹੇ ਹਨ। ਉਥੇ ਨਿਬੇੜਾ ਇਸ ਗੱਲ ਉਤੇ ਨਹੀਂ ਹੋਣਾ ਕਿ ਅਮੁਕਾ ਆਦਮੀ ਸਿੱਖ ਸੀ ਜਾਂ ਮੁਸਲਮਾਨ, (ਕਿਉਂਕਿ "ਅਗੈ ਜੀਉ ਨਵੇਂ" ਹੋ ਕੇ ਰੱਬ ਦੇ ਹਜ਼ੂਰ ਖੜੇ ਹੋਣਾ ਹੈ।) ਬਲਕਿ ਇਸ ਉਤੇ ਹੋਣਾ ਹੈ ਕਿ ਮਨੁੱਖ ਵਿਚ ਚੰਗਿਆਈ ਕਿਤਨੀ ਸੀ ਅਤੇ ਉਸ ਦਾ ਦਿਲ ਰੱਬ ਦੇ ਨੇੜੇ ਕਿੰਨਾ ਕੁ ਸੀ। ਨੇਕੀ ਤੇ ਪਿਆਰ ਗ੍ਰਹਿਣ ਕਰਨ ਲਈ ਅਤੇ ਆਪਣੀ ਸ਼ਖ਼ਸੀਅਤ ਢਾਲਣ ਲਈ ਇਸ ਨਮੂਨੇ ਦੀ ਸ਼ਖ਼ਸੀਅਤ ਨੂੰ ਸਾਮ੍ਹਣੇ ਰਖਣਾ ਪੈਂਦਾ ਹੈ, ਪਰ ਇਸਦਾ ਇਹ ਅਰਥ ਨਹੀਂ ਕਿ ਜਿਸ ਕਿਸੇ ਨੇ ਈਸਾ ਦੇ ਸਾਂਚੇ ਵਿਚ ਜ਼ਿੰਦਗੀ ਢਾਲਣੀ ਹੈ, ਉਹ ਇਹ ਮੰਨ ਲਵੇ ਕਿ ਕਿਸੇ ਹੋਰ ਲਈ ਏਹ ਕੰਮ ਗੁਰੂ ਗੋਬਿੰਦ ਸਿੰਘ ਜੀ ਦਾ ਜਾਂ ਮੁਹੰਮਦ ਸਾਹਿਬ ਦਾ ਸਾਂਚਾ ਨਹੀਂ ਕਰ ਸਕਦਾ। ਪੂਰੀ ਪੂਰੀ ਰਵਾਦਾਰੀ ਲਈ ਇਹ ਮਨੌਤ ਜ਼ਰੂਰੀ ਹੈ ਕਿ ਆਪੋ ਆਪਣੀ ਥਾਂ ਸਾਰੇ ਧਰਮ ਮਨੁੱਖ ਨੂੰ ਪੂਰਣਤਾ ਦੇ ਸਕਦੇ ਹਨ।

ਜੇ ਇਹ ਖ਼ਿਆਲ ਮੰਨ ਲਈਏ ਤਾਂ ਅੱਜਕੱਲ ਦੀਆਂ ਆਮ ਮਿਸ਼ਨਰੀ ਮੁਹਿੰਮਾਂ ਸਾਊਪੁਣੇ ਦੇ ਮਿਆਰ ਤੇ ਪੂਰੀਆਂ ਨਹੀਂ ਉਤਰਦੀਆਂ। ਹਰ ਇਕ ਆਦਮੀ ਨੂੰ ਇਹ ਖੁਲ੍ਹ ਹੋਣੀ ਚਾਹੀਦੀ ਹੈ ਕਿ ਉਹ ਕੋਈ ਧਰਮ ਧਾਰਨ ਕਰ ਲਵੇ ਅਤੇ ਉਸ ਦੇ ਇਸ ਕੰਮ ਵਿਚ ਸਰੇ ਬਣੇ ਸਾਨੂੰ ਹਰ ਤਰ੍ਹਾਂ ਦੀ ਮਦਦ ਕਰਨੀ ਚਾਹੀਦੀ ਹੈ, ਪਰ ਇਸ ਕੰਮ ਵਿਚ ਨਿਰੀ ਗਿਣਤੀ ਵਧਾ ਕੇ ਪੁੰਨ ਖਟਣ ਦਾ ਖਿਆਲ ਜਾਂ ਜਿੱਤ ਪ੍ਰਾਪਤ ਕਰਨ ਦਾ ਭਾਵ ਚੰਗਾ ਨਹੀਂ। ਇਹ ਇਕ ਪੁਰਾਣਾ ਸ਼ਹਿਨਸ਼ਾਨੀਅਤ ਵਾਲਾ ਖਿਆਲ ਹੈ, ਜੋ ਜਿਵੇਂ ਮੁਲਕੀ ਮਾਮਲਿਆਂ ਵਿਚੋਂ ਦੂਰ ਹੋ ਰਿਹਾ ਹੈ ਤਿਵੇਂ ਧਰਮ ਦੇ ਦਾਇਰੇ ਵਿਚੋਂ ਵੀ ਦੂਰ ਹੋ ਜਾਏਗਾ। ਸੇਵਾ ਜਾਂ ਉਪਕਾਰ ਦੇ ਇਰਾਦੇ ਨਾਲ ਸਕੂਲ ਜਾਂ ਹਸਪਤਾਲ ਖੋਲ੍ਹਣੇ ਚੰਗੇ ਹਨ ਪਰ ਉਨ੍ਹਾਂ ਦੇ ਪਰਦੇ ਹੇਠ ਦੂਜਿਆਂ ਦੇ ਦਿਲਾਂ ਉਤੇ ਮਜ਼ਬੀ ਗ਼ਲਬਾ ਪਾਉਣ ਦਾ ਜਤਨ ਕਰਨਾ ਨਾ ਸਿਰਫ਼ ਅਸਾਊਪਣਾ ਹੈ ਬਲਕਿ ਪਾਪ ਹੈ। ਇਕ ਸਿੱਖ ਦਾ ਕਿਸੇ ਚੰਗੇ ਭਲੇ ਗੈਰ-ਸਿੱਖ ਭਰਾ ਨੂੰ ਗਰੀਬੀ ਵਿਚ ਤਕ

ਤੇ ਕਹਿਣਾ ਕਿ ਤੂੰ ਆਪਣਾ ਧਰਮ ਛੱਡ ਕੇ ਮੇਰੇ ਧਰਮ ਵਿਚ ਆ ਜਾ, ਨਿਰੀ ਗੁਸਤਾਖੀ ਹੈ। ਏਥੇ ਮੈਨੂੰ ਅੱਜਕੱਲ ਦੇ ਇਕ ਧਰਮੀ ਸਾਊ ਦੀ ਮਿਸਾਲ ਚੇਤੇ ਆਉਂਦੀ ਹੈ। ਭਾਈ ਤਾਰਾ ਸਿੰਘ ਸ਼ਾਹਦਰਾ (ਲਾਹੌਰ) ਦਾ ਵਸਨੀਕ ਸੀ। ਉਸ ਦਾ ਇਕ ਮੁਸਲਮਾਨ ਦੋਸਤ ਮਰਨ ਲਗਿਆਂ ਆਪਣੀ ਤਿੰਨ ਸਾਲ ਦੀ ਛੋਟੀ ਧੀ ਉਸ ਦੇ ਹਵਾਲੇ ਕਰ ਗਿਆ। ਉਸ ਨੇ ਇਸ ਅਮਾਨਤ ਨੂੰ ਚੰਗੀ ਤਰ੍ਹਾਂ ਨਿਬਾਹਿਆ। ਉਸ ਨੇ ਬਾਲੜੀ ਨੂੰ ਧੀਆਂ ਵਾਂਗ ਪਾਲ ਪੋਸ ਕੇ ਵੱਡਾ ਕੀਤਾ, ਪਰ ਉਸ ਦੇ ਧਰਮ ਜਾਂ ਨਿਸਚੇ ਵਿਚ ਕਿਸੇ ਤਰ੍ਹਾਂ ਨਾਲ ਦਖ਼ਲ ਨਾ ਦਿੱਤਾ। ਉਹਨੂੰ ਇਕ ਹਾਫ਼ਜ਼ ਰਖ ਕੇ ਕੁਰਾਨ ਮਜੀਦ ਦਾ ਪਾਠ ਪੜ੍ਹਾਇਆ ਤੇ ਸਮਝਾਇਆ ਅਤੇ ਇਕ ਚੰਗੇ ਮੁਸਲਮਾਨ ਵਰਗੀ ਤਾਲੀਮ ਦੁਆਈ। ਜਦ ਵਿਆਹੁਣ ਜੋਗੀ ਹੋਈ ਤਾਂ ਆਪਣੇ ਪਾਸੋਂ ਸਾਰਾ ਖ਼ਰਚ ਕਰ ਕੇ ਇਕ ਚੰਗੇ ਲਾਇਕ ਮੁਸਲਮਾਨ ਨਾਲ ਉਸ ਦਾ ਨਿਕਾਹ ਪੜ੍ਹਵਾ ਦਿੱਤਾ। ਇਹੋ ਜਿਹੀ ਸ਼ਰਾਫ਼ਤ ਦੇ ਨਮੂਨੇ ਮੁਸਲਮਾਨਾਂ, ਹਿੰਦੂਆਂ ਵਿਚ ਵੀ ਮਿਲਦੇ ਹਨ।

ਸ਼ਰਾਫਤ ਦੇ ਹੋਰ ਵੀ ਕਈ ਗੁਣ ਹਨ ਜੋ ਭਾਈਚਾਰੇ ਦੀ ਸੋਹਣੀ ਵਰਤੋਂ ਵਿਚ ਸ਼ਾਮਲ ਹਨ। ਸਾਊ ਲੋਕ ਕਿਸੇ ਦੇ ਸਾਮ੍ਹਣੇ ਨੌਕਰਾਂ ਜਾਂ ਬੱਚਿਆਂ ਨੂੰ ਉੱਚੀ-ਉੱਚੀ ਨਹੀਂ ਕੋਸਦੇ, ਨਾ ਹੀ ਘਰ ਦੇ ਝਗੜੇ ਛੇੜ ਬਹਿੰਦੇ ਹਨ। ਪ੍ਰਾਹੁਣੇ ਦੇ ਸਾਮ੍ਹਣੇ ਕਿਸੇ ਨੂੰ ਗੁੱਸੇ ਹੋਣਾ ਪ੍ਰਾਹੁਣੇ ਦੀ ਨਿਰਾਦਰੀ ਕਰਨਾ ਹੈ। ਕਿਸੇ ਦੇ ਮੂੰਹ ਉਤੇ ਉਸ ਦੀ ਸਿਫ਼ਤ ਕਰਨਾ ਉਸ ਨੂੰ ਸ਼ਰਮਿੰਦਾ ਕਰਨਾ ਹੈ। ਇਸ ਲਈ ਇਹ ਕਮੀਨਗੀ ਵਿਚ ਸ਼ਾਮਲ ਹੈ। ਬਿਨਾਂ ਕੰਮ ਦੇ ਕਿਸੇ ਪਾਸ ਬਹਿ ਰਹਿਣਾ, ਲੰਮੀਆਂ ਗੱਲਾਂ ਕਰਕੇ ਵਕਤ ਗੁਆਉਣਾ, ਤੇ ਉਸ ਨੂੰ ਮੁੜ-ਮੁੜ ਘੜੀ ਕੱਢ ਕੇ ਦਿਖਾਉਣਾ ਤੇ ਮਜਬੂਰ ਕਰਨਾ ਚੰਗਾ ਨਹੀਂ। ਜਦ ਕਿਸੇ ਪਾਸ ਜਾਈਏ, ਤਾਂ ਜਦ ਤਕ ਉਹ ਆਪੇ ਕੁਰਸੀ ਨਾ ਦਏ ਜਾਂ ਬੈਠਣ ਲਈ ਨਾ ਕਹੇ ਤਦ ਤਕ ਬੈਠਣਾ ਨਹੀਂ ਚਾਹੀਦਾ। (ਕਈ ਤਾਂ ਐਸੇ ਅੜਬ ਜਾਂ ਆਕੜਖਾਨ ਹੁੰਦੇ ਹਨ ਕਿ ਚਿਰਾਂ ਤਾਈਂ ਖੜੇ ਰਹੋ ਤਾਂ ਭੀ ਉਹ ਬਹਿਣ ਲਈ ਨਹੀਂ ਕਹਿੰਦੇ। ਆਪਣੀ ਅਫ਼ਸਰੀ ਇਸੇ ਵਿਚ ਸਮਝਦੇ ਹਨ।) ਆਪਣੇ ਵਤਨੀ ਭਰਾ ਨਾਲ ਆਪਣੀ ਮਾਦਰੀ ਬੋਲੀ ਛੱਡ ਕੇ ਕਿਸੇ ਹੋਰ ਬੋਲੀ ਵਿਚ ਗੱਲ ਬਾਤ ਕਰਨੀ ਇਕ ਤਰ੍ਹਾਂ ਦਾ ਦਿਖਾਵਾ ਹੈ, ਜੋ ਸਾਊ ਆਦਮੀਆਂ ਨੂੰ ਨਹੀਂ ਜਚਦਾ। ਜਦ ਸਭਾ ਲੱਗੀ ਹੋਵੇ, ਤਾਂ ਦੇਰ ਨਾਲ ਆਉਣਾ ਚੰਗਾ ਨਹੀਂ। ਜਦ ਆਓ ਤਾਂ ਖਿਮਾ ਮੰਗ ਕੇ ਬੈਠੋ। ਜਿਹੜਾ ਆਦਮੀ ਗੱਲ ਬਾਤ ਕਰ ਰਿਹਾ ਹੈ, ਉਸ

ਨੂੰ ਚਾਹੀਦਾ ਹੈ ਕਿ ਨਵੇਂ ਆਏ ਸੱਜਣ ਲਈ ਜੋ ਕੁਝ ਕਿਹਾ ਜਾ ਚੁੱਕਾ ਹੈ ਜਾਂ ਜੋ ਕੁਝ ਨਜਿਠਿਆ ਜਾ ਚੁਕਾ ਹੈ, ਉਸ ਦਾ ਸਾਰ-ਅੰਸ਼ ਸੁਣਾ ਦੇਵੇ। ਸੁਣਨ ਵਾਲਿਆਂ ਨੂੰ ਉਬਾਸੀਆਂ ਨਹੀਂ ਲੈਣੀਆਂ ਚਾਹੀਦੀਆਂ, ਕਿਉਂਕਿ ਜਿਵੇਂ ਘੜੀ ਦਸਣ ਨਾਲ ਮਿਲਣ ਆਇਆ ਆਦਮੀ ਚਲੇ ਜਾਣ ਤੇ ਮਜ਼ਬੂਰ ਹੁੰਦਾ ਹੈ, ਤਿਵੇਂ ਸਰੋਤਿਆਂ ਨੂੰ ਉਬਾਸੀਆਂ ਲੈਂਦਿਆਂ ਦੇਖ ਕੇ ਲੈਕਚਰਾਰ ਨੂੰ ਆਪਣਾ ਲੈਕਚਰ ਬੰਦ ਕਰਨ ਦੀ ਸੂਚਨਾ ਹੁੰਦੀ ਹੈ। ਜਾਣ ਲਗਿਆਂ ਆਗਿਆ ਲੈ ਕੇ ਬਾਹਰ ਜਾਣਾ ਚਾਹੀਦਾ ਹੈ। ਕਿਸੇ ਦੇ ਅੰਗ ਨੂੰ ਛੋਹਣ ਲਗੋ ਜਾਂ ਕਪੜੇ ਨੂੰ ਪੈਰ ਲੱਗ ਜਾਵੇ ਤਾਂ ਖਿਮਾ ਮੰਗ ਲੈਣੀ ਚਾਹੀਦੀ ਹੈ। ਕਿਸੇ ਨੂੰ ਸਿਰ ਨੰਗੇ ਜਾਂ ਅਧੜ-ਵੰਝੇ ਨਹੀਂ ਮਿਲਣਾ ਚਾਹੀਦਾ। ਜੇ ਸਰੀਰ ਅੱਧ-ਕੱਜਿਆ ਹੋਵੇ ਤਾਂ ਖਿਮਾਂ ਮੰਗ ਲੈਣੀ ਚਾਹੀਦੀ ਹੈ। ਸਭਾ ਸੁਸਾਇਟੀ ਵਿਚ ਬੈਠਣ ਲਗਿਆਂ ਕਮੀਜ਼ ਜਾਂ ਕੋਟ ਦੇ ਬਟਨ ਖੁਲ੍ਹੇ ਨਹੀਂ ਰਖਣੇ ਚਾਹੀਦੇ। ਬਜ਼ਾਰ ਵਿਚ ਜਾਂ ਆਮ ਪਬਲਕ ਥਾਂ ਤੇ ਖਾਣ ਪੀਣ ਲਈ ਮੂੰਹ ਮਾਰਦਾ ਆਦਮੀ ਚੰਗਾ ਨਹੀਂ ਲੱਗਦਾ। ਖਤ ਲਿਖਣ ਵੇਲੇ ਸੋਹਣੀ ਲਿਖਤ ਕਰਨੀ ਚਾਹੀਦੀ ਹੈ। ਛੇਤੀ-ਛੇਤੀ ਜਾਂ ਸ਼ਿਕਸਤਾ ਲਿਖਣਾ ਪੜ੍ਹਨ ਵਾਲੇ ਦੀ ਨਿਰਾਦਰੀ ਕਰਨਾ ਹੈ।

ਸਾਊ ਆਦਮੀ ਲੋਕਾਂ ਨੂੰ ਬਹੁਤ ਨਸੀਹਤਾਂ ਨਹੀਂ ਕਰਦਾ। ਇਹ ਭੀ ਗੁਸਤਾਖੀ ਗਿਣੀ ਜਾਂਦੀ ਹੈ। ਚੰਗਾ ਫਿਰ ਮੈਂ ਭੀ ਇਹ ਗੁਸਤਾਖੀ ਬੰਦ ਕਰਦਾ ਹਾਂ।

# ਵਿਹਲੀਆਂ ਗੱਲਾਂ

ਅੱਜਕਲ ਦੀ ਜ਼ਿੰਦਗੀ ਇਕ ਹੁੱਲੜ ਹੈ, ਵਾਵਰੋਲਾ ਹੈ। ਇਸ ਵਿਚ ਵਿਹਲ ਕਿਥੇ ? ਤੇ ਵਿਹਲੀਆਂ ਗੱਲਾਂ ਦਾ ਮੌਕਾ ਕਿਥੇ ? ਫਿਰ ਸਾਰੇ ਸਿਆਣੇ, ਧਾਰਮਕ ਲਿਖਾਰੀ ਤੇ ਸਮਾਜਕ ਆਗੂ ਇਸ ਗੱਲ ਦੇ ਵਿਰੁੱਧ ਹਨ ਕਿ ਕੋਈ ਸਮਾਂ ਗੱਪਾਂ ਵਿਚ ਬਿਤਾਇਆ ਜਾਏ। ਕਹਿੰਦੇ ਨੇ ਕਿ ਜਿਥੇ ਅਸਾਂ ਆਪਣੇ ਹਰ ਕਰਮ ਦਾ ਜਵਾਬ ਦੇਣਾ ਹੈ, ਉਥੇ ਹਰ ਕਥਨ ਦਾ ਭੀ ਗਿਣ-ਗਿਣ ਕੇ ਲੇਖਾ ਦੇਣਾ ਪਏਗਾ। ਇਸ ਲਈ ਹਰ ਆਦਮੀ ਨੂੰ ਆਪਣੀ ਜੀਭ ਨੂੰ ਲਗਾਮ ਦੇ ਕੇ ਰੱਖਣਾ ਚਾਹੀਦਾ ਹੈ। ਸਿਰਫ ਲੋੜ ਪਏ ਤੇ ਮੂੰਹ ਖੋਲ੍ਹਣਾ ਚਾਹੀਦਾ ਹੈ। ਜਦ ਮਤਲਬ ਦੀ ਗੱਲ ਪੂਰੀ ਹੋ ਗਈ ਤਾਂ ਝੱਟ ਜੰਦਾ ਲਾ ਕੇ ਚੁੱਪ ਵਟ ਲੈਣੀ ਚਾਹੀਦੀ ਹੈ। ਚੁੱਪ ਜਿਹੀ ਕੋਈ ਚੀਜ਼ ਨਹੀਂ। 'ਚੁੱਪ ਸੁਚਹਿਰੀ ਹੈ ਤੇ ਬੋਲ ਰੁਪਹਿਰੀ।' ਕਈਆਂ ਨੇ ਤਾਂ ਚੁੱਪ ਦੇ ਮਜ਼ਮੂਨ ਉਤੇ ਕਿਤਾਬਾਂ ਲਿਖ ਮਾਰੀਆਂ ਹਨ। ਇਹ ਤਾਂ ਇਉਂ ਹੋਇਆ, ਜਿਵੇਂ ਕੋਈ ਅਰਾਮ ਢੂੰਡਣ ਲਈ ਸੌ ਕੋਹ ਪੈਂਡਾ ਮਾਰ, ਜਾਂ ਵਰਤਾਂ ਦੀ ਤਿਆਰੀ ਲਈ ਰੋਟੀਆਂ ਦਾ ਕੋਠਾ ਭਰ ਲਵੇ। ਚੁੱਪ ਦੇ ਇਤਨੇ ਗੁਣ ਗਾਏ ਹਨ ਕਿ ਹੁਣ ਹਰ ਇਕ ਸਿਆਣੇ ਆਦਮੀ ਨੂੰ ਚੁੱਪ ਦਾ ਅਭਿਆਸ ਕਰਨਾ ਪੈਂਦਾ ਹੈ। ਹਫਤੇ ਭਰ ਦੇ ਲੈਕਚਰਾਂ ਤੇ ਇੰਟਰਵਿਊਆਂ ਮਗਰੋਂ ਮਹਾਤਮਾ ਗਾਂਧੀ ਨੂੰ ਪ੍ਰਾਸਚਿਤ ਵਜੋਂ ਇਕ ਦਿਨ ਮੌਨ ਵਰਤ ਰੱਖਣਾ ਪੈਂਦਾ ਸੀ। ਜਿਤਨਾ ਕੋਈ ਆਦਮੀ ਪਰਮਾਤਮਾ ਜਾਂ ਉੱਚੀ ਸ਼ਾਨ ਵਾਲਾ ਹੁੰਦਾ ਹੈ ਉਨਾ ਹੀ ਚੁੱਪੂ ਤੇ ਖੁਲ੍ਹੀਆਂ ਗੱਲਾਂ ਕਰਨ ਤੋਂ ਸੰਗਣ ਵਾਲਾ ਹੁੰਦਾ ਹੈ। ਉਸ ਨੂੰ ਹਰ ਵਕਤ ਖਤਰਾ ਰਹਿੰਦਾ ਹੈ ਕਿ ਮੇਰੀ ਕਿਸੇ ਗੱਲ ਤੋਂ ਕੋਈ ਗਲਤ ਫ਼ਾਇਦਾ ਨਾ ਉਠਾ ਲਵੇ। ਨਾਲ ਕਈ ਵੱਡੇ ਨਿਰੇ ਧਨ ਕਰਕੇ ਜਾਂ ਪਦਵੀ ਕਰਕੇ ਵੱਡੇ ਹੁੰਦੇ ਹਨ। ਉਨ੍ਹਾਂ ਵਿਚ ਕੋਈ ਗੁਣ ਵੱਡਾ ਨਹੀਂ ਹੁੰਦਾ। ਇਸ ਲਈ ਉਹ ਆਪਣਾ ਕੰਮ ਪ੍ਰਾਈਵੇਟ ਸਕੱਤ੍ਰਾਂ ਰਾਹੀਂ ਟਪਾ ਲੈਂਦੇ ਹਨ ਅਤੇ ਲੋਕਾਂ ਨੂੰ

ਸਾਮ੍ਹਣਿਉਂ ਮੱਥੇ ਤੇ ਘੂਰੀ ਪਾਉਂਦੇ ਜਾਂ ਮੁੱਛਾਂ ਨੂੰ ਤਾਅ ਦੇਂਦੇ ਲੰਘ ਜਾਂਦੇ ਹਨ। ਫ਼ਾਰਸੀ ਦੇ ਅਖਾਣ ਮੂਜਬ, ਜਦ ਤੋੜੀ ਓਹ ਮੂੰਹ ਖੋਲ੍ਹ ਕੇ ਗੱਲ ਨਹੀਂ ਕਰਦੇ, ਤਦ ਤੋੜੀ ਉਨ੍ਹਾਂ ਅੰਦਰ ਗੁਣ ਔਗੁਣ ਛੁਪੇ ਰਹਿੰਦੇ ਹਨ।

ਜੇ ਉਨ੍ਹਾਂ ਅੰਦਰ ਗੁਣ ਹੋਣ ਭੀ, ਤਾਂ ਭੀ ਜ਼ਰੂਰੀ ਨਹੀਂ ਕਿ ਉਹ ਦਸ ਸਕਣ। ਕਿਉਂਕਿ ਗੱਲਬਾਤ ਕਰਨ ਦਾ ਵੱਲ ਹਰ ਇਕ ਨੂੰ ਨਹੀਂ ਆਉਂਦਾ। ਆਮ ਲੋਕੀ ਤਾਂ ਸੰਗਲ ਫੜ ਕੇ ਨਹਾ ਛਡਦੇ ਹਨ। ਖੁਲ੍ਹਦੀ ਤਾਰੀ ਕੋਈ ਹੀ ਲਾਉਂਦਾ ਹੈ। ਪਰ ਜਦ ਤਕ ਕੋਈ ਆਦਮੀ ਖੁਲ੍ਹ ਕੇ ਗੱਲ ਨਾ ਕਰੇ ਉਸ ਦੇ ਦਿਲ ਦਾ ਰੌਂ ਪਤਾ ਨਹੀਂ ਲਗ ਸਕਦਾ।

ਆਮ ਕਰਕੇ ਵੱਡਿਆਂ ਦੇ ਦਿਲ ਤਕ ਪਹੁੰਚਣਾ ਔਖਾ ਹੁੰਦਾ ਹੈ। ਲੋਕੀਂ ਕਹਿੰਦੇ ਹਨ ਕਿ ਬੋਲੀ ਅੰਦਰ ਦਾ ਭਾਵ ਜ਼ਾਹਰ ਕਰਨ ਵਾਸਤੇ ਬਣੀ ਹੈ (ਵਿਆਕਰਣ ਦੇ ਮੁੱਢਲੇ ਭਾਗ ਵਿਚ ਇਉਂ ਹੀ ਪੜ੍ਹੀਦਾ ਹੈ), ਪਰ ਅਸਲ ਵਿਚ ਜੋ ਗੱਲ ਦੇਖੀ ਜਾਂਦੀ ਹੈ ਉਹ ਇਹ ਹੈ ਕਿ ਅੱਜਕਲ ਬੋਲੀ ਬਹੁਤ ਕਰਕੇ ਦਿਲ ਦੇ ਭਾਵ ਨੂੰ ਲੁਕਾਣ ਲਈ ਵਰਤੀ ਜਾਂਦੀ ਹੈ। ਵੱਡਿਆਂ ਦੇ ਚਿਹਰੇ ਨੂੰ ਦੇਖ ਕੇ ਹੀ ਅਨੁਮਾਨ ਲਾਉਣਾ ਔਖਾ ਹੁੰਦਾ ਹੈ। ਚਿਹਰਾ ਕੀ ਹੁੰਦਾ ਹੈ ਦਿਲ ਦੇ ਬੂਹੇ ਤੇ ਪਿਆ ਇਕ ਪਰਦਾ, ਜਿਸ ਦੇ ਰੰਗ ਬਰੰਗੇ ਚਿੱਤਰਾਂ ਤੋਂ ਅੰਦਰ ਦਾ ਅਸਲੀ ਹਾਲ ਲੱਭਣਾ ਔਖਾ ਹੁੰਦਾ ਹੈ। ਇਹੋ ਜਿਹੇ ਆਦਮੀ ਦੀ ਹਰ ਗੱਲ, ਹਰ ਹਰਕਤ, ਰਸਮੀ ਹੋਵੇਗੀ। ਜੇ ਕਿਤੇ ਉਹ ਆਪਣੇ ਅਸਲੀ ਰੂਪ ਵਿਚ ਦੇਖਿਆ ਜਾ ਸਕਦਾ ਹੈ ਤਾਂ ਕੇਵਲ ਉਸ ਵੇਲੇ ਜਦ ਉਹ ਆਪਣੇ ਦੋ ਚਾਰ ਮਿੱਤਰਾਂ ਨਾਲ ਅੰਦਰਖ਼ਾਨੇ ਬਹਿ ਕੇ ਵਿਹਲੀਆਂ ਗੱਪਾਂ ਮਾਰ ਰਿਹਾ ਹੁੰਦਾ ਹੈ। ਉਸ ਵੇਲੇ ਉਸ ਦੇ ਮੂੰਹ ਤੋਂ, ਦਿਲ ਤੋਂ, ਬੋਲੀ ਤੋਂ ਪਰਦਾ ਲਹਿ ਗਿਆ ਹੁੰਦਾ ਹੈ ਤੇ ਉਹ ਪਲ ਛਿਨ ਲਈ ਆਪਣੇ ਆਪ ਨੂੰ ਹਊ ਬਹੂ ਕਰ ਰਿਹਾ ਹੁੰਦਾ ਹੈ।

ਇਸ ਪੈਂਤੜੇ ਤੋਂ ਦੇਖੀਏ ਤਾਂ ਵਿਹਲੀਆਂ ਗੱਪਾਂ ਲੈਕਚਰਾਂ ਤੇ ਉਪਦੇਸ਼ਾਂ ਕੋਲੋਂ ਵਧੇਰੇ ਨਰੋਲ ਤੇ ਸਚ-ਪਰਖਾਊ ਹੁੰਦੀਆਂ ਹਨ, ਕਿਉਂਕਿ ਲੈਕਚਰ, ਕਥਾ ਜਾਂ ਬਹਿਸ ਕਰਨ ਵਾਲਾ ਆਦਮੀ ਇਕ ਰਸਮੀ ਚੋਗਾ ਆਪਣੇ ਮਨ ਤੇ ਬੋਲੀ ਉਤੇ ਪਾ ਲੈਂਦਾ ਹੈ, ਜਿਸ ਦੇ ਹੇਠਾਂ ਉਸ ਦਾ ਆਪਣਾ ਅਸਲਾ ਛੁਪਿਆ ਰਹਿੰਦਾ ਹੈ। ਪਰ ਓਹੀ ਆਦਮੀ ਜਦ ਨਵੇਕਲਾ ਬਹਿ ਕੇ ਕਿਸੇ ਨਾਲ ਖੁਲ੍ਹੀਆਂ

ਗੱਲਾਂ ਕਰਦਾ ਹੈ ਤਾਂ ਉਸ ਦਾ ਅੰਦਰਲਾ ਵਧੇਰੇ ਨਿਖਰ ਕੇ, ਸਭ ਸੁਕੜੇਵੇਂ ਤੇ ਦਿਖਾਵੇ ਦੂਰ ਕਰ ਕੇ ਪ੍ਰਤੱਖ ਹੁੰਦਾ ਹੈ। ਉਸ ਵੇਲੇ ਉਸ ਦੀ ਸਾਰੀ ਸ਼ਖਸੀਅਤ ਖਿੜ ਕੇ ਬਾਹਰ ਆਉਂਦੀ ਹੈ। ਇਹ ਸ਼ਖਸੀਅਤ ਉਸਦੀ ਆਪਣੀ ਹੁੰਦੀ ਹੈ। ਇਸ ਵਿਚ ਕਿਸੇ ਹੋਰ ਦਾ ਰਲਾ ਨਹੀਂ ਹੁੰਦਾ। ਬੋਲੀ ਭੀ ਉਸ ਵੇਲੇ ਸੁਤੰਤਰ, ਨਿਰੋਲ ਅਤੇ ਸਭ ਬਣਾਵਟਾਂ ਤੋਂ ਬਰੀ ਹੁੰਦੀ ਹੈ। ਉਹ ਕਿਸੇ ਉਤੇ ਖਾਸ ਅਸਰ ਪਾਉਣ ਲਈ 'ਚਰਨਾਬਿੰਦ ਮੁਖਾਰਬਿੰਦ', 'ਦੋਹਾਂ ਜਹਾਨਾਂ ਦੇ ਵਾਲੀ', 'ਜਗਤ', 'ਰਖਿਅਕ', ਆਦਿ ਰਸਮੀ, ਇਸਤਲਾਹਾਂ ਵਰਤਣ ਤੇ ਮਜ਼ਬੂਰ ਨਹੀਂ ਹੁੰਦਾ। ਉਹ 'ਸੀਤਲ ਜਲ ਛਕਦੇ ਹਨ' ਨਹੀਂ ਕਹਿੰਦਾ, ਬਲਕਿ ਠੰਡਾ ਪਾਣੀ ਪੀਓ, ਜਹੇ ਸਾਧਾਰਨ ਵਾਕ ਵਰਤਦਾ ਹੈ।

ਕਈ ਸੱਜਣ ਆਪਣੇ ਖਿਆਲ ਨੂੰ ਲੈਕਚਰ ਦੀ ਸ਼ਕਲ ਵਿਚ ਜ਼ਾਹਰ ਕਰਨੋਂ ਝਿਜਕਦੇ ਹਨ। ਜੇ ਔਖੇ ਸੌਖੇ ਹੋ ਕੇ ਖੜ੍ਹੇ ਹੋ ਵੀ ਜਾਣ ਤਾਂ ਉਨ੍ਹਾਂ ਦੇ ਖ਼ਿਆਲ ਦੀ ਸੰਗਲੀ ਟੁੱਟ-ਟੁੱਟ ਪੈਂਦੀ ਹੈ, ਅਤੇ ਬੋਲੀ ਭੀ ਰਸਮੀ ਵਹਾ ਵਿਚ ਵਹਿਣ ਤੋਂ ਸੰਗਦੀ ਹੈ। ਪਰ ਜਦ ਉਹ ਵਿਹਲੇ ਬਹਿ ਕੇ ਗੱਲਾਂ ਕਰਨ ਲੱਗਣ ਤਾਂ ਬਹੁਤ ਸੁਚੱਜਾ ਅਸਰ ਪਾਉਂਦੇ ਹਨ। ਕਈ ਵਾਰੀ ਡੂੰਘੇ ਖ਼ਿਆਲਾਂ ਵਾਲੇ ਜਾਂ ਬਹੁਤ ਪਿਘਲਦੇ ਜਜ਼ਬੇ ਵਾਲੇ ਲੋਕ ਆਪਣੇ ਆਪ ਨੂੰ ਬੁਝਵੇਂ ਵਖਿਆਨਾਂ ਰਾਹੀਂ ਨਹੀਂ ਜ਼ਾਹਰ ਕਰ ਸਕਦੇ। ਪਰ ਨਿਜੀ ਤੌਰ ਤੇ ਆਪਣੇ ਸੰਗੀਆਂ ਸਾਥੀਆਂ ਵਿਚ ਬੈਠੇ ਓਹ ਗੱਲਾਂ ਕਰ ਸਕਦੇ ਹਨ ਜਿਨ੍ਹਾਂ ਦਾ ਅਸਰ ਸਦੀਵੀ ਤੇ ਜੀਵਨ-ਪਲਟਾਊ ਹੁੰਦਾ ਹੈ। ਜਿਸ ਕਿਸੇ ਨੂੰ ਭਗਤ ਲਛਮਣ ਸਿੰਘ ਜੀ ਅਤੇ ਭਾਈ ਵੀਰ ਸਿੰਘ ਜੀ ਨਾਲ ਬਹਿ ਕੇ ਗੱਲਾਂ ਕਰਨ ਦਾ ਅਵਸਰ ਮਿਲਿਆ ਹੈ, ਓਹ ਦਸ ਸਕਦਾ ਹੈ ਕਿ ਪ੍ਰਾਈਵੇਟ ਗੱਲਬਾਤ ਕਰਨ ਵਿਚ ਕਿਤਨੀ ਕਰਾਮਾਤੀ ਸ਼ਕਤੀ ਹੋ ਸਕਦੀ ਹੈ। ਇਨ੍ਹਾਂ ਆਪਣੀਆਂ ਲਿਖਤਾਂ ਦੁਆਰਾ ਜਿੰਨਾ ਅਸਰ ਲੋਕਾਂ ਦੇ ਆਚਰਣ ਬਣਾਉਣ ਵਿਚ ਕੀਤਾ ਹੈ ਉਸ ਤੋਂ ਜ਼ਿਆਦਾ ਅਸਰ ਇਨ੍ਹਾਂ ਦੀਆਂ ਗੱਲਾਂ ਦਾ ਹੋਇਆ ਹੈ। ਭਗਤ ਜੀ ਨੇ ਪਿੰਡੀ ਤੋਂ ਸੈਦਪੁਰ ਨੂੰ ਜਾਂਦੀ ਸੜਕ ਉਤੇ ਸੈਰ ਕਰਦਿਆਂ ਆਪਣੀਆਂ ਅਮੁੱਕ ਗੱਲਾਂ ਨਾਲ ਕਿਤਨਿਆਂ ਨੌਜਵਾਨਾਂ ਦੇ ਦਿਲਾਂ ਵਿਚ ਦਸਮੇਸ਼ ਜੀ ਲਈ ਸ਼ਰਧਾ ਭਰੀ, ਪੰਥਕ ਸੇਵਾ ਲਈ ਉਤਸ਼ਾਹ ਦਿੱਤਾ ਤੇ ਕੌਸ ਕੇ, ਪੁਚਕਾਰ ਕੇ, ਕੁਰਾਹੋਂ ਰਾਹੇ ਪਾਇਆ। ਭਾਈ ਵੀਰ ਸਿੰਘ ਜੀ ਦੇ ਆਪਣੇ ਸੋਹਣੇ ਬਾਗ ਦੇ ਕੋਮਲ ਦੁਆਲੇ ਵਿਚ ਬਹਿ ਕੇ, ਆਪਣੀਆਂ ਗੱਲਾਂ ਦੀ ਮੀਂਹ

ਵਾਂਗੂ ਕਿਣ-ਮਿਣ ਲਾ ਕੇ, ਕਿਤਨਿਆਂ ਦੇ ਜੀਵਨ ਵਿਚ ਰਸ ਭਰਿਆ, ਸੁਗੰਧਤ ਕੀਤਾ ਤੇ ਕੋਮਲ ਬਣਾਇਆ।

ਇਸੇ ਤਰ੍ਹਾਂ ਹਰ ਸ਼ਹਿਰ, ਹਰ ਪਿੰਡ ਵਿਚ ਕੁਝ ਕੁ ਆਦਮੀ ਹੁੰਦੇ ਹਨ, ਜੋ ਕਿਤਾਬਾਂ ਤਾਂ ਨਹੀਂ ਲਿਖਦੇ ਤੇ ਨਾ ਕਿਧਰੇ ਖੜੋ ਕੇ ਲੈਕਚਰ ਕਰਦੇ ਹਨ, ਪਰ ਪਰ੍ਹੇ ਵਿਚ ਬਹਿ ਕੇ ਜੋ ਅਸਰ ਓਹ ਆਪਣੀਆਂ ਗੱਲਾਂ ਨਾਲ ਪਾਉਂਦੇ ਹਨ, ਉਸ ਦੇ ਨਾਲ ਦਾ ਅਸਰ ਪਿੰਡ ਦਾ ਗ੍ਰੰਥੀ, ਪੰਡਤ ਜਾਂ ਮੁੱਲਾਂ ਭੀ ਨਹੀਂ ਪਾ ਸਕਦਾ। ਗੁਰਦੁਆਰਿਆਂ, ਮੰਦਰਾਂ ਤੇ ਮਸੀਤਾਂ ਵਿਚ ਜੋ ਕੁਝ ਥੋਕ ਕਰਕੇ ਵਿਕਦਾ ਹੈ, ਇਥੇ ਪਰਚੂਨ ਕਰਕੇ ਵਿਹਾਜਿਆ ਜਾਂਦਾ ਹੈ ਜੋ ਉਥੇ ਖ਼ਰਾਸ ਵਾਂਗੂ ਦਰਾਗ਼ਿਆ ਜਾਂਦਾ ਹੈ ਇਥੇ ਚੱਕੀ ਵਾਂਗੂ ਮਹੀਨ ਪੀਠਾ ਜਾਂਦਾ ਹੈ, ਜਾਂ ਇਉਂ ਕਹੋ ਕਿ ਜੋ ਉਥੇ ਬਿਨਾਂ ਸੋਚੇ ਸਮਝੇ ਨਿਗਲਿਆ ਜਾਂਦਾ ਹੈ, ਉਹ ਇਥੇ ਉਗਾਲੀ ਕਰ ਕੇ ਪਚਾਇਆ ਜਾਂਦਾ ਹੈ। ਇਹ ਇਕ ਪਾਰਲੀਮਿੰਟ ਹੈ ਜੋ ਹਰ ਥਾਂ ਹਰ ਵੇਲੇ ਲੱਗੀ ਰਹਿੰਦੀ ਹੈ, ਇਸ ਵਿਚ ਆਮ ਰਾਇ ਬਣਦੀ, ਵੱਡੀਆਂ-ਵੱਡੀਆਂ ਗੱਲਾਂ ਦੇ ਫ਼ੈਸਲੇ ਹੁੰਦੇ, ਕੌਮਾਂ ਉਸਰਦੀਆਂ, ਨਿਸਰਦੀਆਂ ਤੇ ਢਹਿੰਦੀਆਂ ਹਨ। ਕੌਂਸਲਾਂ ਤੇ ਅਸੈਂਬਲੀਆਂ ਵਿਚ ਜਾ ਕੇ ਮਤੇ ਪਿੱਛੋਂ ਪਾਸ ਹੁੰਦੇ ਹਨ, ਪਰ ਪਹਿਲਾਂ ਓਹ ਮਤੇ ਇਥੇ ਬਣਦੇ, ਵੋਟਾਂ ਦੀ ਤਿਆਰੀ ਹੁੰਦੀ ਤੇ ਪਾਸ ਫ਼ੇਲ੍ਹ ਕਰਨ ਦੇ ਮਨਸੂਬੇ ਬੱਝਦੇ ਹਨ। ਜੋ ਖ਼ਿਆਲ ਅੰਤਮ ਸ਼ਕਲ ਵਿਚ ਅਖ਼ਬਾਰਾਂ, ਮੈਗ਼ਜ਼ੀਨਾਂ ਤੇ ਕਿਤਾਬਾਂ ਵਿਚ ਪ੍ਰਕਾਸ਼ਤ ਹੁੰਦੇ ਹਨ, ਪਹਿਲਾਂ ਵਿਹਲੀਆਂ ਗੱਲਾਂ ਦੀ ਸ਼ਕਲ ਵਿਚ ਇਧਰ ਉਧਰ ਗੇੜੇ ਲਾਉਂਦੇ ਰਹਿੰਦੇ ਹਨ। ਜਦ ਓਹ ਇਸ ਛੱਜ ਵਿਚੋਂ ਛਟ ਛਟੀ ਕੇ ਸਾਫ਼ ਹੋ ਕੇ ਸਾਰੀ ਜਨਤਾ ਦੇ ਸਾਮ੍ਹਣੇ ਆਉਂਦੇ ਹਨ ਤਾਂ ਵਧੇਰੇ ਪ੍ਰਮਾਣੀਕ ਗਿਣੇ ਜਾਂਦੇ ਹਨ। ਪਰ ਕੀ ਇਹ ਛਟਣ ਛਟਾਣ ਵਾਲਾ ਕੰਮ ਨਿਰਕੰਮਾ ਹੈ? ਇਸ ਤੋਂ ਬਿਨਾਂ ਕੋਈ ਖ਼ਿਆਲ, ਕੋਈ ਰਾਇ ਪੱਕੀ ਨਹੀਂ ਹੋ ਸਕਦੀ, ਅਤੇ ਜੋ ਉਸਾਰੀ ਕੌਮ ਦੀ ਜਾਂ ਇਸ ਦੇ ਕੰਮਾਂ ਦੀ ਹੋਵੇਗੀ ਉਹ ਕੱਚੀ ਪਿਲੀ ਜਾਂ ਛੇਤੀ ਬਦਲਣ ਵਾਲੀ ਹੋਵੇਗੀ। ਇਹ ਇਕ ਸਕੂਲ ਹੈ ਜਿਸ ਵਿਚ ਅਕਬਰ, ਰਣਜੀਤ ਸਿੰਘ, ਡਿਕਸਨ, ਟੈਗੋਰ, ਬ੍ਰਾਊਨਿੰਗ ਆਦਿ ਮਹਾਂਪੁਰਖ ਪੜ੍ਹੇ।

ਆਮ ਗੱਲ ਬਾਤ ਉਤੇ ਕੋਈ ਕਾਪੀ-ਰਾਈਟ ਦਾ ਦਾਵਾ ਨਹੀਂ ਹੁੰਦਾ। ਜਿਹੜਾ ਭੀ ਖ਼ਿਆਲ ਚੰਗਾ ਲੱਗੇ ਉਹੋ ਤੁਸੀਂ ਲੈ ਕੇ ਆਪਣੀ ਬਣਾ ਸਕਦੇ ਹੋ।

ਕੋਈ ਨੁਕਤਾ ਜਾਂ ਪੜਚੋਲੀਆ ਤੁਹਾਡੇ ਖ਼ਿਆਲਾਂ ਦੇ ਸੋਮੇ ਲੱਭ ਕੇ ਤੁਹਾਨੂੰ ਚੋਟ ਨਹੀਂ ਆਖ ਸਕਦਾ।

ਇਸ ਵਿਚ ਅਜ਼ਾਦੀ ਪੂਰੀ ਪੂਰੀ ਹੈ। ਨਾ ਇਸ ਵਿਚ ਖ਼ੁਫ਼ੀਆ ਪੁਲਸ ਦਾ ਡਰ, ਨਾ ਕਿਸੇ ਕਾਨੂੰਨ ਨੂੰ ਉਲੰਘਣ ਦਾ। (ਘਰ ਬੈਠ ਜੁ ਇਕ ਦੋ ਨਾਲ ਗੱਲ ਕਰਨੀ ਹੋਈ।) ਕਿਤਾਬ ਲਿਖਣ ਲਈ ਹਜ਼ਾਰ ਪਿਟਣੇ ਕਰਨੇ ਪੈਂਦੇ ਹਨ। ਪਹਿਲਾਂ ਮਸਾਲਾ ਇਕੱਠਾ ਕਰਨਾ ਹੈ, ਫਿਰ ਉਸ ਨੂੰ ਸੋਧ ਕੇ ਇਉਂ ਛਾਪਣਾ ਕਿ ਕੋਈ ਗਲਤੀ ਨਾ ਪਕੜ ਸਕੇ, ਫਿਰ ਸੱਜਣਾ ਮਿੱਤਰਾਂ ਦੀਆਂ ਨਰਾਜ਼ਗੀਆਂ, ਲੋਕਾਂ ਦੇ ਵਹਿਮਾਂ ਤੇ ਕਾਨੂੰਨ ਦੀਆਂ ਪਕੜਾਂ ਤੋਂ ਬਚਣਾ। ਜ਼ਬਾਨੀ ਗੱਲ ਕਥ ਕਰਨ ਵਿਚ ਇਹ ਪੜਾਵੇ, ਇਹ ਸੋਘਾ, ਇਹ ਰੁਕਾਵਟਾਂ ਨਹੀਂ ਹੁੰਦੀਆਂ, ਇਸ ਲਈ ਇਸ ਵਿਚ ਵਧੇਰੇ ਖੁਲ੍ਹ ਹੁੰਦੀ ਹੈ, ਜਿਸ ਵਿਚ ਵਧੇਰੇ ਅਪਣੱਤ, ਵਧੇਰੇ ਨੇਕ-ਨੀਤੀ, ਵਧੇਰੇ ਦਿਆਨਤਦਾਰੀ ਵਰਤਣ ਦਾ ਅਵਸਰ ਮਿਲਦਾ ਹੈ।

ਜੇ ਇਸ ਖੁਲ੍ਹ ਦੀ ਵਰਤਣ ਦੀ ਜਾਚ ਜਾਂ ਜ਼ੁੰਮੇਂਵਾਰੀ ਨਾ ਹੋਵੇ ਤਾਂ ਇਹ ਖੁਲ੍ਹ ਬਹੁਤ ਖਹੂੰਦ ਮਚਾਂਦੀ ਹੈ। ਆਪ ਹੁਦਰਾ ਆਦਮੀ ਗੱਪ ਸ਼ਪ ਨੂੰ ਵੈਰ ਕੱਢਣ ਦਾ ਸਾਧਨ ਬਣਾ ਲੈਂਦਾ ਹੈ। ਉਹ ਲੋਕਾਂ ਦੀ ਨਿੰਦਾ ਚੁਗਲੀ ਕਰਦਾ ਘਰ ਨੂੰ ਘਰ ਤੋਂ ਪਾੜਦਾ, ਦੋਸਤਾਂ ਮਿੱਤਰਾਂ ਵਿਚ ਗ਼ਲਤ ਫਹਿਮੀਆਂ ਪਾ ਕੇ ਨਿਖੇੜਦਾ ਤੇ ਸਾਰੇ ਭਾਈਚਾਰੇ ਵਿਚ ਕੁਰੱਸਤ ਗੁੰਝਲਾਂ ਪਾ ਦਿੰਦਾ ਹੈ। ਪਰ ਗੱਪੀ ਹੋਣ ਕਰਕੇ ਉਸ ਦੇ ਅੰਦਰ ਔਗੁਣ ਛੇਤੀ ਬਾਹਰ ਆ ਜਾਂਦੇ ਹਨ। ਲੋਕੀ ਉਸ ਨੂੰ ਪਛਾਣ ਕੇ ਜਾਂ ਤਾਂ ਉਸ ਵੇਲੇ ਕੁਟ ਕੁਟਾ ਕਰਕੇ ਸੋਧ ਲੈਂਦੇ ਹਨ, ਜਾਂ ਉਸ ਤੋਂ ਦੂਰ ਰਹਿ ਕੇ ਉਸ ਤੋਂ ਪਿੱਛਾ ਛੁੜਾ ਲੈਂਦੇ ਹਨ।

ਖੁਲ੍ਹੀਆਂ ਗੱਲਾਂ ਕਰਨ ਦਾ ਵੀ ਇਕ ਹੁਨਰ ਹੈ, ਜੋ ਹਰ ਕਿਸੇ ਨੂੰ ਨਹੀਂ ਆਉਂਦਾ। ਇਸ ਨੂੰ ਕਾਮਯਾਬੀ ਨਾਲ ਨਿਭਾਉਣ ਲਈ ਕਈ ਗੁਣਾਂ ਦੀ ਲੋੜ ਹੈ। ਸਭਤੋਂ ਪਹਿਲੀ ਲੋੜ ਇਸ ਗੱਲ ਦੀ ਹੈ ਕਿ ਗੱਲ ਕਰਨ ਵਾਲਾ ਹਸਮੁਖ ਹੋਵੇ, ਉਸ ਦੇ ਦਿਲ ਵਿਚ ਲੰਮੇ ਲੰਮੇ ਵੈਰ ਨਾ ਹੋਣ। ਉਸ ਦੀ ਆਮ ਵਾਕਫ਼ੀ ਤੇ ਤਜਰਬਾ ਬਹੁਤ ਹੋਵੇ, ਜੋ ਬਹੁਤ ਕਰ ਕੇ ਸਫ਼ਰ ਕਰਨ ਤੇ ਦੇਸ਼ਾਂ ਵਿਚ ਭਉਣ ਚਉਣ ਤੋਂ ਮਿਲਦਾ ਹੈ। ਸ਼ਾਇਦ ਇਸੇ ਲਈ ਗੁਰੂ ਨਾਨਕ ਜੀ ਨੇ ਕਿਹਾ ਹੈ : 'ਬਹੁ ਤੀਰਥ ਭਵਿਆ ਤੇਤੋ ਲਵਿਆ।" ਜੋ ਕੁਝ ਆਲੇ-ਦੁਆਲੇ ਵਿਚ ਵਰਤ ਰਿਹਾ ਹੋਵੇ ਉਸ ਦੀ

ਪਛਾਣ ਰੱਖਦਾ ਹੋਵੇ ਨਹੀਂ ਤਾਂ ਉਸ ਦੀਆਂ ਗੱਲਾਂ, ਉਸ ਦੇ ਮਖੌਲ, ਇਕ ਦੋ ਵਾਰੀ ਦੁਹਰਾਏ ਜਾ ਕੇ ਬਾਸੀ ਜਿਹੇ ਲੱਗਣ ਲੱਗ ਪੈਣਗੇ। ਉਸ ਨੂੰ ਲੋਕਾਂ ਦੇ ਸੁਭਾਅ ਤੇ ਮੌਕਾ ਪਛਾਨਣ ਦੀ ਜਾਚ ਹੋਵੇ, ਲੋਕਾਂ ਦੀਆਂ ਆਮ ਰੁਚੀਆਂ ਨਾਲ ਹਮਦਰਦੀ ਹੋਵੇ ਅਤੇ ਆਪਣੀ ਰਾਇ ਤੇ ਦਲੀਲ ਉਤੇ ਹੱਠ ਨਾ ਕਰੇ, ਖਾਸ ਕਰਕੇ ਆਪਣੀ ਬੋਲੀ ਉਤੇ ਚੰਗਾ ਕਾਬੂ ਹੋਵੇ।

ਇਹੋ ਜਿਹਾ ਗੱਲਾਂ ਦਾ ਹੁਨਰਮੰਦ ਭਾਈਚਾਰੇ ਦਾ ਭੂਸ਼ਣ ਹੁੰਦਾ ਹੈ। ਲੋਕੀਂ ਸਿਖੇ ਸਿਖਾਏ ਵਿਹਲੀਆਂ ਗੱਲਾਂ ਨੂੰ ਐਵੇਂ ਪਏ ਨਿੰਦਣ, ਪਰ ਦਿਲੋਂ ਹਰ ਕੋਈ ਜਾਣਦਾ ਹੈ ਕਿ ਵਿਹਲੀਆਂ ਗੱਲਾਂ ਬਿਨਾ ਗੁਜ਼ਾਰਾ ਨਹੀਂ। ਅੱਜ ਕੱਲ੍ਹ ਦੀ ਘੁਟੀ ਹੋਈ ਚਲਦੀ ਦੁਨੀਆਂ ਵਿਚ ਜਿਥੇ ਇੰਨੇ ਦੁਖ ਤੇ ਰੁਝੇਵੇਂ ਹਨ, ਵਿਹਲੀਆਂ ਗੱਲਾਂ ਦਾ ਹੁਨਰ ਬਹੁਤ ਲਾਭਵੰਦਾ ਹੈ। ਕਾਰਖਾਨੇ ਵਿਚ ਕੰਮ ਕਰ ਕੇ ਥੱਕੇ ਟੁਟੇ ਮਜ਼ੂਰਾਂ ਦੀ ਥੱਕੀ ਹੋਈ ਤਬੀਅਤ ਲਈ ਇਕ ਤਰ੍ਹਾਂ ਦੀ ਮਲ੍ਹਮ ਹੈ। ਜੇ ਦਫ਼ਤਰੋਂ ਆਏ ਬਾਬੂ ਨੂੰ ਆਪਣੀ ਵਹੁਟੀ ਸਾਰੇ ਦਿਨ ਦੀਆਂ ਚੋਂਦੀਆਂ ਚੋਂਦੀਆਂ ਗੱਲਾਂ ਨਾ ਸੁਣਾਏ ਜਾਂ ਸ਼ਾਮ ਨੂੰ ਉਸ ਦਾ ਮਿਤਰ ਸੈਰ ਕਰਦੇ ਕਰਦੇ ਵਿਹਲੀਆਂ ਠੋਕ ਕੇ ਉਸ ਨੂੰ ਨਾ ਹਸਾਏ, ਤਾਂ ਉਸ ਵਿਚਾਰੇ ਦਾ ਥੋੜ੍ਹੇ ਦਿਨਾਂ ਵਿਚ ਹੀ ਘਾਣ ਹੋ ਜਾਏ।

ਜੇ ਕਿਸੇ ਸੰਬੰਧੀ ਦੇ ਘਰ ਮਰਨੇ ਉਤੇ ਜਾ ਕੇ ਪਰਚਾਉਣੀ ਕਰਨੀ ਪਏ ਤਾਂ ਲਕੀਰ ਦਾ ਫਕੀਰ ਤਾਂ ਆਪਣੇ ਸੰਬੰਧੀ ਨੂੰ ਮੌਤ ਚੇਤੇ ਕਰਾ ਕਰਾ ਕੇ ਉਸਦੇ ਅੱਲੇ ਘਾਉ ਇਉਂ ਉਚੇੜੇਗਾ, "ਵਿਚਾਰਿਆ! ਤੇਰਾ ਕੁਝ ਨਹੀਂ ਰਿਹਾ! ਤੇਰਾ ਹੁਣ ਜੀਣਾ ਕਿਸ ਅਰਥ?" ਪਰ ਜਿਹੜਾ ਆਦਮੀ ਸਮਝਦਾਰ ਹੈ, ਉਹ ਗੱਲਾਂ ਗੱਲਾਂ ਵਿਚ ਆਪਣੇ ਦੁਖੀ ਸੰਬੰਧੀ ਨੂੰ ਆਪਣੀ ਹਮਦਰਦੀ ਦਸ ਦਏਗਾ, ਪਰ ਉਮੈਦ ਵਾਲੀਆਂ, ਢਾਰਸ ਵਾਲੀਆਂ ਗੱਲਾਂ ਦੇ ਜ਼ਰੀਏ ਉਸਦੇ ਖ਼ਿਆਲ ਨੂੰ ਮੌਤ ਤੇ ਇਸਦੇ ਨਾਲ ਆਏ ਕਸ਼ਟਾਂ ਨੂੰ ਉਸ ਦੀਆਂ ਅੱਖਾਂ ਤੋਂ ਉਹਲੇ ਰੱਖਣ ਦੀ ਕੋਸ਼ਿਸ਼ ਕਰੇਗਾ। ਇਉਂ ਕਰਨ ਲਈ ਬਹੁਤ ਸਾਰੀਆਂ ਵਿਹਲੀਆਂ ਗੱਲਾਂ ਦੀ ਲੋੜ ਹੈ ਜੋ ਇਸ ਹੁਨਰ ਵਿਚ ਪ੍ਰਪੱਕ ਆਦਮੀ ਹੀ ਕਰ ਸਕਦਾ ਹੈ।

ਇਸੇ ਤਰ੍ਹਾਂ ਜਦ ਭੀ ਕੋਈ ਜ਼ਰੂਰੀ ਕੰਮ ਦੀ ਗੱਲ ਕਰਨ ਲੱਗੋ, ਤਾਂ ਭੂਮਿਕਾ ਦੇ ਤੌਰ ਤੇ ਕੁਝ ਚਿਰ ਆਸ ਪਾਸ ਦੀਆਂ ਵਿਹਲੀਆਂ ਗੱਲਾਂ ਕਰਨ ਦੀ ਲੋੜ ਹੁੰਦੀ ਹੈ ਕਿਸੇ ਮਿੱਤਰ ਪਾਸੋਂ (ਜੋ ਸ਼ਾਹੂਕਾਰ ਨਾ ਹੋਵੇ) ਉਧਾਰ ਲੈਣ ਜਾਓ ਤਾਂ ਤੁਹਾਨੂੰ ਹਜ਼ਾਰ

ਵੇਲਣੇ ਸਿਧੇ ਪੁਠੇ ਵੇਲਣੇ ਪੈਣਗੇ, ਤਦ ਜਾ ਕੇ ਅਸਲੀ ਮਜ਼ਮੂਨ ਵਲ ਆਉਗੇ। ਗੱਲ ਸ਼ੁਰੂ ਕਰਨੀ ਹੀ ਔਖੀ ਹੁੰਦੀ ਹੈ। ਜਦ ਇਕ ਵਾਰ ਗੱਲ ਰਿੜ੍ਹ ਪਏ ਤਾਂ ਖਿਦੋ ਵਾਂਗ ਖੇਡ ਜਾਰੀ ਰਹਿੰਦੀ ਹੈ। ਵਿਚ ਵਿਚਾਲੇ ਜਿਥੇ ਭੀ ਮੌਕਾ ਲੱਗ ਜਾਏ, ਆਪਣੇ ਮਤਲਬ ਦੀ ਗੱਲ ਠੇਲ੍ਹ ਦੇਈਦੀ ਹੈ :

"ਸੁਣਾ ਯਾਰ ! ਤੂੰ ਤਾਂ ਈਦ ਦਾ ਚੰਦ ਹੀ ਹੋ ਗਿਓਂ। ਕਿਥੇ ਰਹਿੰਦਾ ਏ ?"

"ਰਹਿਣਾ ਕੀ ਏ ? ਕਈ ਦਿਨਾਂ ਤੋਂ ਮੰਜੇ ਤੇ ਪਿਆ ਪਾਸੇ ਮਾਰਦਾ ਹਾਂ। ਗੋਡੇ ਵਿਚ ਜੁ ਦਰਦ ਆ ਨਿਕਲੀ ਐ।"

"ਹਾਂ ਜੀ ! ਧਨੀ ਲੋਕਾਂ ਦੀਆਂ ਬੀਮਾਰੀਆਂ ਵੀ ਆਰਾਮ ਵਾਲੀਆਂ ਹੁੰਦੀਆਂ ਨੇ। ਡਾਕਟਰ ਹੋ ਨਾ। ਲੋਕੀਂ ਮੰਜੇ ਤੇ ਪਿਆਂ ਨੂੰ ਭੀ ਆ ਦੁਆਈ ਪੁਛਦੇ ਨੇ ਤੇ ਫ਼ੀਸਾਂ ਪਏ ਦਿੰਦੇ ਨੇ। ਜੇ ਮੇਰੇ ਵਰਗਾ ਕੰਗਾਲ ਹੁੰਦਾ ਤਾਂ ਬੀਮਾਰ ਪਏ ਦੇਖਦੋਂ ਕਿ ਕਿਨੀਂ ਵੀਹੀਂ ਸੌ ਹੁੰਦਾ ਹੈ !

"ਵਾਹ ਭਈ ! ਤੂੰ ਕਦੋਂ ਦਾ ਕੰਗਾਲ ਹੋ ਗਿਓਂ !"

"ਤੈਨੂੰ ਪਤਾ ਨਹੀਂ ? ਮਕਾਨ ਬਣਾ ਬੈਠਾ ਹਾਂ ਸਭ ਕੁਝ ਵਿਚ ਲੱਗ ਗਿਐ। ਛੇ ਕੁ ਮਹੀਨੇ ਦੀ ਔੜ ਹੈ। ਫੇਰ ਜਲ ਥਲ ਹੋ ਜਾਏਗਾ। ਹਾਂ ਸੱਚੀਂ ! ਇਕ ਸੌ ਰੁਪਏ ਦੀ ਡਾਢੀ ਲੋੜ ਹੈ। ਭਰਜਾਈ ਕੋਲੋਂ ਪੁੱਛ ਖਾਂ ਕਿਤੇ ਏਧਰ ਓਧਰ ਰੱਖੇ ਹੋਣ ਤਾਂ ਕੁਝ ਦਿਨਾਂ ਲਈ ਦੇ ਦੇਵੇ।"

ਬਸ ਇਥੋਂ ਆਪਣੇ ਮਤਲਬ ਦੀ ਗੱਲ ਸਿੱਧੀ ਸ਼ੁਰੂ ਕਰ ਲਈਦੀ ਹੈ। ਔਖ ਕੇਵਲ ਸ਼ੁਰੂ ਕਰਨ ਵਿਚ ਹੀ ਹੁੰਦਾ ਹੈ। ਸੋ ਇਹ ਸ਼ੁਰੂ ਕਰਨਾ ਹੁਨਰ ਹੀ ਗੱਪ ਸ਼ਪ ਅਖਵਾਂਦਾ ਹੈ। ਕੋਈ ਦੁਖ ਵਾਲਾ ਸੁਨੇਹਾ ਦੇਣਾ ਹੋਵੇ, ਕੋਈ ਸ਼ਿਫਾਰਸ਼ ਪਾਣੀ ਹੋਵੇ, ਕੋਈ ਸਾਕ ਸੰਬੰਧ ਕਰਨਾ ਪਏ ਤਾਂ ਅਸਲੀ ਮਤਲਬ ਦੀ ਇਮਾਰਤ ਖੜ੍ਹੀ ਕਰਨ ਤੋਂ ਪਹਿਲਾਂ ਕੁਝ ਵਿਹਲੀਆਂ ਗੱਲਾਂ ਦੀ ਡੇਉੜ੍ਹੀ ਉਸਾਰਨੀ ਪੈਂਦੀ ਹੈ। ਕੌਣ ਕਹਿ ਸਕਦਾ ਹੈ ਕਿ ਇਹ ਕੰਮ ਸੌਖਾ ਹੈ ਜਾਂ ਲੋੜੀਂਦਾ ਨਹੀਂ ?

ਪਿਆਰ ਦੇ ਮਾਮਲੇ ਵਿਚ ਤਾਂ ਵਿਹਲੀਆਂ ਗੱਲਾਂ ਇਕ ਖ਼ਾਸ ਮਹਾਨਤਾ ਰੱਖਦੀਆਂ ਹਨ। ਇਹ ਪ੍ਰੇਮੀਆਂ ਦੇ ਰੂਹ ਦੀ ਖ਼ੁਰਾਕ ਹਨ। ਹਰ ਇਕ ਪ੍ਰੇਮੀ ਏਹੋ

ਕਹਿੰਦਾ ਹੈ, ਕਿ ਦੁਨੀਆਂ ਸਾਰੀ ਲਾਂਭੇ ਹੋ ਜਾਏ ਤੇ ਬਸ, ਇਕ ਤੂੰ ਹੋਵੇਂ ਤੇ ਇਕ ਮੈਂ ਹੋਵਾਂ, ਤੇ ਦੋਵੇਂ ਬਹਿ ਕੇ ਗੱਲਾਂ ਕਰੀਏ ।

"ਟਾਲ੍ਹੀ ਥੱਲੇ, ਬਹਿ ਕੇ,
ਹਾਂ ਮਾਹੀਆ ਵੇ !
ਆ ਕਰੀਏ ਦਿਲ ਦੀਆਂ ਗੱਲਾਂ ।
ਤੂੰ ਮੇਰਾ ਦਰਦ ਵੰਡਾਵੇਂ ।
ਮੈਂ ਤੇਰੇ ਦਰਦ ਉਥੱਲਾਂ ।"

ਅੰਬੀ ਦਾ ਬੂਟਾ ਹੋਵੇ, ਜਾਂ ਖੜ ਖੜ ਕਰਦੇ ਪੱਤਰਾਂ ਵਾਲਾ ਪਿਪਲ, ਜਿਥੇ ਭੀ ਬਹਿ ਕੇ ਦਿਲ ਦੀਆਂ ਕੋਮਲ ਗੱਲਾਂ ਕੀਤੀਆਂ ਹੋਣ ਉਹ ਥਾਂ ਦਿਲ ਤੋਂ ਨਹੀਂ ਭੁਲਦਾ, ਬਲਕਿ ਯਾਦਗਾਰ ਕਾਇਮ ਕਰਨ ਦੇ ਲਾਇਕ ਹੋ ਜਾਂਦਾ ਹੈ ।

"ਜਿਥੇ ਬਹਿ ਗੱਲਾਂ ਕੀਤੀਆਂ
ਬੂਟਾ ਰਖਿਆ ਨਿਸ਼ਾਨੀ ।"

ਮੈਨੂੰ ਆਪਣੇ ਮਿੱਤਰ ਤੇ ਜਮਾਤੀ ਚਰਨਜੀਤ ਸਿੰਘ ਦੇ, ਪਿਆਰ ਦੀਆਂ ਯਾਦਗਾਰਾਂ ਵਿਚੋਂ ਸਭ ਤੋਂ ਵਧੇਰੇ ਯਾਦ ਰਹਿਣ ਵਾਲੀ ਓਹ ਝਾਕੀ ਹੈ ਕਿ ਜਦੋਂ ਅਸੀਂ ਐਂਟਰੈਂਸ ਦੇ ਇਮਤਿਹਾਨ ਤੋਂ ਵਿਹਲੇ ਹੋ ਕੇ ਕਾਲਜ ਦੇ ਸਾਹਮਣੇ ਵਾਲੇ ਕਿੱਕਰ[1] ਹੇਠਾਂ ਰਲ ਕੇ ਬੈਠੇ ਸਾਂ ਤੇ ਘੰਟਿਆਂ ਬੱਧੀ ਅਗੇ ਪਿਛੇ ਦੀਆਂ ਗੱਲਾਂ ਕਰਦੇ ਰਹੇ ਸਾਂ । ਪਿਛਲਿਆਂ ਯਾਦਾਂ ਤੇ ਅੱਗੇ ਆਉਣ ਵਾਲੇ ਵਿਛੋੜੇ ਦੇ ਖ਼ਿਆਲ ਨੇ ਸਾਡੀਆਂ ਨਾੜਾਂ ਨੂੰ ਤਣ ਰਖਿਆ ਸੀ ਤੇ ਅਸੀਂ ਇੰਨੇ ਸੂਖਮ ਭਾਵ ਵਾਲੇ ਹੋ ਗਏ ਸਾਂ ਕਿ ਲਹਿੰਦੇ ਸੂਰਜ ਦੀ ਟਿਕੀ ਉਤੋਂ ਸਰਕਦੇ ਬੱਦਲਾਂ ਦੇ ਪਰਛਾਵੇਂ ਨੂੰ ਆਪਣੇ ਉਤੋਂ ਲੰਘਦੇ ਦੇਖ ਕੇ ਤ੍ਰਿਬਕ ਪੈਂਦੇ ਸਾਂ ਅਤੇ ਗੁਰਦੁਆਰੇ ਦੇ ਤੀਜੇ ਧੌਂਸੇ ਦੀ ਉਡੀਕ ਵਿਚ ਗੱਲਾਂ ਕਾਹਲੀ ਕਾਹਲੀ ਕਰਨ ਲੱਗ ਪੈਂਦੇ ਸਾਂ । ਪਰ ਗੱਲਾਂ ਅਮੁੱਕ ਸਨ । ਅਜੇ ਤਾਈਂ ਨਹੀਂ ਮੁੱਕੀਆਂ ।

---

1. ਜਦ ਕੁਝ ਚਿਰ ਹੋਇਆ ਪ੍ਰਿੰਸੀਪਲ ਮਨਮੋਹਨ ਦੇ ਹੁਕਮ ਨਾਲ ਇਸ ਕਿੱਕਰ ਦਾ ਸਫ਼ਾਇਆ ਕੀਤਾ ਗਿਆ, ਤਾਂ ਮੈਂ ਕਾਲਜ ਦੀ ਮੈਗਜ਼ੀਨ ਵਿਚ ਰੋਸ ਪ੍ਰਗਟ ਕੀਤਾ । ਉਸ ਵਿਚਾਰੇ ਨੂੰ ਕੀ ਪਤਾ ਕਿ ਦਿਲ ਨੂੰ ਕਿਉਂ ਖੋਹ ਪੈ ਰਹੀ ਹੈ ।

# ਕਰਾਮਾਤ

"ਕਰਾਮਾਤ" ਦਾ ਅਰਥ ਹੈ ਵਡਿਆਈ, ਤੇ ਵਡਿਆਈ ਦਾ ਭਾਵ, ਜੋ ਅਸੀਂ ਸਮਝ ਰਖਿਆ ਹੈ, ਉਲੰਘਣਾ ਕਰਨ ਦੀ ਸਮਰੱਥਾ ਹੈ। ਨੇਮਾਂ ਅੰਦਰ ਰਹਿਣਾ ਆਮ ਲੋਕਾਂ ਦਾ ਕੰਮ ਹੈ। ਵੱਡੇ ਲੋਕ ਕਾਨੂੰਨ ਜਾਂ ਨੇਮ ਤੋਂ ਉਤਾਹਾਂ ਗਿਣੇ ਜਾਂਦੇ ਹਨ। ਕਿਧਰੇ ਮੈਚ ਹੁੰਦਾ ਹੋਵੇ ਜਾਂ ਛਿੰਝ ਪੈਂਦੀ ਹੋਵੇ ਅਤੇ ਪ੍ਰਬੰਧਕਾਂ ਨੇ ਪਿੜ ਦੁਆਲੇ ਰੱਸੀ ਖਿੱਚੀ ਹੋਵੇ, ਤਾਂ ਦੇਖੋਗੇ ਕਿ ਆਮ ਭੀੜ ਤਾਂ ਰੱਸੀ ਦੇ ਪਿੱਛੇ ਖੜੀ ਹੋਵੇਗੀ ਪਰ ਉਨ੍ਹਾਂ ਵਿਚੋਂ ਦੋ ਚਾਰ ਉਚਦੁਮਾਲੀਏ ਅਗਾਂਹ ਨਿਤਰ ਆਉਣਗੇ ਅਤੇ ਪਿੜ ਦੇ ਅੰਦਰ ਇੱਧਰ ਉਧਰ ਭੁੜਕਦੇ ਫਿਰਨਗੇ, ਬਸ ਏਹੋ ਵੱਡੇ ਹੋਣ ਦੀ ਨਿਸ਼ਾਨੀ ਜੇ। ਆਮ ਲੋਕ ਤਾਂ ਸਿੱਧੇ ਤੇ ਬੱਝਵੇਂ ਰਸਤੇ ਤੇ ਚਲਣਗੇ ਭਾਵੇਂ ਲੰਮਾ ਤੇ ਵਲਦਾਰ ਹੋਵੇ, ਪਰ ਜਿਨ੍ਹਾਂ ਦੇ ਦਿਲ ਵਿਚ ਵੱਡੇ ਹੋਣ ਦਾ ਮਾਣ ਹੈ, ਵਾੜਾਂ ਨੂੰ ਲਤਾੜਦੇ ਤੇ ਚੋਰ-ਪਗ਼ਡੰਡੀਆਂ ਬਣਾਉਂਦੇ ਲੰਘਣਗੇ।

ਇਹ ਸੱਚ ਹੈ ਕਿ ਕਈ ਵਾਰੀ ਅਸਲੀ ਵੱਡੇ ਆਦਮੀਆਂ ਨੂੰ ਕਿਸੇ ਉਚੇਰੇ ਕਾਨੂੰਨ ਦੀ ਰੱਖਿਆ ਲਈ ਮਨੁੱਖਾਂ ਦੇ ਪਾਏ ਬੇਮਹਿਨੀ ਬੰਧਨਾਂ ਨੂੰ ਤੋੜਨਾ ਪੈਂਦਾ ਹੈ। ਪਰ ਉਹ ਇਸ ਤੋੜ-ਫੋੜ ਨੂੰ ਆਪਣੇ ਵਡਿੱਤਣ ਦਾ ਖ਼ਾਸ ਹੱਕ ਨਹੀਂ ਮੰਨਦੇ, ਬਲਕਿ ਸਮਾਜਕ ਉੱਨਤੀ ਜਾਂ ਸੁਧਾਰ ਲਈ ਇਹ ਜ਼ਰੂਰੀ ਫ਼ਰਜ਼ ਸਮਝਦੇ ਹਨ, ਜਿਸ ਦੀ ਪੂਰਤੀ ਲਈ ਓਹ ਆਪਣੇ ਉਤੇ ਹਰ ਤਰ੍ਹਾਂ ਦੇ ਕਸ਼ਟ ਸਹਾਰਨ ਲਈ ਤਿਆਰ ਰਹਿੰਦੇ ਹਨ। ਪਰ ਜਿਨ੍ਹਾਂ ਵੱਡੇ ਲੋਕਾਂ ਦਾ ਮੈਂ ਜ਼ਿਕਰ ਕਰ ਰਿਹਾ ਹਾਂ ਉਹ ਨੇਮਾਂ ਨੂੰ ਭੰਗ ਕਰਨ ਵਿਚ ਹੀ ਆਪਣੀ ਵਡਿਆਈ ਸਮਝਦੇ ਹਨ ਅਤੇ ਕਿਸੇ ਡੰਡ ਦਾ ਨਾਂ ਲੈਣਾ ਤਾਂ ਉਨ੍ਹਾਂ ਦੀ ਹਤਕ ਕਰਨਾ ਹੈ। ਇਸੇ ਖ਼ਿਆਲ ਦੇ ਪ੍ਰਚਲਤ ਹੋਣ ਨਾਲ ਕਈ ਵਾਰੀ ਅਸੀਂ ਨਿਰੇ ਕਾਨੂੰਨ ਤੋੜਨ ਨੂੰ ਬਹਾਦਰੀ ਸਮਝਣ ਲੱਗ ਪੈਂਦੇ ਹਾਂ ਅਤੇ ਬੇ-ਟਿਕਟੇ ਸਫ਼ਰ ਕਰਨ ਵਾਲਿਆਂ ਜਾਂ ਸਰਕਾਰ ਨੂੰ ਗਾਲ੍ਹਾਂ ਕੱਢ ਕੇ ਜੇਲ੍ਹ ਜਾਣ ਵਾਲਿਆਂ ਨੂੰ ਹੀਰੋ ਸਮਝ ਕੇ ਸਲਾਹੁੰਦੇ ਹਾਂ।

ਜਦ ਕਾਨੂੰਨ ਦੀਆਂ ਹਦ-ਬੰਦੀਆਂ ਤੋਂ ਉਤਾਂਹ ਹੋਣਾ ਹੀ ਵਡਿਆਈ ਦੀ ਨਿਸ਼ਾਨੀ ਹੈ, ਤਾਂ ਜੋ ਭੀ ਸਾਡੀ ਨਜ਼ਰ ਵਿਚ ਵੱਡਾ ਹੋਵੇਗਾ ਅਸੀਂ ਉਸ ਨੂੰ ਕੁਦਰਤੀ ਤੇ ਅਖ਼ਲਾਕੀ ਨੇਮਾਂ ਤੋਂ ਉਚੇਰਾ ਮੰਨਾਂਗੇ। ਰਾਜ ਇਸੇ ਲਈ ਨਿਹਕਲੰਕ ਮੰਨੇ ਗਏ ਹਨ ਅਤੇ ਨਬੀ, ਪੈਗੰਬਰ ਤੇ ਅਵਤਾਰ ਰੱਬ ਦੇ ਸਾਧਾਰਨ ਨੇਮਾਂ ਤੋਂ ਬਰੀ ਦੱਸੇ ਗਏ ਹਨ। ਓਹ ਸਮੁੰਦਰ ਉਤੇ ਪੈਦਲ ਚਲ ਸਕਦੇ ਸਨ, ਹਵਾ ਵਿਚ ਉੱਡ ਸਕਦੇ ਸਨ, ਕੰਧਾਂ ਦੁੜਾ ਸਕਦੇ ਸਨ, ਇਕੋ ਵੇਲੇ ਦੋ ਥਾਂਵਾਂ ਤੇ ਮੌਜੂਦ ਹੋ ਸਕਦੇ ਸਨ, ਜਾਂ ਗੁਪਤ ਪ੍ਰਗਟ ਹੋ ਕੇ ਵਿਚਰ ਸਕਦੇ ਸਨ। ਇਉਂ ਮਲੂਮ ਹੁੰਦਾ ਹੈ ਕਿ ਜਿਵੇਂ ਉਨ੍ਹਾਂ ਲਈ ਕੋਈ ਕੁਦਰਤ ਦਾ ਕਾਨੂੰਨ ਹੁੰਦਾ ਈ ਨਹੀਂ।

ਇਹ ਕੁਦਰਤ ਦਾ ਕਾਨੂੰਨ ਹੈ ਕੀ ? ਅਸੀਂ ਸਮਝਦੇ ਹਾਂ ਕਿ ਜਿਵੇਂ ਪਰਜਾ ਦੇ ਪ੍ਰਬੰਧ ਲਈ ਸਰਕਾਰ ਨੇ ਨੇਮ ਬਣਾਏ ਹਨ, ਤਿਵੇਂ ਮਾਦੀ ਦੁਨੀਆਂ ਦੇ ਚਲਾਣ ਲਈ ਸਾਇੰਸ ਨੇ ਕਈ ਕਾਨੂੰਨ ਘੜੇ ਹਨ, ਜਿਨ੍ਹਾਂ ਦਾ ਆਤਮਕ ਦੁਨੀਆਂ ਨਾਲ ਕੋਈ ਸੰਬੰਧ ਨਹੀਂ। ਅਸਲ ਵਿਚ ਇਹ ਭੁਲੇਖਾ ਹੈ। ਕੁਦਰਤ ਦੇ ਕਾਨੂੰਨ ਸਾਇੰਸਦਾਨਾਂ ਨੇ ਨਹੀਂ ਬਣਾਏ, ਰੱਬ ਨੇ ਆਪ ਬਣਾਏ ਹਨ। ਬਣਾਏ ਵੀ ਕਾਹਨੂੰ ? ਰੱਬ ਦੀ ਰਜ਼ਾ ਹੀ ਕੁਦਰਤ ਹੈ ! ਇਹ ਰਜ਼ਾ ਮਾਦੀ ਤੇ ਆਤਮਕ ਦੋਹਾਂ ਮੰਡਲਾਂ ਵਿਚ ਕੰਮ ਕਰਦੀ ਹੈ। ਜਿਥੋਂ ਤਕ ਜਿਸਦਾ ਤਾਅਲੁਕ ਸਰੀਰਕ ਦੁਨੀਆਂ ਨਾਲ ਹੈ ਇਸ ਨੂੰ 'ਕੁਦਰਤ' ਕਹਿੰਦੇ ਹਨ ਅਤੇ ਜਿਥੋਂ ਤਕ ਇਹ ਪਰਾ-ਸਰੀਰਕ ਦੁਨੀਆਂ ਵਿਚ ਕੰਮ ਕਰਦੀ ਹੈ ਇਸ ਨੂੰ ਆਤਮ-ਰਾਮ ਜਾਂ ਆਤਮ-ਜੋਤਿ ਕਹਿੰਦੇ ਹਨ। ਕੁਦਰਤ ਦੇ ਕਾਨੂੰਨ ਤੇ ਆਤਮ ਮੰਡਲ ਦੇ ਕਾਨੂੰਨ ਇਕੋ ਕਿਤਾਬ ਦੇ ਦੋ ਭਿੰਨ-ਭਿੰਨ ਅਧਿਆਏ ਹਨ। ਇਕ ਦਾ ਗਿਆਨ ਸਾਇੰਸ ਤੋਂ ਮਿਲਦਾ ਹੈ, ਤੇ ਦੂਜੇ ਦਾ ਧਰਮ ਪੁਸਤਕਾਂ ਤੋਂ। ਹੈਨ ਦੋਵੇਂ ਹੀ ਰੱਬ ਦੀ ਰਜ਼ਾ ਦੇ ਪਹਿਲੂ। ਇਹ ਗਿਆਨ ਲੱਭਣ ਵਾਲੇ ਮਨੁੱਖਾਂ ਨੂੰ ਅਧਾਰ ਲੱਭਾ ਹੋ ਸਕਦਾ ਹੈ, ਪਰ ਜਿਤਨਾ ਕੁ ਲੱਭਾ ਹੈ ਦੋਹਾਂ ਹਾਲਤਾਂ ਵਿਚ ਇੱਜ਼ਤ ਦੇ ਲਾਇਕ ਹੈ। ਸਾਇੰਸ ਨੂੰ ਧਰਮ ਵਲ ਕੈਰੀਆਂ ਅੱਖਾਂ ਨਾਲ ਨਹੀਂ ਦੇਖਣਾ ਚਾਹੀਦਾ, ਤੇ ਨਾ ਹੀ ਧਰਮ ਨੂੰ ਸਾਇੰਸ ਨਾਲ ਘ੍ਰਿਣਾ ਹੋਣੀ ਚਾਹੀਦੀ ਹੈ।

ਜੇ ਸਾਇੰਸ ਵਿਚ ਭੁੱਲਾਂ ਭੀ ਹਨ, ਤਾਂ ਭੀ ਇਸ ਵਿਚ ਕੁਦਰਤਿ ਦਾ ਕਸੂਰ ਨਹੀਂ। ਕੁਦਰਤਿ ਤਾਂ ਰੱਬ ਦੀ ਹੈ, ਸਾਇੰਸ ਜਾਂ ਸਾਇੰਸਦਾਨਾਂ ਦੀ ਨਹੀਂ,

"ਸਭ ਤੇਰੀ ਕੁਦਰਤਿ ਤੂੰ ਕਾਦਰੁ ਕਰਤਾ" (ਵਾਰ ਆਸਾ)। ਇਹ ਕੁਦਰਤਿ ਸਾਡਾ ਆਪਣਾ ਮਥਿਆ ਨਾਂ ਹੈ। ਇਹ ਆਪ ਕੋਈ ਵੱਖਰੀ ਚੀਜ਼ ਨਹੀਂ। ਇਹ ਤਾਂ ਰੱਬੀ ਰਜ਼ਾ ਦੇ ਵਹਿਣਾਂ ਦਾ ਨਾਂ ਹੈ। 'ਪਾਣੀ ਨਿਵਾਣ ਵਲ ਵਹਿੰਦਾ ਹੈ'— ਇਹ ਨੇਮ ਰੱਬ ਦੀ ਆਪਣੀ ਰਜ਼ਾ ਦਾ ਹੈ, ਜੋ ਪਾਣੀ ਵਿਚ ਵਹਿੰਦੀ, ਅੱਗ ਵਿਚ ਬਲਦੀ ਤੇ ਰੋਸ਼ਨੀ ਦਿੰਦੀ ਹੈ। ਇਹ ਰਜ਼ਾ ਅੰਨ੍ਹੇ-ਵਾਹ ਕੰਮ ਨਹੀਂ ਕਰਦੀ, ਬਲਕਿ "ਵਰਤੈ ਤਾਕੋ ਤਾਕੁ" ਸੋਚ ਸਮਝ ਕੇ ਇਸੇ ਮੰਤਵ ਨੂੰ ਲੈ ਕੇ ਸਭ ਤੱਤਾਂ ਨੂੰ ਚਲਾ ਰਹੀ ਹੈ।

ਇਹ ਰਜ਼ਾ ਰੱਬ ਦੀ ਹੈ, ਜੋ ਸਿਆਣਾ ਹੋ ਕੇ ਵਰਤਦਾ ਹੈ। ਉਹ ਕਿਵੇਂ ਆਪਣੀ ਰਜ਼ਾ ਦੇ ਖ਼ਿਲਾਫ਼ ਜਾ ਸਕਦਾ ਹੈ ? ਜੇ ਕਰਾਮਾਤ ਦਾ ਅਰਥ ਹੈ ਕੁਦਰਤ ਦੇ ਕਾਨੂੰਨ ਦੇ ਵਿਰੁੱਧ ਜਾਣਾ, ਤਦ ਤਾਂ ਕਰਾਮਾਤ ਦੇ ਮੰਨਣ ਨਾਲ ਇਹ ਮੰਨਣਾ ਪਏਗਾ ਕਿ ਰੱਬ ਕਿਸੇ ਦੇ ਆਖੇ ਲਗ ਕੇ ਆਪਣੀ ਮਰਜ਼ੀ ਦੇ ਵਿਰੁੱਧ ਕੰਮ ਕਰ ਸਕਦਾ ਹੈ। ਇਹ ਹੋ ਨਹੀਂ ਸਕਦਾ। ਕੋਈ ਸਹੀ ਦਿਮਾਗ਼ ਵਾਲਾ ਸਮਰਥ ਆਦਮੀ ਆਪਣੀ ਰਜ਼ਾ ਦੇ ਉਲਟ ਨਹੀਂ ਚਲਦਾ। ਫਿਰ ਰੱਬ ਕਿਵੇਂ ਚਲ ਸਕਦਾ ਹੈ ?

ਰੱਬ ਬਾਬਤ ਇਹ ਤੌਖਲਾ ਕਿਵੇਂ ਬਣਿਆ ਕਿ ਉਹ ਆਪਣੀ ਰਜ਼ਾ ਬੇਨੇਮੀ ਹੀ ਚਲਾਉਂਦਾ ਹੈ ? ਇਸ ਦੀ ਤਹਿ ਵਿਚ ਇਕ ਭਰਮ ਹੈ ਜੋ ਪੁਰਾਣੇ ਜ਼ਮਾਨੇ ਵਿਚ ਕੰਮ ਕਰਦਾ ਰਿਹਾ ਹੈ। ਉਹ ਇਹ ਹੈ ਕਿ ਲੋਕੀਂ ਰੱਬ ਦੀ ਕੋਈ ਸ਼ਖ਼ਸੀਅਤ ਜਾਂ ਆਚਰਣ ਨਹੀਂ ਸੀ ਮੰਨਦੇ। ਉਸ ਨੂੰ ਇਕ ਹੋਂਦ ਤਾਂ ਮੰਨਦੇ ਹਨ, ਪਰ ਖਾਲੀ ਜਹੀ, ਨਿਰੀ ਦਰਸ਼ਕ ਜਹੀ ਇਕ ਪਸਰੀ ਹੋਈ ਮਹਾਨ ਤਾਕਤ ਜਿਸ ਦੀ ਕੋਈ ਆਪਣੀ ਠੁੱਕ ਤਕ ਤਮੀਜ਼ ਵਾਲੀ ਮਰਜ਼ੀ ਨਹੀਂ ਸੀ ਹੁੰਦੀ। ਫਿਰ ਜਦ ਉਸ ਨੂੰ ਇਕ ਸ਼ਖ਼ਸੀਅਤ ਦਿੱਤੀ ਭੀ ਗਈ, ਤਾਂ ਭੀ ਉਸ ਦਾ ਕੋਈ ਬੱਝਵਾਂ ਸੁਭਾਅ ਜਾਂ ਆਚਰਨ ਨਾ ਮੰਨਿਆ ਗਿਆ। ਜਿਵੇਂ ਚਾਹੇ, ਬਿਨਾਂ ਸੋਚੇ ਵਿਚਾਰੇ, ਇਕ ਨਿੱਕੀ ਜਿਹੀ ਗੱਲ ਤੋਂ ਗੁੱਸੇ ਹੋ ਕੇ ਕੌਮਾਂ ਦਾ ਘਾਣ ਕਰ ਛੱਡਣਾ, ਪੰਜ-ਸੱਤ ਸਾਲ ਦੀਆਂ ਭੁੱਲਾਂ ਬਦਲੇ ਨਿਤਾਣੇ ਬੇਵਸ ਮਨੁੱਖਾਂ ਨੂੰ ਸਦੀਆਂ ਦੇ ਨਰਕਾਂ ਵਿਚ ਜਕੜ ਛੱਡਣਾ, ਕਦੀ ਕਿਸੇ ਪਾਪੀ ਦੇ ਅੰਤਲੇ ਸੁਆਸਾਂ ਨਾਲ ਭੁੱਲ ਕੇ 'ਨਾਰਾਇਣ' ਕਹਿ ਛੱਡਣ ਨਾਲ ਖ਼ੁਸ਼ ਹੋ ਕੇ ਜਾਣਾ ਤੇ ਸਾਰੀ ਉਮਰ ਦੇ ਗੁਨਾਹਾਂ ਨੂੰ ਬਖ਼ਸ਼ ਦੇਣਾ, ਅਤੇ ਕਦੀ ਕਿਸੇ ਟੱਬਰ ਦੇ ਸ਼ੋਰ ਕਰਨ ਨਾਲ ਇਕ ਰਿਸ਼ੀ ਦੀ ਬ੍ਰਿਤੀ ਉਚਾਟ ਹੋ

ਜਾਣ ਤੇ ਇੰਨਾ ਗੁੱਸੇ ਹੋ ਜਾਣਾ ਕਿ ਉਸ ਵਿਚਾਰੇ ਟੱਬਰ ਨੂੰ ਇੱਕ ਨਜ਼ਰ ਨਾਲ ਭਸਮ ਕਰ ਕੇ ਭੀ ਰਾਜ਼ੀ ਨਾ ਹੋਣਾ, ਬਲਕਿ ਉਸਦੀ ਗਤੀ ਲਈ ਹਜ਼ਾਰਾਂ ਸਾਲ ਦੀ ਇਕ-ਟੰਗੀ ਭਗਤੀ ਕਰ ਕੇ ਗੰਗਾ ਲਿਆਣ ਉਤੇ ਮਜਬੂਰ ਕਰਨਾ ! ਏਹੋ ਜਿਹੇ ਬੇਥਵੇ ਰੱਬ ਦੀ ਰਜ਼ਾ ਕੀ ਹੋ ਸਕਦੀ ਹੈ ? ਬੇਥੁਵੀ। ਇਹੋ ਜਿਹੇ ਰੱਬ ਦੀ ਮਰਜ਼ੀ ਕਿਸੇ ਨੇਮ ਹੇਠਾਂ ਨਹੀਂ ਆ ਸਕਦੀ। ਜਿਵੇਂ ਲੋਕੀਂ ਵਕਤ ਦੇ ਪਾਤਸ਼ਾਹ ਨੂੰ ਖ਼ੁਦਸਰ, ਬੇਥੁਵੀ ਰਜ਼ਾ ਦਾ ਮਾਲਕ ਦੇਖਦੇ ਸਨ, ਉਸੇ ਤਰ੍ਹਾਂ ਦਾ ਰੱਬ ਮੰਨ ਲੈਂਦੇ ਸਨ। ਰੱਬ ਕੀ ਸੀ ਇਕ ਵੱਡੇ ਦਰਜੇ ਦਾ ਮੁਗ਼ਲ ਸੀ।

ਪਰ ਮੌਜੂਦਾ ਸਮੇਂ ਵਿਚ ਜਿਵੇਂ ਸੰਸਾਰੀ ਪਾਤਸ਼ਾਹ ਬਾਬਤ ਖ਼ਿਆਲ ਬਦਲ ਗਿਆ ਹੈ, ਤਿਵੇਂ ਰੱਬ ਬਾਬਤ ਭੀ ਪੁਰਾਣਾ ਯਕੀਨ ਬਦਲ ਗਿਆ ਹੈ। ਹੁਣ ਅਸੀਂ ਖਿਆਲ ਕਰਨ ਲੱਗ ਪਏ ਹਾਂ ਕਿ ਰੱਬ ਦਾ ਆਪਣਾ ਇਕ-ਰਸ ਸੁਭਾਅ ਹੈ, ਇਕ ਨੇਮ ਪਾਲੂ ਵਤੀਰਾ ਹੈ, ਅਤੇ ਉਹ ਨਿੱਕੀ-ਨਿੱਕੀ ਗੱਲ ਪਿੱਛੇ ਆਪਣੀ ਰਚਨਾ ਦੇ ਕੰਮਾਂ ਵਿਚ ਸਿੱਧਾ ਦਖ਼ਲ ਨਹੀਂ ਦਿੰਦਾ। ਉਹ ਆਪਣੀ ਮਰਜ਼ੀ ਤਾਂ ਹਰ ਵਕਤ ਵਰਤਦਾ ਹੈ, ਪਰ ਇਹ ਮਰਜ਼ੀ ਬੱਝਵੇਂ ਨੇਮਾਂ ਅਨੁਸਾਰ ਚਲਦੀ ਹੈ, ਜਿਨ੍ਹਾਂ ਨੂੰ ਕੁਦਰਤ ਦੇ ਨੇਮ ਆਖਦੇ ਹਨ। ਉਹ ਮੂੰਹ ਪੀੜ ਕੇ ਆਪ ਕਦੀ ਨਹੀਂ ਬੋਲਿਆ। ਜਦੋਂ ਕੋਈ ਗੱਲ ਮਨੁੱਖਾਂ ਤਕ ਪੁਚਾਣਾ ਚਾਹੁੰਦਾ ਹੈ ਤਾਂ ਮਨੁੱਖਾਂ ਦੇ ਹੀ ਹਿਰਦਿਆਂ ਰਾਹੋਂ ਉਨ੍ਹਾਂ ਦੀ ਹੀ ਬੋਲੀ ਵਿਚ ਬੋਲਦਾ ਹੈ। ਜ਼ਰੂਰੀ ਨਹੀਂ ਕਿ ਪੈਗੰਬਰਾਂ ਰਾਹੀਂ ਜਾਂ ਖ਼ਾਸ ਪੁਸਤਕਾਂ ਰਾਹੀਂ ਹੀ ਬੋਲੇ। ਆਮ ਮਨੁੱਖਾਂ ਦੇ ਦਿਲ ਨੂੰ ਆਪਣੇ ਬੋਲਣ ਦਾ ਜ਼ਰੀਆ ਬਣਾਉਂਦਾ ਹੈ। 'ਦਿਲ ਦਾ ਮਲਾਕੁ ਕਰੇ ਹਾਕੁ। ਕੁਰਾਨ ਕਤੇਬ ਤੇ ਪਾਕੁ' (ਰਾਮਕਲੀ ਮ: ੫) ਬਾਣੀ ਪ੍ਰਭ ਕੀ ਸਭੁ ਕੋ ਬੋਲੈ। ਆਪਿ ਅਡੋਲ ਨਾ ਕਬਹੂ ਡੋਲੈ' (ਸੁਖਮਨੀ) : ਜਿਹੜਾ ਭੀ ਕੰਮ ਕਰਨਾ ਹੁੰਦਾ ਹੈ, ਉਹ ਆਪਣੀ ਕੁਦਰਤਿ ਰਾਹੋਂ ਕਰਦਾ ਹੈ। ਇਸ ਤੋਂ ਬਾਹਰ ਕੁਝ ਨਹੀਂ ਹੁੰਦਾ। ਆਸਾ ਦੀ ਵਾਰ ਦੀ ਤੀਜੀ ਪਉੜੀ ਦੇ ਦੂਜੇ ਸਲੋਕ ਵਿਚ ਗੁਰੂ ਨਾਨਕ ਸਾਹਿਬ ਇਹ ਗੱਲ ਸਾਫ਼ ਕਰ ਕੇ ਦੱਸਦੇ ਹਨ ਕਿ ਜੋ ਕੁਝ ਦਿੱਸਦਾ ਜਾਂ ਸੁਣੀਂਦਾ ਹੈ, ਰੱਬ ਦੀ ਕੁਦਰਤ ਅਨੁਸਾਰ ਹੁੰਦਾ ਹੈ। ਸਾਡੇ ਖਾਣ-ਪੀਣ, ਪਹਿਨਣ ਵਿਚ ਕੁਦਰਤਿ ਕੰਮ ਕਰਦੀ ਹੈ। ਨੇਕੀ ਬਦੀ ਨਾਲ ਅਪਨਾਣ ਦੇ ਭਾਵ ਕੁਦਰਤੀ ਤੌਰ ਤੇ ਸਾਡੇ ਅੰਦਰ ਪੈਦਾ ਹੁੰਦੇ ਤੇ ਸਾਡੇ ਪਾਸੋਂ ਕਰਮ ਕਰਾਉਂਦੇ ਹਨ।

ਸਾਡੀ ਗਤੀ ਰੱਬ ਦੇ ਹੁਕਮ ਥੱਲੇ ਹੈ। ਪਰ ਉਸ ਦੇ ਹੁਕਮ ਦੀ ਕਲਮ ਸਾਡੇ ਕਰਮਾਂ ਅਨੁਸਾਰ ਚਲਦੀ ਹੈ।

"ਕਰਮੀ ਕਰਮੀ ਹੋਇ ਵਿਚਾਰੁ।
ਸਚਾ ਆਪਿ ਸਚਾ ਦਰਬਾਰ।" (ਜਪੁ)
"ਕਰਮੀ ਵਹੈ ਕਲਾਮ" (ਵਾਰ ਸਾਰੰਗ ਮ: ੧)

ਇਸੇ ਤਰ੍ਹਾਂ ਰੱਬ ਦੀ ਵਰਤੋਂ ਦੀਆਂ ਹੋਰ ਗੱਲਾਂ ਭਗਤਾਂ ਨੇ ਲਭੀਆਂ ਹੋਈਆਂ ਹਨ। ਉਹ ਕਿਸੇ ਤਰੀਕੇ ਨਾਲ ਮਰਯਾਦਾ ਨਾਲ ਕੰਮ ਕਰਦਾ ਹੈ, ਅੰਨ੍ਹੇ ਵਾਹ ਨਹੀਂ ਕਰਦਾ। ਇਸ ਲਈ ਉਸ ਦੇ ਸੁਭਾਅ ਬਾਬਤ ਕਿਸੇ ਨੂੰ ਭੁਲੇਖਾ ਨਹੀਂ ਪੈ ਸਕਦਾ। ਅਸੀਂ ਸਭ ਕੁਝ ਉਸ ਦੀ ਬਾਬਤ ਨਹੀਂ ਜਾਣ ਸਕਦੇ, ਪਰ ਗੁਰੂ ਪੀਰ ਦੀ ਸਹਾਇਤਾ ਨਾਲ ਉਸ ਦੇ ਭਾਣੇ ਦੀਆਂ ਲੀਹਾਂ ਪਛਾਣ ਸਕਦੇ ਹਾਂ, ਜਿਨ੍ਹਾਂ ਉਤੇ ਚਲ ਕੇ ਆਪਣੇ ਜੀਵਨ ਨੂੰ ਅੰਧ-ਗਤੀ ਦੀਆਂ ਠੋਕਰਾਂ ਤੋਂ ਬਚਾ ਸਕਦੇ ਹਾਂ।

ਇਨ੍ਹਾਂ ਹਾਲਤਾਂ ਵਿਚ ਇਹ ਗੱਲ ਮੰਨਣੀ ਔਖੀ ਹੈ ਕਿ ਰੱਬ ਆਪਣੀ ਕੁਦਰਤਿ ਦੇ ਨੇਮਾਂ ਦੀ ਉਲੰਘਣਾ ਕਰਦਾ ਹੈ ਜਾਂ ਕਰਨ ਦਿੰਦਾ ਹੈ।

ਇਨ੍ਹਾਂ ਰੱਬੀ ਨੇਮਾਂ ਦੀ ਉਲੰਘਣਾ ਕਰਨ ਦਾ ਖ਼ਿਆਲ ਹੀ ਉਲਟੇ ਪਾਸੇ ਦਾ ਸਵਾਦ ਹੈ, ਇਸੇ ਲਈ ਗੁਰੂ ਨਾਨਕ ਸਾਹਿਬ ਜਪੁ ਜੀ ਵਿਚ "ਰਿਧਿ ਸਿਧਿ" ਨੂੰ "ਅਵਰਾ ਸਾਦੁ" ਕਹਿੰਦੇ ਹਨ। ਜਿਸ ਨੂੰ ਇਹ ਚਸਕਾ ਪੈ ਜਾਏ ਉਸ ਦੇ ਦਿਲ ਵਿਚ ਹਰੀ ਦਾ ਖ਼ਿਆਲ ਨਹੀਂ ਆ ਸਕਦਾ :

"ਰਿਧਿ ਸਿਧਿ ਸਭੁ ਮੋਹੁ ਹੈ, ਨਾਮ ਨ ਵਸੈ ਮਨਿ ਆਇ।"
(ਮ: ੩, ਵਾਰ ਵਡਹੰਸ ਮ: ੪)

ਜਦ ਗੁਰੂ ਨਾਨਕ ਜੀ ਪਾਸੋਂ ਜੋਗੀਆਂ ਨੇ ਕਰਾਮਾਤ ਕਰਨ ਦੀ ਮੰਗ ਕੀਤੀ ਤਾਂ ਗੁਰੂ ਜੀ ਨੇ ਕਿਹਾ ਸੀ :

"ਗੁਰਬਾਣੀ ਸੰਗਤਿ ਬਿਨਾਂ ਦੂਜੀ ਓਟ ਨਹੀਂ ਹੈ ਰਾਤੀ"
(ਭਾਈ ਗੁਰਦਾਸ, ਵਾਰ ੧)

ਭਾਵ ਅਸੀਂ ਆਪਣੇ ਕੰਮ ਵਿਚ ਬਾਣੀ ਤੇ ਸੰਗਤ ਨੂੰ ਹੀ ਵਰਤਦੇ ਹਾਂ, ਸਾਨੂੰ ਕਰਾਮਾਤ ਆਦਿ ਕਿਸੇ ਹੋਰ ਚੀਜ਼ ਦਾ ਆਸਰਾ ਨਹੀਂ। ਗੁਰੂ ਹਰਿ ਗੋਬਿੰਦ ਸਾਹਿਬ ਜੀ ਬਾਬਾ ਅਟਲ ਉਤੇ ਕਰਾਮਾਤ ਕਰਨ ਲਈ ਗੁੱਸੇ ਹੋਏ ਸਨ।

ਗੁਰੂ ਗੋਬਿੰਦ ਸਿੰਘ ਸਾਹਿਬ ਇਸ ਨੂੰ "ਨਾਟਕ ਚੇਟਕ" ਤੇ "ਕੁਕਾਜ" ਕਹਿੰਦੇ ਹਨ :

"ਨਾਟਕ ਚੇਟਕ ਕਰਤ ਕੁਕਾਜਾ ।
ਪ੍ਰਭ ਲੋਗਨ ਕੋ ਆਵਤ ਲਾਜਾ ।" (ਬਚਿਤ੍ਰ ਨਾਟਕ)

ਉਹ ਕਹਿੰਦੇ ਹਨ ਕਿ ਗੁਰੂ ਤੇਗ਼ ਬਹਾਦਰ ਸਾਹਿਬ ਨੇ ਆਪਣੇ ਬਚਾਓ ਲਈ ਕਰਾਮਾਤ ਕਰਨ ਤੋਂ ਨਾਂਹ ਕਰ ਦਿੱਤੀ ਸੀ, ਕਿਉਂਕਿ ਹਰੀ ਦੇ ਭਗਤਾਂ ਨੂੰ ਇਹੋ ਜਿਹੇ ਤਮਾਸ਼ੇ ਕਰਨ ਤੋਂ ਸ਼ਰਮ ਆਉਂਦੀ ਹੈ ।

ਤਾਂ ਕੀ ਫਿਰ ਕਰਾਮਾਤ ਹੁੰਦੀ ਹੀ ਨਹੀਂ ? ਹੁੰਦੀ ਜ਼ਰੂਰ ਹੈ, ਪਰ ਹੋਰ ਤਰ੍ਹਾਂ ਦੀ ।

ਕਰਾਮਾਤ ਉਹ ਹਰਾਨ ਕਰਨ ਵਾਲੀ ਘਟਨਾ ਹੈ ਜਿਸ ਨੂੰ ਵਿਚਾਰ ਜਾਂ ਦਲੀਲ ਨਾਲ ਬਿਆਨ ਨਾ ਕਰ ਸਕੀਏ । ਲੋਕ ਤਾਂ ਕੁਦਰਤ ਦੇ ਆਮ ਵਤੀਰੇ ਤੋਂ ਉਲਟ ਗੱਲਾਂ ਨੂੰ ਕਰਾਮਾਤ ਕਹਿੰਦੇ ਹਨ, ਪਰ ਗੁਰੂ ਨਾਨਕ ਜਿਹੇ ਅਸਲੀਅਤ ਪਛਾਣਨ ਵਾਲੇ ਹਵਾ, ਪਾਣੀ, ਅੱਗ ਤੇ ਧਰਤੀ ਜਿਹੀਆਂ ਸਧਾਰਣ ਚੀਜ਼ਾਂ ਨੂੰ ਰੱਬ ਦੀਆਂ ਕਰਾਮਾਤਾਂ ਮੰਨਦੇ ਹਨ ।

"ਵਿਸਮਾਦੁ ਪਵਣੁ ਵਿਸਮਾਦੁ ਪਾਣੀ ।
ਵਿਸਮਾਦੁ ਅਗਨੀ ਖੇਡਹਿ ਵਿਡਾਣੀ ।
ਵਿਸਮਾਦੁ ਧਰਤੀ ਵਿਸਮਾਦ ਖਾਣੀ ।
ਵਿਸਮਾਦੁ ਸਾਦਿ ਲਗਹਿ ਪ੍ਰਾਣੀ ।" (ਵਾਰ ਆਸਾ)

ਪਾਣੀ ਕਿਉਂ ਗਿੱਲਾ ਕਰਦਾ ਹੈ ? ਅੱਗ ਕਿਉਂ ਸਾੜਦੀ ਤੇ ਭਾਪ ਗੈਸ ਆਦਿ ਪੈਦਾ ਕਰਕੇ ਤਰ੍ਹਾਂ-ਤਰ੍ਹਾਂ ਦੇ ਕਰਿਸ਼ਮੇ ਕਰ ਦਸਦੀ ਹੈ ? ਮਨੁੱਖ ਦੇ ਦਿਲ ਵਿਚ ਕਿਤਨੇ ਸਵਾਲ ਹਨ । ਇਹ ਕੀਹ ਹਨ ? ਕਿਉਂ ਹਨ ? ਇਕ ਸੁਹਜ-ਸਵਾਦ ਹੀ ਲਓ । ਰਾਗ ਦਾ ਰਸ ਹੀ ਲਓ । ਇਹ ਕਿਉਂ ਇਤਨੀਆਂ ਖਿੱਚਾਂ ਪੈਦਾ ਕਰਦੇ ਹਨ ? ਰੂਹ ਨੂੰ ਕਿਉਂ ਰੁੱਖੇ ਤਰੀਕੇ ਨਾਲ ਥਰਥਰਾਉਂਦੇ ਹਨ ? ਇਨ੍ਹਾਂ ਗੱਲਾਂ ਦਾ ਜਵਾਬ ਸਾਇੰਸ ਭੀ ਨਹੀਂ ਦੇ ਸਕਦੀ । ਸਾਇੰਸ ਤਾਂ ਕੇਵਲ ਚੀਜ਼ਾਂ ਦੇ ਕੰਮ ਕਰਨ ਦੇ ਤਰੀਕੇ ਦਸਦੀ ਹੈ ਉਨ੍ਹਾਂ ਚੀਜ਼ਾਂ ਦੀ ਉਤਪੱਤੀ ਦਾ ਕਾਰਨ ਨਹੀਂ ਦੱਸ ਸਕਦੀ । ਉਹ "ਕਿਵੇਂ"

ਦਾ ਜਵਾਬ ਦਿੰਦੀ ਹੈ "ਕਿਉਂ" ਤੇ "ਕੀਹ" ਦਾ ਨਹੀਂ। ਇਸ ਨੁਕਤੇ ਤੋਂ ਦੇਖੀਏ, ਤਾਂ ਕੁਦਰਤਿ ਆਪ ਇਕ ਮੁਅਜਜ਼ਾ ਹੈ। ਇਸ ਤੋਂ ਵੱਡਾ ਮੁਅਜਜ਼ਾ ਹੋਰ ਕੋਈ ਨਹੀਂ!

ਖ਼ੂਬਸੂਰਤੀ ਭੀ ਇਕ ਕਰਾਮਾਤ ਹੈ। ਕੀ ਤੁਸੀਂ ਨੱਕ, ਮੂੰਹ, ਹੋਂਠ, ਅੱਖਾਂ ਦੇਖ ਕੇ ਦੱਸ ਸਕਦੇ ਹੋ ਕਿ ਸੁੰਦਰਤਾ ਕਿਸ ਵਿਚ ਹੈ? ਕੀ ਰੰਗ ਸੁੰਦਰਤਾ ਹੈ ਜਾਂ ਸੁਡੌਲਤਾ? ਚੰਮ ਸੁੰਦਰਤਾ ਹੈ ਜਾਂ ਇਸ ਦੀ ਨਰਮਾਈ ਤੇ ਕੋਮਲਤਾ? ਇਹ ਇਕ ਅਚੰਭਾ ਹੈ, ਜਿਸ ਦਾ ਕਾਰਣ ਲੱਭਣਾ ਔਖੀ ਹੈ। ਕਈ ਕਹਿਣਗੇ ਇਹ ਵੇਖਣ ਵਾਲੀਆਂ ਚੀਜ਼ਾਂ ਵਿਚ ਹੁੰਦੀ ਹੈ ਖਾਸ ਕਰਕੇ ਉਨ੍ਹਾਂ ਦੀ ਉਤਲੀ ਸਤ੍ਹਾ ਵਿਚ। ਕਈ ਕਹਿਣਗੇ ਨਹੀਂ, ਇਹ ਤਾ ਮਨੁੱਖੀ ਮਨ ਦੇ ਅੰਦਰ ਦਾ ਗੁੱਲ ਹੈ।

ਨੇਕੀ ਦਾ ਭਾਵ ਭੀ ਕਰਾਮਾਤ ਹੈ, ਕਿਉਂਕਿ ਇਸ ਨੂੰ ਭੀ ਅਸੀਂ ਦਲੀਲ ਦੀ ਕਸਵਟੀ ਉਤੇ ਨਹੀਂ ਚਾੜ੍ਹ ਸਕਦੇ। ਨੇਕ ਉਹ ਹੈ ਜੋ "ਅਪੁਨਾ ਬਿਗਾੜ ਬਿਗਾਨਾ ਸਾਂਢੈ।" ਕੀ ਇਹ ਆਮ ਵਿਚਾਰ ਦੇ ਅਨੁਕੂਲ ਹੈ? ਮੈਂ ਭਲਾ ਕਿਉਂ ਕਰਾਂ? ਕੀ ਲ਼ਾਭ ਦਾ ਖ਼ਿਆਲ ਹੀ ਨੇਕੀ ਦੀ ਅੰਸ਼ ਘਟਾ ਦਿੰਦਾ ਹੈ?

ਕੀ ਪਿਆਰ ਇਕ ਮੁਅਜ਼ਜਾ ਨਹੀਂ? ਕਿਸੇ ਤੀਵੀਂ ਜਾਂ ਮਰਦ ਵਿਚ ਬਹੁਤ ਗੁਣ ਨਾ ਭੀ ਹੋਣ, ਪਰ ਫੇਰ ਭੀ ਉਹ ਇਕ ਦੂਜੇ ਉਤੇ ਜਾਨ ਵਾਰਨ ਲਈ ਤਿਆਰ ਹੁੰਦੇ ਹਨ। ਇਕ ਦੂਜੇ ਨੂੰ ਵੇਖੇ ਬਿਨਾਂ ਰਹਿ ਨਹੀਂ ਸਕਦੇ। ਕੀ ਇਹ ਵਿਚਾਰ ਦੇ ਅਨੁਕੂਲ ਹੈ? ਕੀ ਆਮ ਲੋਕ ਇਨ੍ਹਾਂ ਪ੍ਰੇਮੀਆਂ ਨੂੰ ਦੇਖ ਕੇ ਕਹਿ ਸਕਦੇ ਹਨ ਕਿ ਇਨ੍ਹਾਂ ਦੀ ਖਿੱਚ ਵਿਚ ਵਾਜਬੀ ਕਾਰਨ ਮੌਜੂਦ ਹਨ? ਨਹੀਂ। ਤਾਂ ਫੇਰ ਪਿਆਰ ਮੁਅਜ਼ਜਾ ਹੀ ਹੋਇਆ ਨਾ, ਜੋ ਇਨ੍ਹਾਂ ਦੀਆਂ ਅੱਖਾਂ ਨੂੰ ਉਹ ਕੁਝ ਦਿਖਾ ਰਿਹਾ ਹੈ ਅਤੇ ਦਿਲਾਂ ਨੂੰ ਉਹ ਕੁਝ ਸਮਝਾ ਰਿਹਾ ਹੈ ਜੋ ਸਾਧਾਰਨ ਕਾਰਜ ਤੇ ਕਾਰਨ ਵਾਲੇ ਸੰਬੰਧ ਤੋਂ ਪਰ੍ਹੇ ਹੈ।

ਮੈਂ ਕਰਾਮਾਤ ਵਿਚ ਪੂਰੀ ਤਰ੍ਹਾਂ ਯਕੀਨ ਰੱਖਦਾ ਹਾਂ, ਜਦ ਮੈਂ ਖੜੋ ਕੇ ਵਾਹਿਗੁਰੂ ਅੱਗੇ ਬੇਨਤੀ ਕਰਦਾ ਹਾਂ ਕਿ ਹੇ ਪ੍ਰਭੂ! ਮੇਰੇ ਭਰਾ ਨੂੰ ਬਿਮਾਰੀ ਤੋਂ ਬਚਾ ਲੈ। ਜੇ ਮੈਂ ਕਰਾਮਾਤ ਵਿਚ ਯਕੀਨ ਨਾ ਕਰਦਾ ਤਾਂ ਡਾਕਟਰ ਦੀ ਦਵਾਈ ਉਤੇ ਪੂਰੀ ਤਰ੍ਹਾਂ ਭਰੋਸਾ ਕਰ ਕੇ ਰੱਬ ਦਾ ਬੂਹਾ ਨਾ ਖੜਕਾਂਦਾ। ਮੈਂ ਕਹਿੰਦਾ, ਜਿਸ ਕਰਕੇ ਬਿਮਾਰੀ ਆਈ ਹੈ ਜਦ ਉਹ ਕਾਰਨ ਦੂਰ ਹੋ ਜਾਣਗੇ ਤਾਂ ਆਪੇ ਅਰੋਗਤਾ ਆ ਜਾਵੇਗੀ। ਪਰ ਨਹੀਂ ਮੈਂ ਅਰਦਾਸ ਉਤੇ ਯਕੀਨ ਰੱਖਦਾ ਹਾਂ ਅਤੇ ਉਮੀਦ

ਕਰਦਾ ਹਾਂ ਕਿ ਰੱਬ ਮੇਰੇ ਤਰਲੇ ਸੁਣ ਕੇ ਬਹੁੜੇਗਾ ਅਤੇ ਸਭ ਕਾਰਨਾਂ ਵਿਚ ਦਖ਼ਲ ਦੇ ਕੇ ' ਕਰਾਮਾਤ" ਕਰੇਗਾ ਤੇ ਮੇਰੇ ਭਰਾ ਨੂੰ ਬਚਾ ਲਏਗਾ। ਅਰਦਾਸ ਵਿਚ ਯਕੀਨ ਕਰਨਾ ਕਰਾਮਾਤ ਨੂੰ ਮੰਨਣਾ ਹੈ। ਜਦੋਂ ਭੀ ਅਰਦਾਸ ਸੁਣੀ ਜਾਂਦੀ ਹੈ, ਮੁਅਜਜ਼ਾ ਹੁੰਦਾ ਹੈ। ਨਹੀਂ ਤਾਂ ਕੋਈ ਅਰਦਾਸ ਕਰੇ ਹੀ ਨਾ।

ਰੱਬ ਅਰਦਾਸ ਸੁਣਦਾ ਹੈ ਅਤੇ ਮੁਅਜਜ਼ਾ ਕਰਦਾ ਹੈ। ਪਰ ਕਰਦਾ ਆਪਣੀ ਕੁਦਰਤ ਦੇ ਰਾਹੋਂ ਹੈ। ਅਸੀਂ ਮੀਂਹ ਮੰਗਦੇ ਹਾਂ। ਰੱਬ ਮੀਂਹ ਪਾਂਦਾ ਹੈ ਪਰ ਕਿਵੇਂ? ਸਾਡੀ ਅਰਦਾਸ ਸੁਣ ਕੇ ਰੱਬ ਆਪਣੀ ਕੁਦਰਤ ਦੀਆਂ ਸਾਧਾਰਨ ਸ਼ਕਤੀਆਂ ਨੂੰ ਕੰਮ ਵਿਚ ਲਿਆਂਦਾ ਹੈ ਤੇ ਮੀਂਹ ਪਾਂਦਾ ਹੈ। ਮੀਂਹ ਖਰਿਓ ਨਹੀਂ ਵਰ੍ਹਦਾ। ਪਹਿਲਾਂ ਝੜ ਪੈਂਦਾ ਹੈ। ਫੇਰ ਉਸ ਵਿਚੋਂ ਕਣੀਆਂ ਵਸਦੀਆਂ ਹਨ। ਜੇ ਅੰਨ੍ਹਾ ਅਰਦਾਸ ਕਰੇ ਕਿ ਮੇਰੀਆਂ ਅੱਖਾਂ ਵੱਲ ਹੋ ਜਾਣ ਤਾਂ ਰੱਬ ਹਾਲਾਤ ਮੁਤਾਬਕ ਅਰਦਾਸ ਸੁਣਦਾ ਹੈ। ਅੰਨ੍ਹੇ ਦੀਆਂ ਅੱਖਾਂ ਨੌ ਬਰ ਨੌ ਹੋ ਜਾਂਦੀਆਂ ਹਨ। ਪਰ ਕਿਵੇਂ ? ਉਸ ਦੇ ਆਨਿਆਂ ਵਿਚ ਜਾਂ ਅੱਖਾਂ ਨੂੰ ਦਮਾਗ਼ ਨਾਲ ਜੋੜਨ ਵਾਲੀਆਂ ਨਾੜਾਂ ਵਿਚ ਜੋ ਖ਼ਰਾਬੀਆਂ ਸਨ ਓਹ ਦੂਰ ਹੋ ਕੇ ਪੁਰਾਣੇ ਸੰਬੰਧ ਜੁੜ ਜਾਂਦੇ ਹਨ। ਪਰ ਜੇ ਅੱਖਾਂ ਦੇ ਆਨੇ ਕੱਢੇ ਹੋਏ ਹੋਣ ਜਾਂ ਉਸ ਅੰਗ ਦੇ ਹੋਰ ਜ਼ਰੂਰੀ ਹਿੱਸੇ ਮੌਜੂਦ ਹੀ ਨਾ ਹੋਣ, ਤਾਂ ਉਨ੍ਹਾਂ ਅੰਦਰ ਸੁਜਾਖਾ ਹੋਣ ਦੀ ਤਬਦੀਲੀ ਨਹੀਂ ਹੋ ਸਕਦੀ। ਇਸ ਤਰ੍ਹਾਂ ਮੁਰਦੇ ਭੀ ਜ਼ਿੰਦਾ ਹੋ ਸਕਦੇ ਹਨ, ਪਰ ਸਾਧਾਰਨ ਕੁਦਰਤੀ ਤਰੀਕੇ ਨਾਲ ਅਰਥਾਤ ਮੌਤ ਦੇ ਥੋੜ੍ਹੇ ਚਿਰ ਪਿੱਛੋਂ (ਜਦੋਂ ਅਜੇ ਸਰੀਰ ਗਲਨਾ ਸੜਨਾ ਸ਼ੁਰੂ ਨਹੀਂ ਹੋਇਆ) ਅਰਦਾਸ ਦੇ ਜ਼ਰੀਏ ਰੱਬ ਦੀ ਰਜ਼ਾ ਨੂੰ ਪ੍ਰੇਰਿਆ ਜਾਏ ਤਾਂ ਹੋ ਸਕਦਾ ਹੈ ਕਿ ਸਰੀਰ ਦੀਆਂ ਨਾੜਾਂ ਵਿਚ ਲਹੂ ਫਿਰ ਗੇੜਾ ਲਾਣਾ ਸ਼ੁਰੂ ਕਰ ਦੇਵੇ। ਪਰ ਜੇ ਸਰੀਰ ਸੜ ਕੇ ਸੁਆਹ ਹੋ ਗਿਆ ਹੋਵੇ, ਤਾਂ ਇਹ ਮੁਅਜਜ਼ਾ ਨਹੀਂ ਹੋ ਸਕਦਾ, ਕਿਉਂਕਿ ਕੁਦਰਤ ਦੇ ਸਮਿਆਨ ਖਿੰਡ ਪੁੰਡ ਗਏ ਹਨ। ਅਸੀਂ ਇਹੋ ਜਿਹੇ ਮੁਅਜਜ਼ੇ ਜਿਥੇ ਭੀ ਕਿਤਾਬਾਂ ਵਿਚ ਲਿਖੇ ਪੜ੍ਹਦੇ ਹਾਂ, ਉਥੇ ਇਹ ਨਹੀਂ ਹੋਇਆ ਕਿ ਮੁਰਦੇ ਦਾ ਸਰੀਰ ਦਫ਼ਨ ਕੀਤਾ ਗਿਆ ਹੋਵੇ ਜਾਂ ਸਾੜ ਦਿੱਤਾ ਗਿਆ ਹੋਵੇ, ਤੇ ਫੇਰ ਸੁਰਜੀਤ ਕੀਤਾ ਗਿਆ ਹੋਵੇ।

ਇਸੇ ਤਰ੍ਹਾਂ ਦਰੱਖ਼ਤਾਂ ਵਿਚ ਕੌੜੇ ਰਸ ਦੀ ਥਾਂ ਕੁਦਰਤੀ ਤੌਰ ਤੇ ਮਿੱਠਾ ਰਸ ਵਹਿਣ ਲੱਗ ਪਏ ਤਾਂ ਸੰਭਵ ਹੈ, (ਜਿਵੇਂ ਗੁਰੂ ਨਾਨਕ ਸਾਹਿਬ ਨੇ ਕੌੜੇ ਰੀਠੇ ਦੇ

ਰੁੱਖ ਨੂੰ ਮਿੱਠਾ ਕਰ ਦਿੱਤਾ), ਪਰ ਕਿੱਕਰ ਨਾਲ ਜਲੇਬ ਨਹੀਂ ਲੱਗ ਸਕਦੇ। ਉਹੋ ਕਿੱਕਰ ਦੀਆਂ ਫਲੀਆਂ ਕੌੜੇ ਰਸ ਦੀ ਥਾਂ ਮਿੱਠੇ ਰਸ ਵਾਲੀਆਂ ਹੋ ਸਕਦੀਆਂ ਹਨ, ਪਰ ਇਹ ਨਹੀਂ ਹੋ ਸਕਦਾ ਕਿ ਕੜਾਹੀ ਵਿਚ ਤਲੀਣ ਵਾਲੀ ਮੈਦੇ ਦੀ ਚੀਜ਼ ਰੁੱਖ ਬਿਰਖ ਦਾ ਹਿੱਸਾ ਬਣ ਜਾਵੇ। ਇਹ ਕੁਦਰਤ ਦੇ ਨੇਮ ਦੇ ਉਲਟ ਹੈ। ਅਰਥਾਤ ਰੱਬ ਦੀ ਰਜ਼ਾ ਦੇ ਵਿਰੁੱਧ ਹੈ, ਇਸ ਲਈ ਅਸੰਭਵ ਹੈ।

ਅੱਗੋਂ ਰੱਬ ਦੀ ਰੱਬ ਜਾਣੇ।